# ਸਿੱਖ ਸਮਾਜ ਦੇ ਮਸਲੇ




ਲੇਖਕ: ਤਰਲੋਚਨ ਸਿੰਘ
ਸਾਬਕਾ ਐਮ.ਪੀ.

ਸੰਪਾਦਕ: ਉਜਾਗਰ ਸਿੰਘ

ਸਿੱਖ ਸਮਾਜ ਦੇ ਮਸਲੇ ਲੇਖਕ: ਤਰਲੋਚਨ ਸਿੰਘ ਸੰਪਾਦਕ: ਉਜਾਗਰ ਸਿੰਘ

# ਸਿੱਖ ਸਮਾਜ
# ਦੇ
# ਮਸਲੇ


ਲੇਖਕ
ਤਰਲੋਚਨ ਸਿੰਘ

ਸੰਪਾਦਕ
ਉਜਾਗਰ ਸਿੰਘ



ਪ੍ਰਕਾਸ਼ਕ
ਚੜ੍ਹਦੀਕਲਾ ਪਬਲੀਕੇਸ਼ਨਜ਼,
593, ਸੇਵਾ ਸਿੰਘ ਠੀਕਰੀਵਾਲਾ ਨਗਰ,
ਰਾਜਪੁਰਾ ਰੋਡ, ਪਟਿਆਲਾ

**ਇਸ ਲੇਖਕ ਦੀਆਂ ਪੁਸਤਕਾਂ:**

ਨੇੜਿਓਂ ਤੱਕਿਆ ਇਤਿਹਾਸ

ਸਾਜਨ ਦੇਸ ਵਿਦੇਸਅੜੇ

ਸਿੱਖੀ ਸੋਚ ਦੇ ਪਹਿਰੇਦਾਰ

**ਸਮਰਪਣ**

ਸਿੱਖ ਵਿਦਵਾਨ ਤੇ ਚਿੰਤਕ

ਪ੍ਰੋ. ਹਰਬੰਸ ਸਿੰਘ

ਨੂੰ

# SIKH SAMAJ DE MASLE

by

Tarlochan Singh

E-mail: tarlochan@tarlochansingh.com

Tarlochan@sansad.nic.in

H.No. 70-Mount Kailash, East of Kailash

New Delhi-110065

Editor

Ujagar Singh

E-mail: ujagarsingh48@yahoo.com

3078, Phase-II, Urban Estate Patiala-147002

Charhdikala Publilcations

E-mail: charhdikala@gmail.com

Phone :- 92166-04002, 98155-92166

ISBN: 978-93-84789-37-4

Price : 200/-

ਕੀਮਤ : 200/-

2016

Printed by

Shaheedeazam Printing Press Pvt. Ltd.

Chowk Gurudwara Dukhniwaran Sahib,

Sirhind Road, Patiala-147001

98146-32807

# ਤਤਕਰਾ


| | ਪੰਨਾ |
|---|---|
| ਦਸਤਾਵੇਜ਼ੀ ਪੁਸਤਕ | 7 |
| ਮੁਖ ਬੰਦ | 9 |
| ਭੂਮਿਕਾ | 11 |
| ਕੀ ਸਿਖਾਂ ਨੂੰ ਹਿੰਦੂਆਂ ਤੋਂ ਖ਼ਤਰਾ ਹੈ? | 13 |
| ਭੀਸ਼ਮ ਪਿਤਾਮਾ ਚੁੱਪ ਕਿਉਂ ਰਹੇ? | 18 |
| ਵੱਡੇ ਅਕਾਲੀ ਲੀਡਰ- ਪਾਰਟੀ ਤੋਂ ਬੇਮੁਖ ਹੁੰਦੇ ਰਹੇ | 21 |
| ਮਾਸਟਰ ਤਾਰਾ ਸਿੰਘ ਜਿਨਾਹ - ਮੁਲਾਕਾਤ | 25 |
| ਨਾਨਕ ਨਾਮ ਲੇਵਾ ਦੀ ਵਿਰਾਸਤ | 28 |
| ਹਿੰਦੂ ਸਿਖ ਭਾਈਚਾਰਾ | 31 |
| ਸ਼੍ਰੀ ਹਜ਼ੂਰ ਸਾਹਿਬ ਦਾ ਨਵਾਂ ਰੂਪ | 33 |
| ਸਿਖ ਐਜੂਕੇਸ਼ਨ ਕਾਨਫਰੰਸਾਂ ਦਾ ਇਤਿਹਾਸ | 39 |
| ਸੇਵਾ ਦੇ ਨਾਂ ਤੇ ਲੁਟ | 43 |
| ਨਿਰਮਲੇ ਸੰਤਾਂ ਦਾ ਸਿਖੀ 'ਚ ਯੋਗਦਾਨ | 46 |
| ਫੈਸਲਾ ਦੇਰੀ ਨਾਲ ਕਿਉਂ? | 49 |
| ਡੇਰਿਆਂ ਦਾ ਚੋਣਾਂ 'ਤੇ ਪ੍ਰਭਾਵ | 53 |
| ਅੰਮ੍ਰਿਤਸਰੀਆਂ ਦਾ ਅਰੁਣ ਜੇਤਲੀ ਵਿਰੁਧ ਗ਼ਲਤ ਫੈਸਲਾ | 56 |
| ਜਾਟ ਤੇ ਜੱਟਾਂ ਨੂੰ ਪਛੜੀਆਂ ਸ਼੍ਰੇਣੀਆਂ ਦਾ ਦਰਜਾ | 59 |
| ਕੀ ਸੰਦੇਸ਼ ਦਿੰਦਾ ਹੈ ਅਨੰਦਪੁਰ ਸਾਹਿਬ? | 62 |

ਸਿਖਾਂ ਵਿਚ ਧਾਰਮਿਕ ਏਕਤਾ ਜ਼ਰੂਰੀ 66
ਚੰਡੀਗੜ੍ਹ ਵਿਚ ਪੰਜਾਬੀਅਤ ਅਣਡਿੱਠ 70
ਕਾਂਗਰਸ ਦੀ ਦੋਗਲੀ ਨੀਤੀ 74
ਪਾਕਿਸਤਾਨੀ ਵਿੱਦਿਅਕ ਪੁਸਤਕਾਂ ਵਿਚ ਸਿਖ ਧਰਮ ਗਾਇਬ 77
ਸਿਖੀ ਦਾ ਪ੍ਰਚਾਰ: ਪੰਜਾਬੀ ਯੂਨੀਵਰਸਿਟੀ ਦਾ ਯੋਗਦਾਨ 81
ਨਮੂਨੇ ਦਾ ਸ਼ਿਵਾਲਿਕ ਕਾਲਜ 84
ਭਾਰਤੀ ਲੋਕਤੰਤਰ ਦੇ ਸੱਠ ਸਾਲ: ਇਕ ਪੜਚੋਲ 88
ਘੱਟ ਗਿਣਤੀਆਂ ਦੇ ਮਸਲੇ 95
ਅਨੁਸ਼ਾਸਨ ਰਾਧਾ ਸੁਆਮੀਆਂ ਤੋਂ ਸਿੱਖੋ 100
ਪਗੜੀ ਵਾਲੇ ਸਰਦਾਰਾਂ ਦੀ ਚੜ੍ਹਤ 103
ਕਾਂਗਰਸ - ਅਕਾਲੀ ਕਦੋਂ-ਕਦੋਂ ਇਕੱਠੇ ਰਹੇ 106
ਸਿਖ ਪਛਾਣ ਦੀ ਸਮੱਸਿਆ 111
ਦਰੱਖਤਾਂ ਦੇ ਨਾਂ 'ਤੇ ਇਤਿਹਾਸਕ ਗੁਰਦੁਆਰੇ 114
ਵਿਰਾਸਤੀ ਸਰੂਪ ਕਾਇਮ ਰੱਖੋ 117
ਬਾਬਰੀ ਮਸਜਦ ਦਾ ਗਿਰਾਣਾ 121
ਕੀ ਪੰਜਾਬ ਮੁੜ ਸੰਘਰਸ਼ ਵੱਲ ਵਧ ਰਿਹਾ ਹੈ? 124
ਪੰਡਤ ਜਵਾਹਰ ਲਾਲ ਨਹਿਰੂ ਤੇ ਪੰਜਾਬ 127
ਸਿੱਖੀ ਵਿਚ ਏਕਤਾ ਕਿਉਂ ਨਹੀਂ? 131

# ਦਸਤਾਵੇਜ਼ੀ ਪੁਸਤਕ

ਸ. ਤਰਲੋਚਨ ਸਿੰਘ ਕਿਸੇ ਜਾਣ-ਪਛਾਣ ਦੇ ਮੁਹਤਾਜ ਨਹੀਂ। ਇਕ ਸਫ਼ਲ ਪ੍ਰਸਾਸ਼ਕ, ਘੱਟ-ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਪ੍ਰਤੀਬੱਧ, ਇਕ ਦ੍ਰਿੜ੍ਹ ਤੇ ਦੂਰਦ੍ਰਿਸ਼ਟੀ ਵਾਲੇ ਪਾਰਲੀਮੈਂਟਰੀਅਨ, ਇਕ ਉਹ ਵਿਅਕਤੀ ਜਿਹੜੇ ਹਰ ਸਮੇਂ ਨਵੇਂ ਵਿਚਾਰਾਂ ਨੂੰ ਪੇਸ਼ ਕਰਨ, ਉਸ ਤੇ ਪਹਿਰਾ ਦੇਣ ਅਤੇ ਪੱਤਰਕਾਰੀ ਦੇ ਖੇਤਰ ਵਿਚ ਨਿਰੰਤਰ ਯੋਗਦਾਨ ਪਾਣ ਵਾਲੇ ਨਿਧੜਕ ਲੇਖਕ ਦੇ ਤੌਰ ਤੇ ਸਾਰਾ ਸਿੱਖ ਤੇ ਪੰਜਾਬੀ ਜਗਤ ਹੀ ਨਹੀਂ ਸਗੋਂ ਰਾਸ਼ਟਰੀ ਤੇ ਅੰਤਰਰਾਸ਼ਟਰੀ ਜਗਤ ਵਿਚ ਆਪਣੀ ਪੈਂਠ ਬਣਾ ਚੁੱਕੇ ਹਨ। ਪਰ ਹੱਕ ਤੇ ਸੱਚ ਦੇ ਪਹਿਰਾ ਦੇਣ ਦੀ ਲਗਨ ਨੇ ਉਨ੍ਹਾਂ ਨੂੰ ਪੁਸਤਕਾਂ ਦੇ ਰਚੇਤਾ ਦੇ ਰੂਪ ਵਿਚ ਵੀ ਲੋਕਾਂ ਵਿਚ ਪੇਸ਼ ਹੋਣ ਦਾ ਮੌਕਾ ਪ੍ਰਦਾਨ ਕੀਤਾ ਹੈ।

ਸ. ਤਰਲੋਚਨ ਸਿੰਘ ਦੀ ਸਿੱਖ ਸਮਾਜ ਦੇ ਮਸਲੇ ਚੌਥੀ ਪੁਸਤਕ ਨੇ ਉਨ੍ਹਾਂ ਦੀ ਪ੍ਰਤੀਬੱਧਤਾ ਨੂੰ ਸਮਰਥਾ ਪ੍ਰਦਾਨ ਕੀਤੀ ਹੈ। ਪਹਿਲੀਆਂ ਪੁਸਤਕਾਂ ਨੇੜਿਉਂ ਤੱਕਿਆ ਇਤਿਹਾਸ, ਸਾਜਨ ਦੇਸਿ ਵਿਦੇਸੜੇ ਅਤੇ ਸਿੱਖੀ ਸੋਚ ਦੇ ਪਹਿਰੇਦਾਰ ਮੂਲ ਤੌਰ ਤੇ ਇਕ ਧੁਰੇ ਦੇ ਦੁਆਲੇ ਹੀ ਘੁੰਮਦੀਆਂ ਹਨ। ਇਹਨਾਂ ਵਿਚਲੇ ਲੇਖ ਗਾਹੇ-ਬਗਾਹੇ ਦਰਪੇਸ਼ ਮਸਲਿਆਂ ਦੀ ਬੇਬਾਕ ਰਾਏ ਨਾਲ ਸਬੰਧਤ ਹਨ। ਸ. ਤਰਲੋਚਨ ਸਿੰਘ ਦੀ ਸਖ਼ਸ਼ੀਅਤ ਵਾਸਤਵ ਵਿਚ ਮਾਸਟਰ ਤਾਰਾ ਸਿੰਘ ਜੀ ਦੇ ਜੀਵਨ ਮਨੋਰਥ ਨਾਲ ਮੇਲ ਖਾਂਦੀ ਹੈ ਜਦੋਂ ਮਾਸਟਰ ਜੀ ਕਿਹਾ ਕਰਦੇ ਸਨ ਕਿ 'ਮੈਂ ਮਰਾਂ ਪੰਥ ਜੀਵੈ'। ਇਸੇ ਪ੍ਰਕਾਰ ਹੀ ਸਰਦਾਰ ਤਰਲੋਚਨ ਸਿੰਘ ਦਾ ਜੀਵਨ, ਸਖ਼ਸ਼ੀਅਤ ਤੇ ਕਿਰਦਾਰ ਪੰਥ ਪ੍ਰਸਤ ਹੈ ਪਰ ਇਸ ਪੰਥ ਪ੍ਰਸਤੀ ਵਿਚ ਬੇਲੋੜੀ ਰੂੜੀਵਾਦੀ ਸੋਚ ਨਹੀਂ, ਸਗੋਂ ਸਮਾਜਕ, ਰਾਜਨੀਤਕ ਤੇ ਧਾਰਮਕ ਪ੍ਰਸਥਿਤੀਆਂ ਦੇ ਬਦਲਦੇ ਪਰਿਪੇਖ ਨੂੰ ਮੌਜੂਦਾ ਲੋੜ ਅਨੁਸਾਰ ਢਾਲ ਕੇ ਪੇਸ਼ ਕੀਤਾ ਹੈ। ਇਨ੍ਹਾਂ ਲੇਖਾਂ ਵਿਚ ਸਿੱਖ ਭਾਈਚਾਰੇ, ਸਿੱਖ ਧਰਮ, ਦੇਸ਼ ਤੇ ਵਿਦੇਸ਼ ਵਿਚ ਸਿੱਖ ਮਸਲਿਆਂ ਨੂੰ ਤਾਰਕਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ।

ਨਿਰਸੰਦੇਹ ਸ. ਤਰਲੋਚਨ ਸਿੰਘ ਦਾ ਅਮਲੀ ਪੱਧਰ ਤੇ ਸਿੱਖ ਕੌਮ ਪ੍ਰਤੀ ਪ੍ਰਤੀਬੱਧਤਾ ਤੇ ਇਸ ਨੂੰ ਵਿਭਿੰਨ ਰੂਪ ਵਿਚ ਸੰਚਾਰਤ ਕਰਨ

ਦੀ ਚੇਸ਼ਟਾ ਦੇ ਫਲਸਰੂਪ ਹੀ ਸਿਖ ਸਮਾਜ ਦੇ ਮਸਲੇ ਪੁਸਤਕ ਦਾ ਜਨਮ ਹੋਇਆ ਜੋ ਕਿ ਸਿੱਖ ਮਸਲਿਆਂ ਸਬੰਧੀ ਗੰਭੀਰ ਪਾਠਕਾਂ ਲਈ ਲਾਹੇਵੰਦ ਸਿੱਧ ਹੋਵੇਗਾ। ਇਸ ਪੁਸਤਕ ਦੀ ਪ੍ਰਕਾਸ਼ਨਾ ਨਾਲ ਇਹ ਆਸ ਬੱਝੀ ਹੈ ਕਿ ਇਸ ਕਲਮ ਦੀਆਂ ਹੋਰ ਲਿਖਤਾਂ ਵੀ ਪੁਸਤਕ ਰੂਪ ਵਿਚ ਸਾਹਮਣੇ ਆਉਣਗੀਆਂ ਤੇ ਇਸ ਸਮੇਂ ਦੇ ਸਿੱਖ ਇਤਿਹਾਸ ਦੇ ਦਸਤਾਵੇਜ਼ ਦੇ ਰੂਪ ਵਿਚ ਇਹ ਮੂਲਵਾਨ ਸਮਗਰੀ ਦੇ ਰੂਪ ਵਿਚ ਅਗਲੀ ਪੀੜ੍ਹੀ ਦੇ ਇਤਿਹਾਸਕਾਰਾਂ ਤੇ ਬੁਧੀਜੀਵੀਆਂ ਲਈ ਪਥ ਪ੍ਰਦਰਸ਼ਨ ਦਾ ਕੰਮ ਕਰੇਗੀ।

ਇਸ ਪੁਸਤਕ ਦੀ ਪ੍ਰਕਾਸ਼ਨਾ ਦੀ ਸ. ਤਰਲੋਚਨ ਸਿੰਘ ਨੂੰ ਮੁਬਾਰਕਬਾਦ ਪੇਸ਼ ਕਰਦਾ ਹੋਇਆ ਇਹ ਆਸ ਕਰਦਾ ਹਾਂ ਕਿ ਭਵਿੱਖ ਵਿਚ ਅਜਿਹੀਆਂ ਹੋਰ ਦਸਤਾਵੇਜ਼ੀ ਪੁਸਤਕਾਂ ਪ੍ਰਾਪਤ ਹੋਣਗੀਆਂ। ਇਹ ਮੇਰਾ ਕਾਮਨਾ ਵੀ ਹੈ।

**ਸ.ਪ. ਸਿੰਘ**
ਸਾਬਕਾ ਉਪ-ਕੁਲਪਤੀ
ਗੁਰੂ ਨਾਨਕ ਦੇਵ ਯੂਨੀਵਰਸਿਟੀ
ਅੰਮ੍ਰਿਤਸਰ

# ਮੁੱਖ ਬੰਦ

ਸ. ਤਰਲੋਚਨ ਸਿੰਘ ਸਿੱਖ ਜਗਤ ਦੀ ਜਾਣੀ ਪਛਾਣੀ ਸ਼ਖਸ਼ੀਅਤ ਹਨ। ਉਨ੍ਹਾਂ ਨੂੰ ਜ਼ਿੰਦਗੀ ਦਾ ਸਮਾਜਿਕ, ਰਾਜਨੀਤਕ ਅਤੇ ਪ੍ਰਬੰਧਕੀ ਤਜਰਬਾ ਵਿਸ਼ਾਲ ਹੈ, ਜੋ ਉਨ੍ਹਾਂ ਦੇ ਵਿਅਕਤੀਤਵ ਨੂੰ ਨਿਖ਼ਾਰਨ ਵਿਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਹੈ। ਮੈਨੂੰ ਉਨ੍ਹਾਂ ਨੂੰ ਨਿੱਜੀ ਤੌਰ ਤੇ ਪਰਿਵਾਰਿਕ ਸੰਬੰਧਾਂ ਕਰਕੇ ਬੜਾ ਨੇੜਿਓਂ ਵੇਖਣ ਤੇ ਵਿਚਰਣ ਦਾ ਮਾਣ ਪ੍ਰਾਪਤ ਹੈ। ਉਹ ਅਕਸਰ ਅਖ਼ਬਾਰਾਂ ਵਿਚ ਸਿੱਖ ਧਰਮ ਅਤੇ ਸਿੱਖ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ ਲੇਖ ਲਿਖਦੇ ਰਹਿੰਦੇ ਹਨ। ਉਨ੍ਹਾਂ ਦੀ ਇੱਕ ਪੁਸਤਕ 'ਸਿੱਖੀ ਸੋਚ ਦੇ ਪਹਿਰੇਦਾਰ' ਮੈਂ ਪ੍ਰਕਾਸ਼ਤ ਕੀਤੀ ਸੀ। ਉਨ੍ਹਾਂ ਦੀ ਉਸ ਪੁਸਤਕ ਨੂੰ ਮੈਂ ਦੇਸ਼ ਵਿਦੇਸ਼ ਵਿਚ ਵਸਦੇ ਸਿੱਖਾਂ ਨੂੰ ਪੜ੍ਹਨ ਲਈ ਦਿੱਤੀ ਸੀ, ਜਿਸਦੀ ਸਿੱਖ ਹਲਕਿਆਂ ਵਿਚ ਬਹੁਤ ਜ਼ਿਆਦਾ ਚਰਚਾ ਹੋਈ। ਜਦੋਂ ਮੈਂ ਇੰਗਲੈਂਡ ਵਿਚ ਸਿੱਖ ਸੰਸਥਾਵਾਂ ਅਤੇ ਪਤਵੰਤੇ ਸਿਖਾਂ ਨੂੰ ਪੁਸਤਕ ਦਿੱਤੀ ਤਾਂ ਪੜ੍ਹਨ ਤੋਂ ਬਾਅਦ ਉਨ੍ਹਾਂ ਸ. ਤਰਲੋਚਨ ਸਿੰਘ ਦੇ ਵਿਚਾਰਾਂ ਦੀ ਪ੍ਰਸੰਸਾ ਕੀਤੀ ਅਤੇ ਮੇਰੇ ਕੋਲੋਂ ਸਿਖ ਸੰਗਤਾਂ ਨੇ ਹੋਰ ਪੁਸਤਕਾਂ ਦੀ ਮੰਗ ਕੀਤੀ। ਮੈਂ ਇਹ ਪੁਸਤਕ ਡਾ. ਮਨਮੋਹਨ ਸਿੰਘ ਸਾਬਕਾ ਪ੍ਰਧਾਨ ਮੰਤਰੀ, ਸਿੱਖ ਐਮ.ਪੀਜ਼., ਸਿੱਖ ਨੇਤਾਵਾਂ, ਲੇਖਕਾਂ ਅਤੇ ਹੋਰ ਪਤਵੰਤੇ ਵਿਦਵਾਨਾਂ ਨੂੰ ਵੀ ਦਿੱਤੀ। ਉਸ ਪੁਸਤਕ ਦੀ ਪ੍ਰਸੰਸਾ ਅਤੇ ਵਧਦੀ ਮੰਗ ਨੂੰ ਮੁੱਖ ਰਖਦਿਆਂ ਮੈਂ ਸ. ਤਰਲੋਚਨ ਸਿੰਘ ਨੂੰ ਬੇਨਤੀ ਕੀਤੀ ਹੈ ਕਿ ਉਹ ਜੇਕਰ ਹੋਰ ਪੁਸਤਕਾਂ ਪ੍ਰਕਾਸ਼ਤ ਕਰਨੀਆਂ ਚਾਹੁੰਦੇ ਹਨ ਤਾਂ ਮੈਂ ਉਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਾਂਗਾ। ਸ. ਉਜਾਗਰ ਸਿੰਘ ਨੇ ਸ. ਤਰਲੋਚਨ ਸਿੰਘ ਦੇ ਲੇਖਾਂ ਦੀ ਇਕ ਹੋਰ ਪੁਸਤਕ ' ਸਿੱਖ ਸਮਾਜ ਦੇ ਮਸਲੇ' ਸੰਪਾਦਤ ਕੀਤੀ ਹੈ। ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ ਅਤੇ ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਦਾ ਮਾਣ ਲੈ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਸਿੱਖ ਸਮਾਜ ਨੂੰ ਇਹ ਪੁਸਤਕ ਪਸੰਦ ਆਵੇਗੀ

ਕਿਉਂਕਿ ਇਸ ਪੁਸਤਕ ਵਿਚ ਉਨ੍ਹਾਂ ਨੇ ਸਿੱਖ ਪੰਥ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਸੋਚ ਸਮਝਕੇ ਫ਼ੈਸਲੇ ਲੈਣ ਦੀ ਤਾਕੀਦ ਕੀਤੀ ਹੈ। ਸ. ਤਰਲੋਚਨ ਸਿੰਘ ਦਲੇਰੀ ਨਾਲ ਅਜਿਹੇ ਭਖ਼ਦੇ ਸਿੱਖ ਮਸਲਿਆਂ ਤੇ ਲਿਖਣ ਦੀ ਹਿੰਮਤ ਰਖਦੇ ਹਨ, ਜਿਨ੍ਹਾਂ ਬਾਰੇ ਸਾਡੇ ਵਿਦਵਾਨ ਲਿਖਣ ਤੋਂ ਗੁਰੇਜ ਕਰਦੇ ਹਨ। ਤਰਲੋਚਨ ਸਿੰਘ ਦਾ ਮੰਨਣਾ ਹੈ ਕਿ ਜੇਕਰ ਅਸੀਂ ਸਿੱਖ ਧਰਮ ਵਿਚ ਆ ਰਹੀਆਂ ਤਰੁੱਟੀਆਂ ਬਾਰੇ ਖ਼ੁਦ ਚਰਚਾ ਕਰਕੇ ਉਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਨਹੀਂ ਕਰਾਂਗੇ ਤਾਂ ਆਉਣ ਵਾਲੀ ਪੀੜੀ ਨੂੰ ਸਿੱਧੇ ਰਸਤੇ ਪਾਉਣ ਤੋਂ ਅਸੀਂ ਅਣਗਹਿਲੀ ਕਰ ਰਹੇ ਹੋਵਾਂਗੇ। ਮੈਂ ਸ. ਤਰਲੋਚਨ ਸਿੰਘ ਨੂੰ ਇਹ ਪੁਸਤਕ ਲਿਖਣ ਤੇ ਵਧਾਈ ਦਿੰਦਾ ਹੋਇਆ ਕਾਮਨਾ ਕਰਦਾ ਹਾਂ ਕਿ ਪ੍ਰਮਾਤਮਾ ਉਨਾਂ ਨੂੰ ਤੰਦਰੁਸਤੀ ਬਖ਼ਸ਼ੇ ਤਾਂ ਜੋ ਉਹ ਸਿੱਖ ਸਮਾਜ ਨੂੰ ਇਸੇ ਤਰ੍ਹਾਂ ਸੁਚੱਜੀ ਅਗਵਾਈ ਦਿੰਦੇ ਰਹਿਣ।

ਜਗਜੀਤ ਸਿੰਘ ਦਰਦੀ

# ਭੂਮਿਕਾ

ਤਰਲੋਚਨ ਸਿੰਘ ਸਰਬਪੱਖੀ ਸ਼ਖ਼ਸੀਅਤ ਦਾ ਮਾਲਕ ਅਤੇ ਧਾਰਮਿਕ ਪ੍ਰਵਿਰਤੀ ਨੂੰ ਪ੍ਰਣਾਇਆ ਹੋਇਆ ਹੈ। ਸਿਖ ਧਰਮ ਦੇ, ਦਰਸ਼ਨ, ਸਿਧਾਂਤ ਅਤੇ ਸਰਬੱਤ ਦੇ ਭਲੇ ਦਾ ਹਾਮੀ ਹੈ ਪ੍ਰੰਤੂ ਇਸਦੇ ਨਾਲ ਹੀ ਉਹ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਦਾ ਹੈ। ਉਹ ਇਹ ਮੰਨਦਾ ਹੈ ਕਿ ਧਰਮ ਇਨਸਾਨ ਦਾ ਨਿੱਜੀ ਮਾਮਲਾ ਹੈ। ਹਰ ਇਕ ਵਿਅਕਤੀ ਨੂੰ ਆਪੋ ਆਪਣੇ ਧਰਮ ਵਿਚ ਪੱਕਾ ਹੋਣਾ ਚਾਹੀਦਾ ਹੈ। ਕਿਸੇ ਦੀ ਧਾਰਮਿਕ ਖੇਤਰ ਵਿਚ ਦਖ਼ਲਅੰਦਾਜ਼ੀ ਵਿਚ ਵਿਸ਼ਵਾਸ਼ ਨਹੀਂ ਰੱਖਦਾ, ਇਸੇ ਕਰਕੇ ਹਮੇਸ਼ਾਂ ਸਿਖ ਧਰਮ ਦੀਆਂ ਪਰੰਪਰਾਵਾਂ, ਅਸੂਲਾਂ ਅਤੇ ਰਹਿਤ ਮਰਿਆਦਾਵਾਂ ਤੇ ਪਹਿਰਾ ਦੇਣ ਦੀ ਗੱਲ ਨੂੰ ਅਹਿਮੀਅਤ ਦਿੰਦਾ ਹੈ। ਉਸ ਅਨੁਸਾਰ ਸਾਰੇ ਧਰਮਾਂ ਨੂੰ ਸਦਭਾਵਨਾ ਦਾ ਮਾਹੌਲ ਪੈਦਾ ਕਰਨਾ ਚਾਹੀਦਾ ਹੈ ਕਿਉਂਕਿ ਕੋਈ ਵੀ ਧਰਮ ਹਿੰਸਾ ਵਿਚ ਵਿਸ਼ਵਾਸ਼ ਨਹੀਂ ਰੱਖਦਾ। ਕਿਸੇ ਵੀ ਵਿਅਕਤੀ ਨੂੰ ਕੋਈ ਅਜਿਹੀ ਕਾਰਵਾਈ ਨਹੀਂ ਕਰਨੀ ਚਾਹੀਦੀ ਜਿਹੜੀ ਕਿਸੇ ਦਾ ਦਿਲ ਦੁਖਾਵੇ। ਉਹ ਆਪਣੀ ਜ਼ਿੰਦਗੀ ਅਤੇ ਸਰਕਾਰੀ ਨੌਕਰੀ ਦੇ ਲੰਮੇ ਤਜ਼ਰਬੇ ਦੇ ਅਧਾਰਤ ਜਾਣਕਾਰੀ ਭਰਪੂਰ ਲੇਖ ਅਖ਼ਬਾਰਾਂ ਲਈ ਲਿਖਦਾ ਰਹਿੰਦਾ ਹੈ, ਜਿਹੜੇ ਪਾਠਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੰਦੇ ਹਨ। ਉਸਦੇ ਲੇਖ ਵਿਲੱਖਣ ਵਿਸ਼ਿਆਂ ਤੇ ਹੁੰਦੇ ਹਨ ਜੋ ਨਵੀਆਂ ਪਰਤਾਂ ਖੋਲ੍ਹਦੇ ਹਨ ਕਿਉਂਕਿ ਉਸਨੇ ਭਾਰਤ ਹੀ ਨਹੀਂ ਸਗੋਂ ਸੰਸਾਰ ਦੇ ਸ਼ਕਤੀ ਦੇ ਧੁਰਾ ਮਹਾਨ ਵਿਅਕਤੀਆਂ ਦੀ ਕਾਰਗੁਜ਼ਾਰੀ ਨੂੰ ਬੜਾ ਨੇੜਿਓਂ ਵੇਖਿਆ ਅਤੇ ਉਨ੍ਹਾਂ ਨਾਲ ਕੰਮ ਕੀਤਾ ਹੈ। ਤਰਲੋਚਨ ਸਿੰਘ ਦੇ ਕੋਲ ਇਨ੍ਹਾਂ ਤਜ਼ਰਬਿਆਂ ਦੀਆਂ ਕਈ ਪਰਤਾਂ ਅਜੇ ਛੁਪੀਆਂ ਪਈਆਂ ਹਨ, ਜੇਕਰ ਉਹ ਇਨ੍ਹਾਂ ਅਣਛਪੀਆਂ ਗੱਲਾਂ ਦੀ ਪੁਸ਼ਟੀ ਕਰ ਦੇਣ ਤਾਂ ਆਮ ਲੋਕਾਂ ਨੂੰ ਸਿਆਸਤਦਾਨਾਂ ਦੇ ਕਿਰਦਾਰ ਬਾਰੇ ਸੰਪੂਰਨ ਜਾਣਕਾਰੀ ਮਿਲ ਸਕਦੀ ਹੈ। ਉਸਦਾ ਵਿਸ਼ਾਲ ਤਜ਼ਰਬਾ ਹੀ ਉਸਦੀ ਵਿਲੱਖਣਤਾ ਦਾ ਪ੍ਰਤੀਕ ਹੈ। ਉਹ ਬਿਖੜੇ ਪੈਂਡਿਆਂ ਦਾ ਪਾਂਧੀ ਅਤੇ ਆਪਣੀ ਪਗਡੰਡੀਆਂ ਬਣਾ ਕੇ ਉਨ੍ਹਾਂ ਤੇ ਚਲਣ ਦਾ ਆਦੀ ਹੈ ਭਾਵੇਂ ਉਸ ਦੇ ਰਸਤੇ ਵਿਚ ਕਿਤਨੀਆਂ ਮੁਸ਼ਕਿਲਾਂ ਆ ਕੇ ਚਟਾਨ ਦੀ ਤਰ੍ਹਾਂ ਖੜ੍ਹ ਜਾਣ। ਉਸ ਵਿਚ ਉਨ੍ਹਾਂ ਔਕੜਾਂ ਨੂੰ ਸਰ ਕਰਨ ਦੀ ਸਮਰੱਥਾ ਹੈ।

ਤਰਲੋਚਨ ਸਿੰਘ ਦੇ ਲੇਖਾਂ ਦੀ ਇਕ ਪੁਸਤਕ 'ਸਿਖੀ ਸੋਚ ਦੇ

ਪਹਿਰੇਦਾਰ' ਪ੍ਰਕਾਸ਼ਤ ਹੋ ਚੁੱਕੀ ਹੈ ਜਿਸ ਦੀ ਮੈਂ ਸੰਪਾਦਨਾ ਕੀਤੀ ਹੈ। ਸਿੱਖ ਸਮਾਜ ਦੇ ਮਸਲੇ ਮੇਰੇ ਵੱਲੋਂ ਸੰਪਾਦਤ ਕੀਤੀ ਜਾ ਰਹੀ ਤਰਲੋਚਨ ਸਿੰਘ ਦੀ ਦੂਜੀ ਪੁਸਤਕ ਹੈ। ਇਸ ਪੁਸਤਕ ਦੇ ਲੇਖਾਂ ਵਿਚ ਤਰਲੋਚਨ ਸਿੰਘ ਦੇ ਵਿਲੱਖਣ ਵਿਸ਼ਿਆਂ ਤੇ ਲਿਖੇ ਲੇਖ ਹਨ, ਜਿਹੜੇ ਸਿਖੀ ਵਿਚ ਪ੍ਰਣਾਏ ਹੋਏ ਵਿਅਕਤੀ ਵੱਲੋਂ ਸਿਖ ਵਿਦਵਾਨਾਂ ਨੂੰ ਸਿਖ ਮੁੱਦਿਆਂ ਤੇ ਗੰਭੀਰਤਾ ਨਾਲ ਸੋਚਣ ਲਈ ਪ੍ਰੇਰਤ ਕਰਨਗੇ ਕਿਉਂਕਿ ਸਿਖੀ ਵਿਚਾਰਧਾਰਾ ਤੇ ਆਮ ਤੌਰ ਤੇ ਸੰਵਾਦ ਨਹੀਂ ਕੀਤਾ ਜਾ ਰਿਹਾ ਜੋ ਕਿ ਅੱਜ ਦੇ ਸਮੇਂ ਦੀ ਮੰਗ ਹੈ। ਇਸੇ ਕਰਕੇ ਸਿਖ ਜਗਤ ਖ਼ਾਮਖ਼ਾਹ ਦੇ ਵਿਵਾਦਾਂ ਵਿਚ ਘਿਰ ਰਿਹਾ ਹੈ। ਤਰਲੋਚਨ ਸਿੰਘ ਦਾ ਮੰਨਣਾ ਹੈ ਕਿ ਜੇ ਸਿਖ ਹੀ ਆਪਣੀ ਵਿਚਾਰਧਾਰਾ ਬਾਰੇ ਉਠੇ ਵਿਵਾਦਾਂ ਬਾਰੇ ਸੰਵਾਦ ਕਰਕੇ ਕੋਈ ਨਤੀਜਾ ਨਹੀਂ ਕੱਢਣਗੇ ਤਾਂ ਹੋਰ ਧਰਮਾਂ ਦੇ ਵਿਦਵਾਨ ਆਪਦੀ ਮਰਜੀ ਅਨੁਸਾਰ ਅੰਦਾਜ਼ੇ ਲਗਾਉਣਗੇ ਜੋ ਕਿ ਸਿਖੀ ਨੂੰ ਠੇਸ ਪਹੁੰਚਾ ਸਕਦੇ ਹਨ। ਅਜੇਹੇ ਮੁਦਿਆਂ ਤੇ ਲਿਖਣਾ ਤਰਲੋਚਨ ਸਿੰਘ ਦੀ ਦਲੇਰੀ ਹੈ ਕਿਉਂਕਿ ਸਿਖ ਕਿੰਤੂ ਪ੍ਰੰਤੂ ਸੁਣਨ ਵਿਚ ਵਿਸ਼ਵਾਸ਼ ਹੀ ਨਹੀਂ ਰੱਖਦੇ। ਉਹ ਕਿੰਤੂ ਪ੍ਰੰਤੂ ਨੂੰ ਵੰਗਾਰ ਸਮਝ ਲੈਂਦੇ ਹਨ ਕਿਉਂਕਿ ਸਿਖ ਜ਼ਿਆਦਾ ਹੀ ਸੰਵੇਦਨਸ਼ੀਲ ਹਨ। ਪ੍ਰਤੀਕ੍ਰਿਆ ਬਹੁਤ ਜਲਦੀ ਕਰਦੇ ਹਨ। ਤਰਲੋਚਨ ਸਿੰਘ ਠੋਸ ਦਲੀਲ ਦੇ ਕੇ ਗੱਲ ਕਰਦਾ ਹੈ। ਇਨ੍ਹਾਂ ਲੇਖਾਂ ਵਿਚ ਤਰਲੋਚਨ ਸਿੰਘ ਨੇ ਵੱਡੇ ਸਿਖ ਸਿਆਸਤਦਾਨਾ, ਵਿਦਵਾਨਾ ਅਤੇ ਬੁਧੀਜੀਵੀਆਂ ਦੀ ਕਾਰਗੁਜ਼ਾਰੀ ਤੇ ਸਵਾਲੀਆ ਨਿਸ਼ਾਨ ਲਗਾਇਆ ਹੈ ਕਿ ਉਹ ਪੰਜਾਬ ਦੀ ਤ੍ਰਾਸਦੀ ਤੇ ਚੁੱਪੀ ਕਿਉਂ ਧਾਰੀ ਬੈਠੇ ਰਹੇ। ਭਖਦੇ ਮਸਲਿਆਂ ਨੂੰ ਸੰਜੀਦਗੀ ਨਾਲ ਨਹੀਂ ਲੈ ਰਹੇ। ਸਿਖ ਧਰਮ ਵਿਚ ਬੇਲੋੜੀ ਸਿਆਸਤ ਵੀ ਇਸ ਦਾ ਕਾਰਨ ਹੋ ਸਕਦੀ ਹੈ। ਪੰਜਾਬ ਦੀ ਸ਼ਾਂਤੀ ਨੂੰ ਵਿਗਾੜਨ ਲਈ ਹਿੰਦੂਆਂ ਅਤੇ ਸਿਖਾਂ ਵਿਚ ਪਾੜਾ ਪਾਇਆ ਜਾ ਰਿਹਾ ਹੈ। ਇਸ ਸਮੱਸਿਆ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ ਜਾ ਰਹੀ। ਸਿਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ ਅਤੇ ਧਰਮ ਨਿਰਪੱਖ ਧਰਮ ਹੈ, ਜਿਸਦੇ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਧਰਮਾਂ ਦਾ ਜ਼ਿਕਰ ਆਉਂਦਾ ਹੈ ਅਤੇ ਸਾਰੇ ਸੰਤਾਂ ਮਹਾਤਮਾਵਾਂ ਅਤੇ ਸੂਫੀਆਂ ਦੀ ਬਾਣੀ ਦਰਜ ਹੈ। ਇਹ ਪੁਸਤਕ ਸਪੱਸ਼ਟ ਕਰੇਗੀ ਕਿ ਸਿਖ ਧਰਮ ਦੇ ਦੋਖ਼ੀ ਜਾਣ ਬੁਝ ਕੇ ਅਜੀਬ ਕਿਸਮ ਦੇ ਕਿੰਤੂ ਪ੍ਰੰਤੂ ਕਰਕੇ ਸਿਖ ਧਰਮ ਦੇ ਵਿਸਤਾਰ ਵਿਚ ਰੁਕਾਵਟ ਕਿਉਂ ਬਣ ਰਹੇ ਹਨ ਅਤੇ ਸਿਖ ਭਾਈਚਾਰੇ ਦਾ ਅਕਸ ਖ਼ਰਾਬ ਕੀਤਾ ਜਾ ਰਿਹਾ ਹੈ। ਅਜਿਹਾ ਦਲੇਰੀ ਵਾਲਾ ਕਦਮ ਚੁੱਕਣ ਦਾ ਮਾਣ ਤਰਲੋਚਨ ਸਿੰਘ ਨੂੰ ਜਾਂਦਾ ਹੈ। ਮੈਂ ਮਹਿਸੂਸ ਕਰਦਾ ਹਾਂ ਪਾਠਕ ਇਸ ਪੁਸਤਕ ਤੇ ਗੰਭੀਰਤਾ ਨਾਲ ਪੜ੍ਹਕੇ ਫ਼ੈਸਲੇ ਲੈਣਗੇ।

**ਉਜਾਗਰ ਸਿੰਘ**

# ਕੀ ਸਿਖਾਂ ਨੂੰ ਹਿੰਦੂਆਂ ਤੋਂ ਖ਼ਤਰਾ ਹੈ?

ਕਈ ਸਾਲਾਂ ਤੋਂ ਇਕ ਆਵਾਜ਼ ਸੁਣ ਰਹੇ ਹਾਂ ਕਿ ਸਿਖ ਧਰਮ ਨੂੰ ਹਿੰਦੂਆਂ ਤੋਂ ਖਤਰਾ ਹੈ। ਜੋ ਗਰੁੱਪ ਇਸ ਪ੍ਰਚਾਰ ਵਿੱਚ ਲੱਗਾ ਹੈ ਉਹ ਇਤਿਹਾਸ ਨੂੰ ਵੀ ਵਿਗਾੜ ਕੇ ਐਸੇ ਢੰਗ ਨਾਲ ਪੇਸ਼ ਕਰ ਰਿਹਾ ਹੈ ਕਿ ਉਨ੍ਹਾਂ ਦੀ ਦਲੀਲ ਨੂੰ ਵਜ਼ਨ ਮਿਲੇ। ਜਦ ਕੋਈ ਵਿਦਵਾਨ ਜਾਂ ਪ੍ਰਚਾਰਕ ਇਸ ਵਿਸ਼ੇ 'ਤੇ ਬੋਲਦਾ ਹੈ ਤਾਂ ਸਾਫ ਲਫਜ਼ਾਂ ਵਿੱਚ ਹਿੰਦੂ ਕੌਮ ਨੂੰ ਸਿਖ ਦੁਸ਼ਮਣ ਕਰਾਰ ਦਿੰਦਾ ਹੈ। ਪਹਿਲਾਂ ਜਦ ਇਹ ਗੱਲ ਆਰੰਭ ਹੋਈ ਤਾਂ ਬ੍ਰਾਹਮਣਵਾਦ ਨੂੰ ਮੁੱਖ ਰੱਖਿਆ ਗਿਆ। ਬ੍ਰਾਹਮਣਵਾਦ ਹੀ ਸਿਖ ਅਸੂਲਾਂ ਵਿਰੋਧੀ ਮੰਨਿਆ ਗਿਆ। ਕਈ ਵਾਰ ਤਾਂ ਇਹ ਬੁਲਾਰੇ ਬ੍ਰਾਹਮਣਾਂ ਨੂੰ ਹੀ ਬੁਰਾ ਭਲਾ ਕਹਿੰਦੇ ਹਨ। ਅਸੀਂ ਇਹ ਭੁੱਲ ਗਏ ਕਿ ਅਨੇਕਾਂ ਬ੍ਰਾਹਮਣਾਂ ਨੇ ਸਿਖ ਧਰਮ ਨੂੰ ਅਪਣਾਇਆ ਸੀ। ਜਿਨ੍ਹਾਂ ਕਸ਼ਮੀਰੀ ਪੰਡਿਤਾਂ ਦੀ ਫਰਿਆਦ 'ਤੇ ਗੁਰੂ ਤੇਗ ਬਹਾਦਰ ਸੀਸ ਦੀ ਕੁਰਬਾਨੀ ਦੇਣ ਲਈ ਦਿੱਲੀ ਗਏ, ਉਹ ਸਾਰੇ ਪੰਡਤ ਸਿੰਘ ਸੱਜ ਗਏ ਸਨ। ਕਸ਼ਮੀਰ ਖਾਸ ਕਰਕੇ ਪੁਣਛ ਦੇ ਇਲਾਕੇ ਵਿੱਚ ਸਾਰੀ ਵਸੋਂ ਬ੍ਰਾਹਮਣਾਂ ਤੋਂ ਬਣੇ ਸਿਖਾਂ ਦੀ ਹੈ। ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਆਮ ਕਰਕੇ ਸਾਰੇ ਗ੍ਰੰਥੀ ਪਹਿਲਾਂ ਇਸ ਇਲਾਕੇ ਤੋਂ ਆਉਂਦੇ ਸੀ, ਤੇ ਉਹ ਬ੍ਰਾਹਮਣ ਜਾਤ ਦੇ ਸਨ।

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਬੜੇ ਬੜੇ ਵਿਦਵਾਨ ਤੇ ਯੋਧੇ ਬ੍ਰਾਹਮਣ ਸਿਖ ਹੋਏ ਹਨ। ਸਿਖ ਧਰਮ ਜਾਤ ਪਾਤ ਤੋਂ ਉੱਪਰ ਹੈ। ਫਿਰ ਸਾਡੇ ਆਗੂ ਕਿਸ ਮੂੰਹ ਨਾਲ ਬ੍ਰਾਹਮਣਾਂ ਨੂੰ ਨਿੰਦਦੇ ਹਨ। ਗੰਗੂ ਬ੍ਰਾਹਮਣ ਦੀ ਕਥਾ ਸੁਣ ਕੇ ਅਸੀਂ ਸਾਰੀ ਬ੍ਰਾਹਮਣ ਕੌਮ ਨੂੰ ਬਦਨਾਮ ਕਰਦੇ ਹਾਂ। ਹਰ ਜਾਤ ਦਾ ਬੰਦਾ ਜ਼ੁਰਮ ਕਰ ਸਕਦਾ ਹੈ। ਗਦਾਰ ਤਾਂ ਸਿਖਾਂ ਵਿੱਚ ਵੀ ਕਈ ਵਾਰ ਪੈਦਾ ਹੋਏ। ਕੀ ਅਸੀਂ ਸਾਰੇ ਸਿਖਾਂ ਨੂੰ ਮਾੜਾ ਕਹਿ ਸਕਦੇ ਹਾਂ? ਮੇਰੀ ਪਹਿਲੀ ਬੇਨਤੀ ਹੈ ਕਿ ਕੇਵਲ ਗੰਗੂ ਸ਼ਬਦ ਵਰਤਿਆ ਜਾਵੇ। ਹਾਂ ਗੰਗੂ ਨੌਕਰ ਆਖ ਸਕਦੇ ਹਾਂ। ਮੈਂ ਬੜਾ ਚਿਰ ਪਹਿਲਾਂ ਇਕ ਲੇਖ ਪੜ੍ਹਿਆ ਜਿਸ ਵਿੱਚ ਇਹ ਕਹਾਣੀ ਬਣਾਈ ਕਿ ਗੰਗੂ ਨੂੰ ਮੁਗਲ ਬਾਦਸ਼ਾਹ ਨੇ ਇਨਾਮ ਵਜੋਂ ਵੱਡੀ ਜ਼ਮੀਨ ਯੂ.ਪੀ. ਵਿੱਚ ਦਿੱਤੀ ਤੇ ਉਹ ਇਲਾਹਾਬਾਦ

ਵੱਸ ਗਿਆ ਤੇ ਉਸਦੀ ਔਲਾਦ ਪੰਡਤ ਮੋਤੀ ਲਾਲ ਤੇ ਪੰਡਤ ਜਵਾਹਰ ਲਾਲ ਨਹਿਰੂ ਸਨ।

ਕੋਈ ਸਵਾਲ ਕਰੇ ਪੰਡਤ ਨਹਿਰੂ ਦੇ ਪਰਿਵਾਰ ਦਾ ਸਾਰਾ ਸ਼ਜਰਾ ਨਸਰ ਜੋ ਉਨ੍ਹਾਂ ਦਾ ਪਿਛੋਕੜ ਕਸ਼ਮੀਰ ਤੋਂ ਛਪਿਆ ਮਿਲਦਾ ਹੈ। ਪਰ ਇਹ ਮਿਸਾਲ ਸਾਡੇ ਕਈ ਗ਼ੈਰ ਜਿੰਮੇਵਾਰ ਲਿਖਾਰੀਆਂ ਦੀ ਸੋਚ ਨੂੰ ਉਜਾਗਰ ਕਰਦੀ ਹੈ। ਗੁਰੂ ਅਰਜਨ ਦੇਵ ਦੀ ਸ਼ਹਾਦਤ ਦਾ ਹੁਕਮ ਬਾਦਸ਼ਾਹ ਜਹਾਂਗੀਰ ਦਿੰਦਾ ਹੈ। ਇਹ ਤੁਜ਼ਕੇ ਜਹਾਂਗੀਰੀ ਵਿੱਚ ਦਰਜ ਹੈ, ਕੋਈ ਵੀ ਪੜ੍ਹ ਸਕਦਾ ਹੈ। ਪਰ ਹਰ ਕੋਈ ਚੰਦੂ ਨੂੰ ਸ਼ਹਾਦਤ ਦਾ ਕਾਰਨ ਦੱਸ ਕੇ ਮੁਗਲ ਸਰਕਾਰ ਨੂੰ ਦੋਸ਼ ਤੋਂ ਮੁਕਤ ਕਰਦਾ ਹੈ। ਇਤਿਹਾਸ ਨੂੰ ਵਿਗਾੜਨ ਦੇ ਜ਼ਿੰਮੇਵਾਰ ਅਸੀਂ ਆਪ ਹੀ ਬਣ ਰਹੇ ਹਾਂ। ਪਿੱਛੇ ਜਿਹੇ ਕਿਸੇ ਇਹ ਵੀ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਔਰੰਗਜ਼ੇਬ ਨੂੰ ਪਤਾ ਨਹੀਂ ਸੀ।

ਇਹਨਾਂ ਨਵੀਆਂ ਸਾਜ਼ਸ਼ਾਂ ਨੂੰ ਸਮਝਣ ਦੀ ਖੇਚਲ ਕਰੋ। ਲੇਖ ਦੇ ਮੁੱਖ ਮੁੱਦੇ ਵੱਲ ਨਜ਼ਰ ਮਾਰੋ ਕਿ ਇਹ ਸੱਚ ਨਹੀਂ, ਕਿ ਸਾਰੇ ਸਿਖ ਹਿੰਦੂ ਧਰਮ ਤੋਂ ਆਏ ਹਨ? ਕਈ ਮੁਸਲਮਾਨ ਜਾਂ ਈਸਾਈ ਤੋਂ ਸਿਖ ਸਜੇ ਹਨ। ਹਿੰਦੂ ਸਾਡੀ ਪਨੀਰੀ ਰਹੀ ਹੈ। ਸਾਰਾ ਇਤਿਹਾਸ ਪੜ੍ਹੋ, ਪੰਜਾਬ, ਅਫਗਾਨਿਸਤਾਨ, ਸਿੰਧ, ਕਸ਼ਮੀਰ ਵਿੱਚ ਸੰਗਤ ਹਿੰਦੂਆਂ ਦੀ ਹੀ ਸੀ। ਸਾਰੀ ਸੰਗਤ ਗੁਰੂ ਮਹਾਰਾਜ ਨੂੰ ਇਸ਼ਟ ਮੰਨਦੀ ਤੇ ਨਜ਼ਰਾਨੇ ਪੇਸ਼ ਕਰਦੀ ਫਿਰ ਜਦੋਂ ਸਿੰਘ ਸਜੇ 1699 ਵਿੱਚ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੇ ਭਾਰਤ ਤੋਂ ਪੰਜ ਹਿੰਦੂ ਹੀ ਪਹਿਲੇ ਪੰਜ ਪਿਆਰੇ ਸਾਜੇ। ਮੁਗਲਾਂ ਹੱਥੋਂ, ਫਿਰ ਨਾਦਰ ਸ਼ਾਹ ਅਤੇ ਅਬਦਾਲੀ ਦੇ ਜ਼ੁਲਮ ਸਮੇਂ ਕੌਣ ਸਿਖਾਂ ਦੀ ਮਦਦ ਕਰਦਾ ਸੀ। ਇਕ ਵਾਰ ਤਾਂ ਸਾਰੇ ਸਿਖਾਂ ਨੂੰ ਖਤਮ ਕਰਨ ਦਾ ਐਲਾਨ ਹੋਇਆ। ਜਦ ਬੋਤਾ ਸਿੰਘ ਦੀ ਬਹਾਦਰੀ ਦੀ ਕਥਾ ਸੁਣਦੇ ਹਾਂ ਉਸ ਵਕਤ ਸਿਖ ਕਿੱਥੋਂ ਆਏ। ਹਿੰਦੂ ਹੀ ਸਿਖ ਸਜੇ ਸਨ ਤੇ ਮੁੜ ਸਾਡੀ ਚੜ੍ਹਤ ਹੋਈ।

ਮੈਂ ਪਾਕਿਸਤਾਨ ਦਾ ਜੰਮਪਲ ਹਾਂ। ਸਾਡੇ ਸਾਰੇ ਇਲਾਕੇ ਵਿੱਚ ਹਰ ਹਿੰਦੂ ਸਹਿਜਧਾਰੀ ਸਿਖ ਸੀ। ਸਾਰਾ ਸਿੰਧ ਗੁਰੂ ਨਾਨਕ ਨਾਮ ਲੇਵਾ ਸੀ। ਅੱਜ ਕਦੇ ਦਿੱਲੀ ਵਿਚ ਨਜ਼ਰ ਮਾਰੋ, ਹਰ ਰੋਜ਼ ਅਨੇਕਾਂ ਹਿੰਦੂ ਪਰਿਵਾਰ ਗੁਰਦੁਆਰੇ ਭੋਗ ਪਾਉਂਦੇ ਹਨ। ਬੰਗਲਾ ਸਾਹਿਬ ਰੋਜ਼ ਦੀ ਹਾਜ਼ਰੀ ਵਿਚ ਆ ਕੇ ਵੇਖੋ, ਕਿਤਨੇ ਹਿੰਦੂ ਪਰਿਵਾਰ ਹਨ। ਕੀ ਵਿਗਾੜਿਆ ਹੈ ਸਾਡਾ ਹਿੰਦੂਆਂ ਨੇ। ਕੀ ਹਿੰਦੂ, ਸਿਖ ਨੌਜਵਾਨਾਂ ਨੂੰ ਜਾਂ ਸਕੂਲ ਦੇ ਵਿਦਿਆਰਥੀਆਂ ਨੂੰ ਪਤਿਤ ਹੋਣ ਦਾ ਪ੍ਰਚਾਰ ਕਰਦੇ ਹਨ। ਕੀ ਕਿਧਰੇ ਸੁਣਿਆ ਹੈ ਕਿ ਕੋਈ

ਹਿੰਦੂ ਸਿਖ ਨੂੰ ਹਿੰਦੂ ਬਣਨ ਦੀ ਪ੍ਰੇਰਨਾ ਕਰ ਰਿਹਾ ਹੋਵੇ। ਈਸਾਈ ਮੱਤ ਵਾਲੇ ਹਰ ਥਾਂ ਪੂਰੇ ਜ਼ੋਰ ਨਾਲ ਧਰਮ ਪਰਿਵਰਤਨ ਕਰਨ ਦਾ ਯਤਨ ਕਰਦੇ ਹਨ। ਜਦ ਮੈਂ ਮਿਨਾਰਟੀ ਕਮਿਸ਼ਨ ਵਿਚ ਸੀ ਤਾਂ ਬੜੇ ਕੇਸ ਇਹੋ ਜਿਹੇ ਆਏ। ਜਦ 1947 ਵਿਚ ਭਾਰਤ ਆਜ਼ਾਦ ਹੋਇਆ ਤਾਂ ਸਿਖ ਉਜੜ ਕੇ ਆਏ ਤਾਂ ਸਾਰੇ ਭਾਰਤ ਵਿਚ ਸਾਡੀ ਕਦਰ ਕਿਸ ਨੇ ਪਾਈ, ਹਿੰਦੂਆਂ ਨੇ। ਸਿਖ ਭਾਰਤ ਦੇ ਹਰ ਕੋਨੇ ਵਿਚ ਜਾ ਵਸਿਆ। ਰੋਜ਼ਗਾਰ ਕੀਤਾ, ਵੱਡੇ ਖੇਤੀ ਦੇ ਫਾਰਮ ਬਣਾਏ, ਹਰ ਥਾਂ ਗੁਰਦੁਆਰਾ ਬਣਾਇਆ।

ਇਹ ਸਾਰੀ ਸਾਡੀ ਚੜ੍ਹਤ ਤੇ ਮੁੜ ਵਸੇਬਾ ਹਿੰਦੂਆਂ ਨੇ ਸਾਨੂੰ ਆਪਣਾ ਭਰਾ ਸਮਝ ਕੇ ਅੱਗੇ ਆਉਣ ਵਿਚ ਸਾਡੀ ਮਦਦ ਕੀਤੀ। ਹਾਂ ਜਦ ਪੰਜਾਬ ਵਿਚ ਖੂਨ ਖਰਾਬਾ ਤੇ ਝਗੜੇ ਵਧੇ ਤਾਂ ਉਸ ਵਕਤ ਸਾਨੂੰ ਕਈ ਓਪਰਾ ਸਮਝਣ ਲੱਗੇ। ਪਰ ਫਿਰ ਵੀ ਪੰਜਾਬੋਂ ਬਾਹਰ ਸਿਖਾਂ ਪ੍ਰਤੀ ਕੋਈ ਘਿਰਣਾ ਨਹੀਂ ਸੀ। ਆਮ ਕਰਕੇ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਹਿੰਦੂ ਲੀਡਰ, ਸਿਖਾਂ ਨੂੰ ਹਿੰਦੂ ਧਰਮ ਦਾ ਅੰਗ ਸਮਝਦੇ ਹਨ। ਇਹ ਇਕ ਐਸਾ ਸਵਾਲ ਹੈ ਜਿਸ ਨੂੰ ਬਾਰੀਕੀ ਨਾਲ ਸਮਝਣ ਦੀ ਲੋੜ ਹੈ। ਆਰ. ਐਸ. ਐਸ. ਵਾਲੇ ਹਰ ਸ਼ਾਖਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਰੱਖਦੇ ਹਨ। ਉਨ੍ਹਾਂ ਦੇ ਸ਼ਬਦ ਗਾਇਨ ਕਰਦੇ ਹਨ। ਉਹ ਘਿਰਣਾ ਨਾਲ ਨਹੀਂ, ਸਗੋਂ ਸਤਿਕਾਰ ਨਾਲ ਸਿਖਾਂ ਨੂੰ ਆਪਣਾ ਮੰਨਦੇ ਹਨ। ਇਸ ਨਾਲ ਸਾਡਾ ਕੀ ਵਿਗੜਦਾ ਹੈ? ਕੀ ਉਹ ਸਾਨੂੰ ਸਿਖ ਮਤ ਛੱਡਣ ਦੀ ਅਪੀਲ ਕਰਦੇ ਹਨ ਜਾਂ ਗੁਰੂ ਗ੍ਰੰਥ ਸਾਹਿਬ ਪ੍ਰਤੀ ਕੁੱਝ ਗ਼ਲਤ ਆਖਦੇ ਹਨ?

ਕੀ ਉਹ ਪਤਿਤ ਹੋਣ ਦੀ ਸਲਾਹ ਦਿੰਦੇ ਹਨ? ਫਿਰ ਕੀ ਦੁਸ਼ਮਣੀ ਕਰ ਰਹੇ ਹਨ। ਮੈਂ ਲਿਖਤੀ ਰੂਪ ਵਿਚ ਆਰ. ਐਸ. ਐਸ. ਤੋਂ ਬਿਆਨ ਲਿਆ ਸੀ ਕਿ ਸਿਖ ਇਕ ਵੱਖਰਾ ਧਰਮ ਹੈ ਤੇ ਉਹ ਉਸ ਨੂੰ ਮੰਨਦੇ ਹਨ। ਫਿਰ ਅਸੀਂ ਕਿਸ ਕਾਰਨ ਉਨ੍ਹਾਂ ਦੀ ਨਿੰਦਿਆ ਕਰਦੇ ਹਾਂ। ਕਈ ਮੁਸਲਮਾਨ ਸਾਨੂੰ ਭਰਾ ਆਖਦੇ ਹਨ, ਕੀ ਅਸੀਂ ਉਨ੍ਹਾਂ ਨੂੰ ਮਨ੍ਹਾਂ ਕਰੀਏ?

ਇਕ ਮਸਲਾ ਹੈ ਧਾਰਾ 25 ਭਾਰਤੀ ਵਿਧਾਨ ਦਾ। ਇਹ ਵਿਧਾਨ 1950 ਵਿਚ ਲਾਗੂ ਹੋਇਆ ਉਸ ਵਕਤ ਜਿਸ ਨੇ ਇਹ ਡਰਾਫਟ ਕੀਤਾ, ਉਸ ਦੀ ਜਾਣਕਾਰੀ ਦੀ ਘਾਟ ਕਾਰਨ ਇਕ ਸਬ ਕਲਾਜ਼ ਪਾਈ ਗਈ। ਮੁੱਖ ਧਾਰਾ ਵਿਚ ਕੁੱਝ ਨਹੀਂ ਹੈ। ਦੂਜੀ ਮੱਤ ਵਿਚ ਧਾਰਮਿਕ ਅਸਥਾਨਾਂ ਵਿਚ ਆਉਣ ਜਾਣ ਸਬੰਧੀ ਦਰਜ ਹੈ। ਉਸ ਵਿਚ ਸਿਖ, ਜੈਨੀ ਤੇ ਬੋਧੀਆਂ ਨੂੰ ਹਿੰਦੂਆਂ ਨਾਲ ਜੋੜ ਦਿੱਤਾ ਗਿਆ ਹੈ। ਡਾ. ਅੰਬੇਦਕਰ ਵਿਧਾਨਕਾਰ ਸਨ।

ਇਸ ਮਦ ਕਾਰਨ ਅਸੀਂ ਇਹ ਮਤਲਬ ਨਹੀਂ ਕੱਢ ਸਕਦੇ ਕਿ ਵਿਧਾਨ ਬਣਾਉਣ ਵਾਲੇ ਸਿਖਾਂ ਵਿਰੁੱਧ ਸਨ। ਉਨ੍ਹਾਂ ਦੀ ਕੋਈ ਮਨਸ਼ਾ ਵੀ ਸਾਡੇ ਉਲਟ ਨਹੀਂ ਸੀ। ਵਿਧਾਨ ਵਿਚ ਸੋਧ ਕਰਨ ਵਾਲੀ ਕਮੇਟੀ ਨੇ ਇਸ ਮੱਦ ਨੂੰ ਬਦਲਣ ਦੀ ਸਿਫਾਰਸ਼ ਕਰ ਦਿੱਤੀ ਹੈ। ਮੈਂ ਪਾਰਲੀਮੈਂਟ ਵਿਚ ਇਸ ਬਾਰੇ ਮਤਾ ਵੀ ਪਾ ਰੱਖਿਆ ਸੀ। ਤਬਦੀਲੀ ਭਾਰਤ ਸਰਕਾਰ ਨੇ ਕਰਨੀ ਹੈ ਇਸ ਵਿਚ ਹਿੰਦੂਆਂ ਦਾ ਕੋਈ ਦੋਸ਼ ਨਹੀਂ ਹੈ।

ਪੰਜਾਬ ਵਿਚ ਸਿਆਸੀ ਲੜਾਈਆਂ ਨੂੰ ਮੁੱਖ ਰੱਖ ਕੇ ਕਈ ਵਾਰ ਹਿੰਦੂ ਸਿਖਾਂ ਵਿਚ ਤਲਖੀ ਵੀ ਹੁੰਦੀ ਰਹਿੰਦੀ ਹੈ। ਦੋਹਾਂ ਪਾਸਿਆਂ ਤੋਂ ਕਈ ਗੈਰ ਜ਼ਿੰਮੇਵਾਰ ਛੋਟੀ-ਛੋਟੀ ਗੱਲ ਤੋਂ ਲੜ ਪੈਂਦੇ ਹਨ। ਸਾਰੇ ਤੱਥ ਸਮਝਣ ਦੀ ਲੋੜ ਹੈ। ਕਈ ਲੇਖਕ ਬਹਾਨੇ ਲੱਭਦੇ ਹਨ। ਗੁਰਬਾਣੀ ਵਿਚ ਸਾਰੇ ਪਿਛੋਕੜ ਦਾ ਵਰਣਨ ਹੈ। ਕਿਧਰੇ ਵੀ ਕਿਸੀ ਦੀ ਵਿਰੋਧਤਾ ਨਹੀਂ। ਸਾਡੇ ਵਿਚ ਐਸੇ ਵੀ ਹਨ ਜੋ ਅਰਦਾਸ 'ਤੇ ਇਤਰਾਜ਼ ਕਰ ਰਹੇ ਹਨ। ਗੁਰੂ ਦੇ ਸ਼ਬਦਾਂ ਨੂੰ ਵੀ ਚਿੰਨ੍ਹ ਲਗਾ ਰਹੇ ਹਨ। ਹਿੰਦੂ, ਦੁਸ਼ਮਣੀ ਪ੍ਰਗਟ ਕਰਨ ਲਈ ਮਨਘੜਤ ਕਹਾਣੀਆਂ ਬਣਾ ਰਹੇ ਹਾਂ।

ਇਹ ਸਭ ਕਿਸ ਵਾਸਤੇ ਹੈ? ਸਾਡਾ ਉਦੇਸ਼ ਕੀ ਹੈ? ਕਮਜ਼ੋਰੀਆਂ ਸਾਡੇ ਸਮਾਜ ਵਿਚ ਆ ਚੁੱਕੀਆਂ ਹਨ। ਪਤਿਤ ਸਾਡੇ ਬੱਚੇ ਹੋ ਰਹੇ ਹਨ। ਉਧਰ ਗਿਆਨ ਨਹੀਂ। ਘਰ ਵਿਚ ਅੱਗ ਲੱਗੀ ਹੈ। ਨਿਘਾਰ ਵੇਖੋ, ਨੌਜਵਾਨ ਜੋ ਖਿਲਾੜੀ ਹਨ, ਕੇਸ ਰੱਖਣ ਵਾਲਾ ਵਿਰਲਾ ਹੀ ਹੈ। ਹਾਕੀ, ਫੁੱਟਬਾਲ, ਪਹਿਲਵਾਨ ਤੇ ਹੁਣ ਕਬੱਡੀ ਵਾਲੇ ਕਿਧਰੇ ਸਿਖ ਨਜ਼ਰ ਆਉਂਦਾ ਹੈ? ਕੀ ਇਹ ਹਿੰਦੂਆਂ ਨੇ ਕੀਤਾ ਹੈ? ਕਦੇ ਸੋਚੋ, ਬਿਨ੍ਹਾਂ ਮਤਲਬ ਆਪਣੇ ਦੁਸ਼ਮਣ ਪੈਦਾ ਨਾ ਕਰੋ। ਸਹਿਜਧਾਰੀਆਂ ਨੂੰ ਲੋੜੀਂਦਾ ਸਤਿਕਾਰ ਤੇ ਹੱਕ ਦੇਵੋ, ਉਹ ਕਿਧਰੇ ਖਤਮ ਨਾ ਹੋ ਜਾਣ। ਜੇ ਉਹ ਗਲੇ ਲੱਗ ਗਏ ਤਾਂ ਉਨ੍ਹਾਂ ਦੀ ਗਿਣਤੀ ਵਧੇਗੀ। ਇਸ ਨਾਲ ਸਾਡਾ ਭਾਈਚਾਰਾ ਹੋਰ ਵਧੇਗਾ। ਗੁਰੂ ਨਾਨਕ ਨਾਮ ਲੇਵਾ ਕਰੋੜਾਂ ਹਨ। ਉਨ੍ਹਾਂ ਦੀ ਕਦਰ ਕਰੋ, ਇਨ੍ਹਾਂ ਨੂੰ ਗੁਰੂ ਦੀ ਬਖਸ਼ਿਸ਼ ਦੇ ਅਧਿਕਾਰੀ ਬਣਨ ਤੋਂ ਨਾ ਰੋਕੋ। ਮੇਰੀ ਬੇਨਤੀ 'ਤੇ ਵਿਚਾਰ ਦੀ ਲੋੜ ਹੈ।

ਕੀ ਕਿਧਰੇ ਸੁਣਿਆ ਹੈ ਕਿ ਕੋਈ ਹਿੰਦੂ, ਸਿਖ ਨੂੰ ਹਿੰਦੂ ਬਣਨ ਦੀ ਪ੍ਰੇਰਨਾ ਕਰ ਰਿਹਾ ਹੋਵੇ। ਈਸਾਈ ਮੱਤ ਵਾਲੇ ਹਰ ਥਾਂ ਪੂਰੇ ਜ਼ੋਰ ਨਾਲ ਧਰਮ ਪਰਿਵਰਤਨ ਕਰਨ ਦਾ ਯਤਨ ਕਰਦੇ ਹਨ। ਜਦ ਮੈਂ ਮਿਨਾਰਟੀ ਕਮਿਸ਼ਨ ਵਿਚ ਸੀ ਤਾਂ ਬੜੇ ਕੇਸ ਇਹੋ ਜਿਹੇ ਆਏ। ਜਦ 1947 ਵਿਚ ਭਾਰਤ ਅਜ਼ਾਦ ਹੋਇਆ ਤਾਂ ਸਿਖ ਉਜੜਕੇ ਆਏ ਤਾਂ ਸਾਰੇ ਭਾਰਤ ਵਿਚ ਸਾਡੀ

ਕਦਰ ਕਿਸ ਨੇ ਪਾਈ, ਹਿੰਦੂਆਂ ਨੇ। ਸਿਖ ਭਾਰਤ ਦੇ ਹਰ ਕੋਨੇ ਵਿਚ ਜਾ ਵਸਿਆ।

ਪੰਜਾਬ ਵਿਚ ਸਿਆਸੀ ਲੜਾਈਆਂ ਨੂੰ ਮੁੱਖ ਰੱਖ ਕੇ ਕਈ ਵਾਰ ਹਿੰਦੂ-ਸਿਖਾਂ ਵਿਚ ਤਲਖੀ ਵੀ ਹੁੰਦੀ ਰਹਿੰਦੀ ਹੈ। ਪਰ ਇਹ ਕਦੇ ਵੱਡੇ ਰੂਪ ਵਿਚ ਨਹੀਂ ਆਈ। ਦੋਹਾਂ ਪਾਸਿਆਂ ਤੋਂ ਕਈ ਗੈਰ ਜ਼ਿੰਮੇਵਾਰ ਛੋਟੀ-ਛੋਟੀ ਗੱਲ ਤੋਂ ਲੜ ਪੈਂਦੇ ਹਨ। ਸਾਰੇ ਤੱਥ ਸਮਝਣ ਦੀ ਲੋੜ ਹੈ। ਕਈ ਲੇਖਕ ਬਹਾਨੇ ਲੱਭਦੇ ਹਨ। ਗੁਰਬਾਣੀ ਵਿਚ ਸਾਰੇ ਪਿਛੋਕੜ ਦਾ ਵਰਣਨ ਹੈ। ਕਿਧਰੇ ਵੀ ਕਿਸੀ ਦੀ ਵਿਰੋਧਤਾ ਨਹੀਂ। ਸਾਡੇ ਵਿਚ ਐਸੇ ਵੀ ਹਨ ਜੋ ਅਰਦਾਸ 'ਤੇ ਇਤਰਾਜ਼ ਕਰ ਰਹੇ ਹਨ।

# ਭੀਸ਼ਮ ਪਿਤਾਮਾ ਚੁੱਪ ਕਿਉਂ ਰਹੇ?

ਮਹਾਂਭਾਰਤ ਦੀ ਜਦ ਕਥਾ ਸੁਣਦੇ ਹਾਂ ਸਾਰੇ ਇਹ ਸਵਾਲ ਕਰਦੇ ਹਨ ਕਿ ਭੀਸ਼ਮ ਪਿਤਾਮਾ, ਜਿਸਦੀ ਹਰ ਪਾਸੇ ਕਦਰ ਸੀ, ਉਸਦੇ ਸਾਹਮਣੇ ਸਾਰੇ ਹੁਕਮ ਮੰਨਦੇ ਸਨ, ਫਿਰ ਉਸ ਸਮੇਂ ਮਹਾਂਭਾਰਤ ਦਾ ਯੁੱਧ ਕਿਉਂ ਹੋਇਆ? ਇਤਿਹਾਸ ਕਦੇ ਵੀ ਭੀਸ਼ਮ ਪਿਤਾਮਾ ਦੀ ਚੁੱਪ ਨੂੰ ਮਾਫ਼ ਨਹੀਂ ਕਰ ਸਕਦਾ।

ਪੰਜਾਬ ਵਿਚ ਜੋ ਵਾਪਰਿਆ ਉਸਦੀ ਪੜਚੋਲ ਕਦੇ ਅਸੀਂ ਕਰਦੇ ਨਹੀਂ। ਅਸੀਂ ਜੋ ਹੋਇਆ, ਉਸਨੂੰ ਭੁੱਲ ਜਾਂਦੇ ਹਾਂ। ਉਸਤੋਂ ਹੋਈਆਂ ਗਲਤੀਆਂ ਨਹੀਂ ਲੱਭਦੇ। ਪੰਜਾਬ ਨੇ ਬੜਾ ਸੰਤਾਪ ਭੁਗਤਿਆ ਹੈ। 1947 ਵਿਚ ਆਜ਼ਾਦੀ ਤਾਂ ਮਿਲ ਗਈ ਪਰ ਵੱਡਾ ਪੰਜਾਬ ਪਾਕਿਸਤਾਨ ਲੈ ਗਿਆ। ਫਿਰ ਬੜੀ ਐਜੀਟੇਸ਼ਨ ਪਿੱਛੋਂ 1966 ਵਿਚ ਅਸੀਂ ਹਰਿਆਣਾ ਤੇ ਹਿਮਾਚਲ ਬਣਾਕੇ ਦੇ ਦਿੱਤੇ। ਆਂਧਰਾ ਸੂਬਾ ਵਿਚੋਂ ਤਲੰਗਾਨਾ ਵੱਖਰਾ ਸੂਬਾ ਬਣ ਗਿਆ। ਇਕ ਪਾਸੇ ਤਲੰਗਾਨਾ ਦੇ ਹੱਕ ਵਿਚ ਰੈਲੀਆਂ ਹੋ ਰਹੀਆਂ ਹਨ ਪਰ ਇਕ ਧੜਾ ਇਸ ਵੰਡ ਦੇ ਵਿਰੁੱਧ ਸੀ। ਪਾਰਲੀਮੈਂਟ ਵਿਚ 11 ਮੈਂਬਰ ਕਈ ਦਿਨ ਰੌਲਾ ਪਾਉਂਦੇ ਰਹੇ ਕਿ ਆਂਧਰਾ ਨਾ ਵੰਡਿਆ ਜਾਵੇ। ਕਮਾਲ ਹੈ ਐਮ. ਪੀ. ਪਾਰਲੀਮੈਂਟ ਵਿਚੋਂ ਕੱਢ ਦਿੱਤੇ ਗਏ ਕਿਉਂ ਜੋ ਉਹ ਆਂਧਰਾ ਦੀ ਵੰਡ ਦੇ ਵਿਰੁੱਧ ਸਨ। ਪਰ ਜਦ ਪੰਜਾਬ ਵੰਡਣ ਦੀ ਗੱਲ ਜ਼ੋਰ ਨਾਲ ਉਠੀ, ਇਕ ਲੀਡਰ ਵੀ ਪੰਜਾਬ ਨੂੰ ਕਾਇਮ ਰੱਖਣ ਲਈ ਨਾ ਬੋਲਿਆ। ਪਰਤਾਪ ਸਿੰਘ ਕੈਰੋਂ ਦੋ ਸਾਲ ਪਹਿਲਾਂ ਇਹ ਦੁਨੀਆਂ ਛੱਡ ਗਿਆ ਸੀ। ਕਾਂਗਰਸ ਦੇ ਲੀਡਰ ਚਾਹੁੰਦੇ ਹੋਏ ਵੀ ਆਵਾਜ਼ ਨਾ ਕੱਢ ਸਕੇ। ਅੱਜ ਮੁੜ ਚਰਚਾ ਹੋਣ ਲੱਗ ਪਈ ਹੈ ਕਿ ਛੋਟੇ ਪੰਜਾਬ ਤੋਂ ਕੀ ਖੱਟਿਆ ਤੇ ਕੀ ਗਵਾਇਆ। ਸਿਆਸੀ ਲਾਭ ਤੇ ਮਾਲੀ ਨੁਕਸਾਨ ਦੇ ਹਿਸਾਬ ਲੱਗ ਰਹੇ ਹਨ। ਉਸ ਸਮੇਂ ਸਵਰਨ ਸਿੰਘ, ਦਰਬਾਰਾ ਸਿੰਘ, ਗਿਆਨੀ ਜ਼ੈਲ ਸਿੰਘ ਤੇ ਗੁਰਦਿਆਲ ਸਿੰਘ ਢਿੱਲੋਂ ਕਾਂਗਰਸ ਪਾਰਟੀ ਦੇ ਲੀਡਰ ਸਨ। ਉਹ ਚੁੱਪ ਚਾਪ ਸਾਰਾ ਕੁਝ ਵੇਖਦੇ ਰਹੇ ਸਨ।

ਪਰ ਜੋ ਅਤਿ ਦੁਖਦਾਇਕ ਇਤਿਹਾਸਕ ਸਮਾਂ ਪੰਜਾਬ ਨੇ

ਹੰਢਾਇਆ ਉਹ ਸੀ 1984, ਇਹਦਾ ਨਾਂ ਲੈਂਦੇ ਹਰ ਇਕ ਯਾਦ ਕਰਦਾ ਹੈ ਕਿ ਹਜ਼ਾਰਾਂ ਜਾਨਾਂ ਕਿਵੇਂ ਮੌਤ ਦੇ ਘਾਟ ਉਤਾਰੀਆਂ। ਕਿਵੇਂ ਭਾਰਤੀ ਫ਼ੌਜ ਧਾਰਮਕ ਅਸਥਾਨ 'ਤੇ ਹਮਲਾ ਕਰਨ ਗਈ। ਚਰਚਾ ਦਾ ਵਿਸ਼ਾ ਹੈ ਕਿ ਜਦ ਇਹ ਖ਼ੂਨੀ ਹੋਲੀ ਖੇਡੀ ਗਈ ਸੀ, ਉਸ ਵਕਤ ਸਾਡੇ ਭੀਸ਼ਮ ਪਿਤਾਮਾ ਕਿਉਂ ਚੁੱਪ ਰਹੇ? ਹਰ ਕੋਈ ਜਾਣਦਾ ਹੈ ਕਿ 1980 ਵਿਚ ਭਾਰਤ ਦੀ ਸਿਆਸਤ ਵਿਚ ਚਾਰ ਉਘੇ ਨਾਂ ਮੰਨੇ ਗਏ ਸਨ। ਸਵਰਨ ਸਿੰਘ ਜੋ 1957 ਤੋਂ ਭਾਰਤ ਦੇ ਵਜ਼ੀਰ ਰਹੇ ਸਨ। ਹਰ ਮਹਿਕਮਾ ਇਹਨਾਂ ਕੋਲ ਰਿਹਾ। ਭਾਰਤ ਦੀ ਹਰ ਮੁਸ਼ਕਿਲ ਇਹਨਾਂ ਹੱਥੋਂ ਹੱਲ ਹੋਈ। ਯੂ. ਐਨ. ਓ. ਵਿਚ ਵਧੀਆ ਬੁਲਾਰੇ ਬਣੇ। ਸ਼ਿਮਲੇ ਵਿਚ ਭੁੱਟੋ ਨਾਲ ਗੱਲਬਾਤ ਕਰਨ ਦਾ ਜ਼ੁੰਮਾ ਇਹਨਾਂ ਦਾ ਸੀ। ਪਾਠਕਾਂ ਨੂੰ ਯਾਦ ਕਰਵਾ ਦੇਵਾਂ ਕਿ ਸਵਰਨ ਸਿੰਘ ਅਕਾਲੀ ਦਲ ਪਾਰਟੀ ਦੇ ਲਾਹੌਰ ਵਿਚ ਲੀਡਰ ਸਨ ਤੇ ਪੰਜਾਬ ਦੇ ਵਜ਼ੀਰ ਸਨ। ਸਿਆਸਤ ਵਿਚ ਇਹਨਾਂ ਦੇ ਮੁਕਾਬਲੇ ਤੇ ਸ਼ਾਇਦ ਹੀ ਕੋਈ ਹੋਵੇ। ਦੂਜੇ ਭੀਸ਼ਮ ਪਿਤਾਮਾ ਹਰਕ੍ਰਿਸ਼ਨ ਸਿੰਘ ਸੁਰਜੀਤ ਸਨ। ਇਕੋ ਸਿਖ ਤੇ ਪੰਜਾਬੀ ਹੋਇਆ ਹੈ ਜੋ ਅੰਤਰਰਾਸ਼ਟਰੀ ਪਾਰਟੀ ਦਾ ਭਾਰਤ ਵਿਚ ਪ੍ਰਧਾਨ ਰਿਹਾ ਹੋਵੇ। ਇਹਨਾਂ ਨੂੰ ਮਾਣ ਮਿਲਿਆ ਕਿ ਭਾਰਤੀ ਕਮਿਊਨਿਸਟ ਮਾਰਕਿਸਟ ਪਾਰਟੀ ਦੇ ਸਾਲਾਂ ਬੱਧੀ ਮੁਖੀ ਰਹੇ। ਭਾਰਤ ਦੀ ਸਿਆਸਤ ਨੂੰ ਆਪਣੀ ਮਰਜ਼ੀ ਨਾਲ ਚਲਾਉਣਾ, ਪ੍ਰਧਾਨ ਮੰਤਰੀ ਬਨਾਉਣੇ, ਜਿਸਨੂੰ ਚਾਹੁਣ ਐਮ.ਪੀ. ਤੇ ਫਿਰ ਵਜ਼ੀਰ ਬਣਾ ਦੇਣਾ, ਇਹਨਾਂ ਦਾ ਸ਼ੌਂਕ ਸੀ। ਸਿਆਸਤਦਾਨ ਇਹਨਾਂ ਦੇ ਹੱਥਾਂ ਵਿਚ ਖੇਡਦੇ ਸਨ। ਤੀਜਾ ਭੀਸ਼ਮ ਪਿਤਾਮਾ ਗਿਆਨੀ ਜ਼ੈਲ ਸਿੰਘ ਜੋ ਇਕ ਸਾਧਾਰਨ ਪਰਿਵਾਰ ਵਿਚ ਜੰਮ ਕੇ ਭਾਰਤ ਦੇ ਰਾਸ਼ਟਰਪਤੀ ਬਣੇ ਸਨ। ਜਿੱਧਰ ਚਾਹੁਣ ਸਿਆਸਤ ਘੁਮਾ ਦੇਣ। ਹਰ ਮਸਲੇ ਦਾ ਹੱਲ ਕੱਢਣਾ, ਵੱਡੇ ਤੋਂ ਵੱਡੇ ਲੀਡਰ ਨੂੰ ਆਪਣੇ ਵਸ ਕਰ ਲੈਣਾ, ਆਦਿ ਇਹਨਾਂ ਦੀਆਂ ਖੂਬੀਆਂ ਸਨ। ਔਖੇ ਸਮੇਂ ਭਾਰਤ ਦੇ ਹੋਮ ਮਨਿਸਟਰ ਰਹੇ ਹਨ।

ਚੌਥੇ ਭੀਸ਼ਮ ਪਿਤਾਮਾ ਦਰਬਾਰਾ ਸਿੰਘ ਸਨ ਜੋ ਪੰਜਾਬ ਦੇ 1980 ਵਿਚ ਮੁੱਖ ਮੰਤਰੀ ਬਣੇ, ਜਦ ਪੰਜਾਬ ਵਿਚ ਭਾਂਬੜ ਬਲਣ ਜਾ ਰਹੇ ਸਨ, ਦਰਬਾਰਾ ਸਿੰਘ ਕਾਂਗਰਸ ਦੇ ਪ੍ਰਧਾਨ ਅਤੇ ਨੈਸ਼ਨਲ ਕਾਂਗਰਸ ਕਮੇਟੀ ਦੀ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ ਸਨ। ਹੁਣ ਹਿਸਾਬ ਲਗਾਓ ਜਦ ਪੰਜਾਬ ਕੋਲ ਇਤਨੇ ਸਿਆਸੀ ਮਹਾਂਰਥੀ, ਸੂਝਵਾਨ, ਹਰ ਪਲ ਦੀ ਖ਼ਬਰ ਰੱਖਣ ਵਾਲੇ ਨੇਤਾ ਸਨ, ਫਿਰ ਪੰਜਾਬ ਵਿਚ ਅੱਗ ਕਿਉਂ ਲੱਗੀ ਸੀ। ਇਸ ਸਵਾਲ ਦਾ ਜਵਾਬ ਕਿਸੇ ਨੇ ਲੱਭਿਆ ਨਹੀਂ ਹੈ। ਇਹਨਾਂ ਨਾਲ ਇਕ ਹੋਰ

ਯੋਧਾ ਸੀ, ਗੁਰਦਿਆਲ ਸਿੰਘ ਢਿੱਲੋਂ, ਜੋ ਲੋਕ ਸਭਾ ਦੇ ਸਪੀਕਰ ਵੀ ਰਹੇ, ਭਾਰਤ ਦੇ ਵਜ਼ੀਰ ਵੀ ਸਨ। ਇਹਨਾਂ ਸਾਰਿਆਂ ਦੇ ਔਖੇ ਸਮੇਂ ਕੋਈ ਯਤਨ ਜੋ ਪੰਜਾਬ ਨੂੰ ਬਚਾ ਸਕਦੇ ਸਨ ਅੱਜ ਤੱਕ ਅੰਕਿਤ ਨਹੀਂ ਕੀਤੇ ਗਏ। ਸਾਡੇ ਅਲੋਚਕ ਪੱਤਰਕਾਰ ਵੀ ਇਸ ਵਿਸ਼ੇ 'ਤੇ ਚੁੱਪ ਧਾਰੀ ਬੈਠੇ ਹਨ। ਇਹਨਾਂ ਸਾਰਿਆਂ ਨੇ ਵਿਅਕਤੀਗਤ ਤੌਰ ਤੇ ਕੋਈ ਹਿੱਸਾ ਪਾਇਆ ਹੋਵੇ ਤਾਂ ਸ਼ਾਇਦ ਕਿਸੇ ਨੂੰ ਪਤਾ ਹੋਵੇ ਪਰ ਮੈਂ ਅੱਜ ਤੱਕ ਕਿਧਰੇ ਨਹੀਂ ਪੜ੍ਹਿਆ ਕਿ ਇਹ ਸਾਰੇ ਕਦੇ ਇਕ ਵਾਰ ਵੀ ਇਕੱਠੇ ਬੈਠਕੇ ਪੰਜਾਬ ਮਸਲੇ 'ਤੇ ਵਿਚਾਰ ਗੋਸ਼ਟੀ ਕਰ ਸਕੇ ਹੋਣ। ਮੈਂ ਦਿੱਲੀ 1982 ਵਿਚ ਚਲਾ ਗਿਆ ਸੀ ਤੇ ਰਾਸ਼ਟਰਪਤੀ ਦੇ ਦਫ਼ਤਰ ਵਿਚ ਵੀ ਰਿਹਾ ਹਾਂ। ਗਿਆਨੀ ਜੀ ਤੇ ਦਰਬਾਰਾ ਸਿੰਘ ਇਕ ਪਾਰਟੀ ਵਿਚ ਸਨ। ਦੋਵੇਂ ਆਪਣੀ ਹਿੰਮਤ ਨਾਲ ਉੱਚ ਪਦਵੀਆਂ 'ਤੇ ਪੁੱਜੇ ਸਨ। ਉਮੀਦ ਸੀ ਕਿ ਜਦ ਇਹਨਾਂ ਨੂੰ ਉੱਚ ਅਸਥਾਨ ਪ੍ਰਾਪਤ ਹੋ ਗਏ, ਇਹ ਦੋਸਤੀ ਕਰਕੇ ਆਪਸ ਵਿਚ ਸੁਲ੍ਹਾ ਕਰ ਲੈਣਗੇ, ਪਰ ਇਹ ਨਾ ਹੋਇਆ, ਉਲਟਾ ਹਰ ਵਕਤ ਇੰਦਰਾ ਗਾਂਧੀ ਦੇ ਦਰਬਾਰ ਵਿਚ ਇਕ ਦੂਜੇ ਵਿਰੁੱਧ ਸ਼ਿਕਾਇਤਾਂ ਦਾ ਦੌਰ ਗਰਮ ਰਿਹਾ। ਮੈਂ ਸੋਚਦਾ ਹਾਂ ਅਗਰ ਇਹ ਦੋਵੇਂ ਇਕੱਠੇ ਹੋ ਕੇ ਇੰਦਰਾ ਗਾਂਧੀ ਨੂੰ ਸਲਾਹ ਦੇਣ ਲਈ ਜਾਂਦੇ ਸ਼ਾਇਦ 1984 ਦੇ ਸਾਕੇ ਟਲ ਜਾਂਦੇ। ਸਵਰਨ ਸਿੰਘ ਕੇਵਲ ਇਕ ਵਾਰ 1983 ਵਿਚ ਅਕਾਲੀਆਂ ਦੀ ਭਾਰਤ ਸਰਕਾਰ ਨਾਲ ਗੱਲਬਾਤ ਕਰਾਉਣ ਵਿਚ ਸ਼ਾਮਲ ਹੋਏ। ਗੱਲ ਸਿਰੇ ਨਾ ਚੜ੍ਹੀ, ਇਸ ਕਰਕੇ ਉਹ ਘਰ ਬੈਠ ਗਏ। ਕਦੇ ਕੋਈ ਹੋਰ ਉਪਰਾਲਾ ਨਾ ਕੀਤਾ। ਹਰਿਕਿਸ਼ਨ ਸਿੰਘ ਸੁਰਜੀਤ ਤਾਂ ਪੱਕੀ ਚੁੱਪ ਧਾਰਕੇ ਹੀ ਬੈਠੇ ਰਹੇ। ਗਿਆਨੀ ਜੀ ਨਾਲ ਮੁਲਾਕਾਤਾਂ ਕਰਦੇ ਰਹੇ ਪਰ ਜੋ ਜੁਗਤ ਉਹਨਾਂ ਕੋਲ ਸੀ, ਉਹ ਇਸ ਮਸਲੇ ਵਿਚ ਵਰਤਣ ਤੋਂ ਕਤਰਾਉਂਦੇ ਰਹੇ। ਇੰਦਰਾ ਗਾਂਧੀ ਇਹਨਾਂ ਦੇ ਨੇੜੇ ਸੀ ਪਰ ਮਸਲਾ ਹੱਲ ਕਰਵਾਉਣ ਵਿਚ ਕੋਈ ਹਿੱਸਾ ਨਾ ਪਾ ਸਕੇ। ਮੈਨੂੰ ਪਤਾ ਹੈ ਕਿ ਇੰਦਰਾ ਗਾਂਧੀ ਨੇ ਤਾਂ ਗਿਆਨੀ ਜ਼ੈਲ ਸਿੰਘ ਨੂੰ ਸਾਫ ਕਹਿ ਦਿੱਤਾ ਸੀ ਕਿ ਪੰਜਾਬ ਦੇ ਮਸਲੇ ਤੋਂ ਦੂਰ ਰਹਿਣ। ਇਕ ਵਾਰ ਵੀ ਉਹਨਾਂ ਤੋਂ ਸਲਾਹ ਨਹੀਂ ਲਈ। ਇਤਿਹਾਸ ਕਦੇ ਭੁਲਾਇਆ ਨਹੀਂ ਜਾ ਸਕਦਾ। ਹਰ ਘਟਨਾ ਦੀ ਜਾਂਚ ਹੁੰਦੀ ਹੈ ਚਾਹੇ ਦੇਰ ਪਿੱਛੋਂ ਹੋਵੇ। ਕੀ ਕਦੇ ਇਸ ਬਾਰੇ ਵਿਦਵਾਨ ਖੋਜ ਕਰਨਗੇ ਕਿ ਮਹਾਂਭਾਰਤ ਵਾਂਗੂੰ ਸਾਡੇ ਭੀਸ਼ਮ ਪਿਤਾਮਾ ਵੀ ਚੁੱਪ ਸਾਧਕੇ ਬੈਠੇ ਰਹੇ ਜਦ ਪੰਜਾਬ ਉਹਨਾਂ ਸਾਹਮਣੇ ਖ਼ੂਨੀ ਰੰਗ ਵਿਚ ਤਬਾਹ ਹੋ ਰਿਹਾ ਸੀ।

# ਵੱਡੇ ਅਕਾਲੀ ਲੀਡਰ- ਪਾਰਟੀ ਤੋਂ ਬੇਮੁਖ ਹੁੰਦੇ ਰਹੇ

ਅਜੀਬ ਮਸਲਾ ਮੈਂ ਲਿਖਣ ਲੱਗਾ ਹਾਂ। ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਪਾਰਟੀ ਤੋਂ ਪਿੱਛੋਂ ਦੂਜੀ ਸਭ ਤੋਂ ਪੁਰਾਣੀ ਰਾਜਸੀ ਪਾਰਟੀ ਹੈ। ਇਸ ਨੂੰ ਮਰਜੀਵੜਿਆਂ ਦੀ ਪਾਰਟੀ ਅਖਵਾਉਣ ਦਾ ਹੱਕ ਹੈ। ਜਿਤਨੀ ਕੁਰਬਾਨੀ ਅਕਾਲੀ ਪਾਰਟੀ ਦੇ ਮੈਂਬਰਾਂ ਨੇ ਅਜ਼ਾਦੀ ਅਤੇ ਗੁਰਦੁਆਰਾ ਲਹਿਰ ਵਿਚ ਕੀਤੀ ਹੈ ਕਿਸੇ ਹੋਰ ਪਾਰਟੀ ਨੇ ਨਹੀਂ ਕੀਤੀ। ਗੁਰਦੁਆਰੇ ਅਜ਼ਾਦ ਕਰਵਾਉਣ ਸਮੇਂ ਸ਼ਹੀਦੀਆਂ ਪਾਈਆਂ। ਅਜ਼ਾਦੀ ਦੀ ਜੰਗ ਸਮੇਂ ਹਰ ਸਿੱਖ ਕਾਂਗਰਸ ਤੇ ਅਕਾਲੀ ਦਲ ਦਾ ਮੈਂਬਰ ਹੋ ਸਕਦਾ ਸੀ। ਬਾਬਾ ਖੜਕ ਸਿੰਘ ਕਾਂਗਰਸ ਤੇ ਅਕਾਲੀ ਦਲ ਦੋਹਾਂ ਦਾ ਪਰਧਾਨ ਹੁੰਦਾ ਸੀ। ਇਨ੍ਹਾਂ ਦਾ ਵੱਖ ਵੱਖ ਹੋਣਾ 1940 ਵਿਚ ਹੋਇਆ ਸੀ।

ਮੈਂ ਬੜੇ ਚਿਰ ਤੋਂ ਵੇਖਿਆ ਹੈ ਤੇ ਇਤਿਹਾਸ ਪੜ੍ਹਿਆ ਹੈ। ਬੜੀ ਅਜੀਬ ਸਥਿਤੀ ਹੈ, ਅਕਾਲੀ ਦਲ ਦੀ। ਇਸ ਦੇ ਜਿਤਨੇ ਵੀ ਸਿਰਕੱਢਵੇਂ ਲੀਡਰ ਹੋਏ ਹਨ, ਉਨ੍ਹਾਂ ਕੁਝ ਚਿਰ ਪਿਛੋਂ ਅਕਾਲੀ ਪਾਰਟੀ ਨੂੰ ਛੱਡ ਦਿੱਤਾ, ਜਾਂ ਤਾਂ ਉਹ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ ਜਾਂ ਉਨ੍ਹਾਂ ਵੱਖਰੀ ਪਾਰਟੀ ਬਣਾ ਲਈ। ਇਹ ਕਿਉਂ ਹੁੰਦਾ ਹੈ? ਇਸ ਦਾ ਜਵਾਬ ਮੈਂ ਲੱਭ ਨਹੀਂ ਸਕਿਆ। ਇਹ ਬੀਮਾਰੀ ਕੇਵਲ ਅਕਾਲੀ ਪਾਰਟੀ ਵਿਚ ਕਿਉਂ ਹੈ? ਮੈਂ ਖੋਜ ਕਰਕੇ ਇਸ ਉਦਾਸੀਨ ਇਤਿਹਾਸ ਨੂੰ ਅੱਜ ਲਿਖ ਰਿਹਾ ਹਾਂ। ਸਭ ਤੋਂ ਵੱਡੇ ਅਕਾਲੀ ਲੀਡਰ ਬਾਬਾ ਖੜਕ ਸਿੰਘ ਹੋਏ ਸਨ। ਉਨ੍ਹਾਂ ਦੀ ਕੁਰਬਾਨੀ ਇਕ ਮਿਸਾਲ ਹੈ। ਇਕ ਕਛਹਿਰੇ ਵਿਚ ਲੰਬੀ ਜੇਲ੍ਹ ਕੱਟੀ। ਉਨ੍ਹਾਂ ਨੂੰ ਕੌਮ ਦਾ ਬੇਤਾਜ ਬਾਦਸ਼ਾਹ ਕਿਹਾ ਜਾਂਦਾ ਸੀ। ਹਾਲਾਤ ਦੀ ਮਜ਼ਬੂਰੀ ਸਮਝੋ ਉਹ ਵੱਖਰੀ ਪਾਰਟੀ ਬਣਾ ਕੇ ਅਕਾਲੀ ਦਲ ਦੇ ਵਿਰੁੱਧ ਖੜ੍ਹੇ ਹੋਏ ਸਨ। ਉਨ੍ਹਾਂ ਵਰਗਾ ਦੂਜਾ ਕੌਮ ਦਾ ਲੀਡਰ ਮਾਸਟਰ ਤਾਰਾ ਸਿੰਘ ਸੀ। ਮਾਸਟਰ ਜੀ ਨੇ ਸਾਰੀ ਕੌਮ ਨੂੰ ਪਾਕਿਸਤਾਨ ਜਾਣ ਤੋਂ ਬਚਾਇਆ। 25 ਸਾਲ ਸਿਖਾਂ ਨੂੰ ਸੇਧ ਦਿੱਤੀ। ਪਰ ਹਾਲਤ ਨੇ ਇਨ੍ਹਾਂ ਦਾ ਵੱਖਰਾ ਅਕਾਲੀ ਦਲ ਵੀ ਵੇਖਿਆ। ਪਰਤਾਪ ਸਿੰਘ ਕੈਰੋਂ ਅਮਰੀਕਾ ਤੋਂ ਐਮ.ਏ. ਪਾਸ ਕਰਕੇ ਪੰਜਾਬ ਵਿਚ ਮਾਸਟਰ ਤਾਰਾ ਸਿੰਘ ਦਾ ਸਕੱਤਰ

ਅਤੇ ਅਕਾਲੀ ਦਲ ਦੇ ਐਮ.ਐਲ.ਏ. ਬਣੇ। ਉਹੋ ਕੈਰੋਂ ਅਕਾਲੀ ਦਲ ਨੂੰ ਤੋੜਨ ਵਿਚ ਸਭ ਤੋਂ ਅੱਗੇ ਲੱਗਿਆ। ਸਿਖ ਲਹਿਰ ਵਿਚ ਕਈ ਨਾਂ ਉੱਭਰੇ ਸਨ। ਇਨ੍ਹਾਂ ਵਿਚ ਜਥੇਦਾਰ ਊਧਮ ਸਿੰਘ ਨਾਗੋਕੇ, ਗਿਆਨੀ ਕਰਤਾਰ ਸਿੰਘ, ਜਿਸ ਨੂੰ ਕੌਮ ਦਾ ਦਿਮਾਗ ਆਖ਼ਦੇ ਸੀ, ਜਥੇਦਾਰ ਈਸ਼ਰ ਸਿੰਘ ਮਝੈਲ, ਜਥੇਦਾਰ ਸੋਹਣ ਸਿੰਘ ਜਲਾਲਉਸਮਾਂ ਵੱਡੇ ਆਗੂ ਸਨ। ਜਥੇਦਾਰ ਨਾਗੋਕੇ ਨੇ 1950 ਵਿਚ ਵੱਖਰੀ ਪਾਰਟੀ ਬਣਾ ਲਈ। ਉਸ ਨੇ ਸ਼ਰੋਮਣੀ ਕਮੇਟੀ ਤੇ ਕਬਜ਼ਾ ਕਰ ਲਿਆ। ਉਹ ਫਿਰ ਕਾਂਗਰਸ ਵੱਲੋਂ ਰਾਜ ਸਭਾ ਮੈਂਬਰ ਬਣੇ। ਜਥੇਦਾਰ ਮਝੈਲ ਕੁਰਬਾਨੀ ਦਾ ਮੁਜੱਸਮਾ ਸੀ। ਅਖੀਰ ਕਾਂਗਰਸੀ ਬਣਿਆ ਤੇ ਨੀਲੀ ਪਗੜੀ ਲਾਹ ਕੇ ਚਿੱਟੀ ਪਗੜੀ ਬੰਨ੍ਹਦਾ ਰਿਹਾ। ਮੈਂ ਉਨ੍ਹਾਂ ਨੂੰ ਕਈ ਵੇਰ ਪਟਿਆਲੇ ਮਿਲਿਆ। ਉਹ ਸਮਾਣੇ ਨੇੜੇ ਇਕ ਪਿੰਡ ਵਿਚ ਰਹਿੰਦੇ ਸਨ। ਜਥੇਦਾਰ ਮੋਹਨ ਸਿੰਘ ਨਾਗੋਕੇ ਅਕਾਲ ਤਖਤ ਦੇ ਜਥੇਦਾਰ ਰਹੇ। ਉਹ ਵੀ ਕਾਂਗਰਸ ਵਿਚ ਗਏ। ਸੋਹਨ ਸਿੰਘ ਜਲਾਲਉਸਮਾਂ ਕਾਂਗਰਸ ਵਿਚ ਐਮ.ਐਲ.ਏ. ਬਣ ਗਏ ਸਨ। ਗਿਆਨੀ ਕਰਤਾਰ ਸਿੰਘ ਨੇ ਤਾਂ ਕਈ ਵਾਰ ਅਕਾਲੀ ਪਾਰਟੀ ਛੱਡੀ ਤੇ ਕਾਂਗਰਸ ਵਿਚ ਸ਼ਾਮਲ ਹੋਏ ਸਨ। ਜਥੇਦਾਰ ਦਰਸ਼ਨ ਸਿੰਘ ਫੇਰੂਮਾਨ, ਜੋ ਕੌਮੀ ਸ਼ਹੀਦ ਬਣੇ , ਅਰਦਾਸ ਕਰਕੇ ਮਰਨ ਵਰਤ ਰੱਖ ਕੇ ਸ਼ਹੀਦੀ ਪਾ ਗਏ ਸਨ। ਪਰ ਪਹਿਲਾਂ ਅਕਾਲੀ ਪਾਰਟੀ ਤੇ ਫਿਰ ਕਾਂਗਰਸ ਵਿਚ ਐਮ.ਪੀ. ਬਣੇ ਸਨ। ਬਲਦੇਵ ਸਿੰਘ, ਅਕਾਲੀ ਪਾਰਟੀ ਦੇ ਨੇਤਾ, ਲਾਹੌਰ ਵਿਚ ਵਜ਼ੀਰ ਫਿਰ ਭਾਰਤ ਸਰਕਾਰ ਦੇ ਡਿਫੈਂਸ ਮੰਤਰੀ ਬਣੇ ਸਨ। ਉਹ ਵੀ ਕਾਂਗਰਸ ਪਾਰਟੀ ਵਿਚ ਅਖੀਰ ਤਕ ਡਟੇ ਰਹੇ। ਸਵਰਨ ਸਿੰਘ ਅਕਾਲੀ ਐਮ.ਐਲ.ਏ. ਬਣੇ ਫਿਰ ਲਾਹੌਰ ਵਿਚ ਪਾਰਟੀ ਨੇਤਾ ਸਨ। ਵਜ਼ੀਰ ਅਕਾਲੀ ਪਾਰਟੀ ਵੱਲੋਂ ਬਣੇ ਪਰ ਕਾਂਗਰਸ ਵਿਚ ਜਾ ਕੇ ਵਾਪਸ ਨਾ ਮੁੜੇ। ਹੁਕਮ ਸਿੰਘ ਨੂੰ ਮਾਸਟਰ ਤਾਰਾ ਸਿੰਘ ਨੇ ਕਈ ਵਾਰ ਐਮ.ਪੀ. ਬਣਾਇਆ। ਅਕਾਲੀ ਪਾਰਟੀ ਦੇ ਪਰਧਾਨ ਵੀ ਬਣੇ, ਪਰ ਕਾਂਗਰਸ ਵਿਚ ਜਾ ਕੇ ਮੁੜ ਅਕਾਲੀ ਦਲ ਵਿਚ ਨਹੀਂ ਆਏ। ਗਿਆਨ ਸਿੰਘ ਰਾੜੇਵਾਲਾ ਅਕਾਲੀਆਂ ਨੇ ਪੈਪਸੂ ਦਾ ਮੁਖ ਮੰਤਰੀ ਬਣਵਾਇਆ ਫਿਰ ਪੰਜਾਬ ਵਿਚ ਵਜ਼ੀਰ ਬਣੇ। ਪਰ 1956 ਵਿਚ ਆਪਣੇ ਨਾਲ 10 ਐਮ.ਐਲ.ਏ. ਲੈ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਨਾਲ ਸਭ ਤੋਂ ਟਕਸਾਲੀ ਅਕਾਲੀ ਕਰਤਾਰ ਸਿੰਘ ਦੀਵਾਨਾ ਅਤੇ ਸਭ ਤੋਂ ਚੰਗੇ ਬੁਲਾਰੇ ਭੁਪਿੰਦਰ ਸਿੰਘ ਮਾਨ ਵੀ ਕਾਂਗਰਸ ਵਿਚ ਸ਼ਾਮਲ ਹੋਏ ਸਨ। ਪੈਪਸੂ ਵਿਚ ਜਥੇਦਾਰ ਸੰਪੂਰਨ ਸਿੰਘ ਰਾਮਾ ਪੈਪਸੂ ਅਕਾਲੀ ਦਲ ਦੇ ਪਰਧਾਨ ਸਨ। ਬੜੀਆਂ ਜੇਲ੍ਹਾਂ ਕੱਟੀਆਂ

ਸਨ। 1954 ਵਿਚ ਵੱਖਰਾ ਅਕਾਲੀ ਦਲ ਬਣਾ ਕੇ ਅਕਾਲੀ ਪਾਰਟੀ ਨੂੰ ਹਰਾਉਣ ਦਾ ਕਾਰਨ ਬਣੇ। ਸਿਖ ਸਟੂਡੈਂਟਸ ਫੈਡਰੈਸ਼ਨ ਦੇ ਪਰਧਾਨ ਗੁਰਮੀਤ ਸਿੰਘ ਵੀ ਗਿਆਨੀ ਕਰਤਾਰ ਸਿੰਘ ਦੇ ਅਸਰ ਹੇਠਾਂ ਕਾਂਗਰਸ ਪਾਰਟੀ ਦੇ ਵਜ਼ੀਰ ਬਣ ਗਏ ਸਨ। ਉਨ੍ਹਾਂ ਨਾਲ ਜਸਦੇਵ ਸਿੰਘ ਸੰਧੂ ਵੀ ਸਨ। ਜਸਟਿਸ ਗੁਰਨਾਮ ਸਿੰਘ ਨੂੰ ਅਕਾਲੀ ਪਾਰਟੀ ਨੇ ਮੁੱਖ ਮੰਤਰੀ ਬਣਾਇਆ। ਪਰ ਕਾਂਗਰਸ ਦੇ ਨਾਲ ਰਲ ਕੇ ਅਕਾਲੀ ਦਲ ਨੂੰ ਹਰਾਉਣ ਦਾ ਜ਼ੋਰ ਲਗਾਉਂਦੇ ਰਹੇ। ਲਛਮਣ ਸਿੰਘ ਗਿੱਲ ਦਿੱਲੀ ਤੋਂ ਹੀ ਅਕਾਲੀ ਦਲ ਦੇ ਨਾਲ ਸਨ। ਪੰਜਾਬ ਵਿਚ ਵਜ਼ੀਰ ਬਣੇ 1967 ਵਿਚ। ਪਰ ਲਾਲਚ ਕਾਰਨ ਪਾਰਟੀ ਤੋਂ ਬਾਗ਼ੀ ਹੋ ਕੇ ਕਾਂਗਰਸ ਦੇ ਸਹਾਰੇ 1968 ਵਿਚ ਮੁਖ ਮੰਤਰੀ ਪੰਜਾਬ ਬਣ ਗਏ। ਅਮਰ ਸਿੰਘ ਦੁਸਾਂਝ ਵੱਡੇ ਐਡੀਟਰ, ਵੱਡੇ ਬੁਲਾਰੇ ਅਕਾਲੀ ਦਲ ਨੂੰ ਛੱਡ ਕੇ 1967 ਵਿਚ ਕਾਂਗਰਸ ਐਮ.ਐਲ.ਏ . ਬਣ ਗਏ ਸਨ। ਉਮਰਾਓ ਸਿੰਘ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਬਾਨੀਆਂ ਵਿਚੋਂ ਸਨ। ਸਾਰੇ ਫੈਡਰੇਸ਼ਨ ਕੈਂਪਾਂ ਦੇ ਇੰਚਾਰਜ ਹੁੰਦੇ ਸੀ। ਅਖੀਰ ਕਾਂਗਰਸ ਪਾਰਟੀ ਦੇ ਲੀਡਰ ਰਹੇ। ਪਰੇਮ ਸਿੰਘ ਲਾਲਪੁਰਾ ਮੇਰੇ ਨਾਲ ਸਿਖ ਸਟੂਡੈਂਟਸ ਫੈਡਰੇਸ਼ਨ ਵਿਚ ਸਨ। ਅਸੀਂ ਇਕੱਠੇ ਵਰਕਿੰਗ ਕਮੇਟੀ ਵਿਚ ਸੀ। ਕਾਂਗਰਸ ਦੇ ਇਸ਼ਾਰੇ ਤੇ ਸ਼ਰੋਮਣੀ ਕਮੇਟੀ ਵਿਚ ਮਾਸਟਰ ਤਾਰਾ ਸਿੰਘ ਨੂੰ ਹਰਾ ਕੇ ਪਰਧਾਨ ਬਣ ਗਏ। ਜਥੇਦਾਰ ਗੁਰਚਰਨ ਸਿੰਘ ਟੌਹੜਾ ਸਭ ਤੋਂ ਵੱਧ ਸਮਾਂ ਅਕਾਲੀ ਹੋਣ ਕਰਕੇ ਸ਼ਰੋਮਣੀ ਪ੍ਰਬੰਧਕ ਕਮੇਟੀ ਦੇ ਪਰਧਾਨ ਰਹੇ। ਸ਼ਕਤੀਸ਼ਾਲੀ ਲੀਡਰ ਬਣ ਗਏ ਸਨ। ਪਰ ਖਿੜਕ ਗਏ, ਵੱਖਰਾ ਅਕਾਲੀ ਦਲ ਬਣਾ ਕੇ ਅਕਾਲੀ ਰਾਜ ਗਵਾਉਣ ਦੇ ਭਾਗੀ ਬਣੇ। ਆਪਣੇ ਨਾਲ ਕਈ ਸਾਥੀਆਂ ਨੂੰ ਵੀ ਬਾਗੀ ਬਣਾਉਣ ਦੇ ਜ਼ਿੰਮੇਵਾਰ ਬਣੇ। ਚੰਗਾ ਹੋਇਆ ਮੁੜ ਵਾਪਸ ਆ ਗਏ ਸਨ। ਲੋਹਪੁਰਸ਼ ਕਹਿਵਾਉਂਦੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੀ ਇਕ ਵਾਰ ਪਾਰਟੀ ਛੱਡਕੇ ਵੱਖਰਾ ਦਲ ਬਣਾਇਆ ਸੀ। ਸੁਰਜੀਤ ਸਿੰਘ ਬਰਨਾਲਾ ਨੂੰ ਪੰਥ ਨੇ ਕੀ ਕੁਝ ਨਹੀਂ ਦਿੱਤਾ। ਵਜ਼ੀਰ, ਫਿਰ ਸੈਂਟਰ ਵਿਚ ਵਜ਼ੀਰ, ਮੁਖ ਮੰਤਰੀ, ਗਵਰਨਰ ਪਰ ਕੀ ਹੋ ਗਿਆ। ਅਕਾਲੀ ਦਲ ਵਿਰੁੱਧ ਵੱਖਰਾ ਦਲ ਬਣਾ ਕੇ ਆਪਣੇ ਵਕਾਰ ਨੂੰ ਖ਼ਤਮ ਕੀਤਾ। ਦਿੱਲੀ ਵਿਚ ਜਥੇਦਾਰ ਰਛਪਾਲ ਸਿੰਘ ਮੋਰਚੇ ਦੇ ਡਿਕਟੇਟਰ ਰਹੇ ਸਨ। ਬੜੀਆਂ ਕੁਰਬਾਨੀਆਂ ਕੀਤੀਆਂ। ਪਰ ਵੱਖਰਾ ਦਲ ਬਣਾ ਕੇ ਪਾਰਟੀ ਤੋਂ ਵੱਖ ਹੋ ਗਏ ਸਨ। ਜਥੇਦਾਰ ਸੰਤੋਖ ਸਿੰਘ ਦੀ ਦਿੱਲੀ ਵਿਚ ਗੁਰਦੁਆਰਿਆਂ ਪ੍ਰਤੀ ਬੜੀ ਸੇਵਾ ਹੈ। ਸਕੂਲ ਵੀ ਖੋਲ੍ਹੇ। ਪਰ ਅਕਾਲੀ ਦਲ ਤੋਂ ਵੱਖਰੇ ਗਰੁੱਪ ਨੂੰ ਕਾਇਮ

ਰੱਖਿਆ ਸੀ। ਬੜੇ ਨਾਂ ਮੈਂ ਹੋਰ ਲਿਖ ਸਕਦਾ ਹਾਂ। ਪਰ ਲਿਸਟ ਲੰਬੀ ਹੋ ਜਾਵੇਗੀ। ਇਹ ਸਾਰਾ ਕੁਝ ਲਿਖਕੇ ਕੁਝ ਨਾਂ ਜੋ ਭੁੱਲੇ ਨਹੀਂ ਜਾ ਸਕਦੇ ਉਹ ਥੋੜ੍ਹੇ ਹਨ ਪਰ ਹਨ ਬੜੇ ਮਹੱਤਵਪੂਰਨ। ਪਰਕਾਸ਼ ਸਿੰਘ ਬਾਦਲ ਸ਼ਾਇਦ ਐਸੇ ਲੀਡਰ ਹਨ। ਉਹ ਜਦ ਤੋਂ ਸਿਆਸਤ ਵਿਚ ਆਏ ਹਨ ਉਹ ਅਕਾਲੀ ਪਾਰਟੀ ਨਾਲ ਨਿਭੇ ਹਨ। ਉਨ੍ਹਾਂ ਨੂੰ ਵੀ ਠੋਕਰਾਂ ਵੱਜੀਆਂ ਪਰ ਅਕਾਲੀ ਦਲ ਨੂੰ ਨਹੀਂ ਛੱਡਿਆ। 16 ਸਾਲ ਜੇਲ੍ਹ ਵੀ ਕੱਟੀ। ਮੁਖ ਮੰਤਰੀ ਤੋਂ ਵੀ ਹਟੇ, ਲੀਡਰ ਵੀ ਬਦਲ ਦਿੱਤੇ ਗਏ ਪਰ ਪਾਰਟੀ ਨਾਲ ਜੁੜੇ ਰਹੇ। ਸ਼ਾਇਦ ਇਹੋ ਉਨ੍ਹਾਂ ਦਾ ਸਰਮਾਇਆ ਬਣ ਕੇ ਲਾਭ ਦੇ ਰਿਹਾ ਹੈ। ਸੰਤ ਫਤਹਿ ਸਿੰਘ ਨੂੰ ਮਾਸਟਰ ਤਾਰਾ ਸਿੰਘ ਲੈ ਕੇ ਆਏ। ਆਪਣਾ ਜਾਨਸ਼ੀਨ ਬਣਾਇਆ ਭਾਵੇਂ ਉਨ੍ਹਾਂ ਮਾਸਟਰ ਤਾਰਾ ਸਿੰਘ ਨੂੰ ਕੱਢ ਦਿੱਤਾ। ਪਰ ਉਹ ਅਕਾਲੀ ਪਾਰਟੀ ਦੇ ਨਾਲ ਹੀ ਨਿਭੇ। ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮਾਸਟਰ ਤਾਰਾ ਸਿੰਘ ਲੈ ਕੇ ਆਏ ਸਨ। ਉਹ ਚਾਹੇ ਰਾਜੀਵ ਲੌਂਗੋਵਾਲ ਸਮਝੌਤਾ ਕਰਕੇ ਵੀ ਵੱਡੀ ਗ਼ਲਤੀ ਕਰ ਗਏ ਪਰ ਅਕਾਲੀ ਦਲ ਨਾਲ ਹੀ ਰਹੇ ਤੇ ਜਾਨ ਵੀ ਗਵਾ ਗਏ। ਸੁਖਦੇਵ ਸਿੰਘ ਢੀਂਡਸਾ ਪਹਿਲੀ ਵਾਰ ਆਜ਼ਾਦ ਐਮ.ਐਲ.ਏ. ਜਿੱਤ ਕੇ ਆਏ ਤੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਅੱਜ ਤਕ 40 ਸਾਲ ਤੋਂ ਵੱਧ ਸਮੇਂ ਤੋਂ ਪਾਰਟੀ ਨਾਲ ਖੜ੍ਹੇ ਹਨ। ਕਈ ਹੋਰ ਪਾਰਟੀ ਦੇ ਲੀਡਰ ਤੇ ਵਰਕਰ ਵੀ ਚਟਾਨ ਵਾਂਗੂ ਖੜ੍ਹੇ ਹਨ। ਜਿਵੇਂ ਕਿ ਅਜੀਤ ਸਿੰਘ ਸਰਹੱਦੀ, ਆਤਮਾ ਸਿੰਘ ਅਤੇ ਬਾਵਾ ਹਰਕਿਰਸ਼ਨ ਸਿੰਘ। ਸਚਾਈ ਇਹ ਹੈ ਕਿ ਅਕਾਲੀ ਪਾਰਟੀ ਨੂੰ ਕੋਈ ਵਰਦਾਨ ਹੈ ਕਿ ਲੀਡਰ ਭਾਵੇਂ ਗ਼ਦਾਰੀ ਕਰ ਜਾਣ, ਆਪਣਾ ਈਮਾਨ ਵੇਚ ਜਾਣ ਪਰ ਪਾਰਟੀ ਹਮੇਸ਼ਾ ਮਜ਼ਬੂਤ ਰਹੀ ਹੈ। ਵਰਕਰ ਪਾਰਟੀ ਦੀ ਜਿੰਦ ਜਾਨ ਹਨ। ਉਹ ਨਿਸ਼ਾਨੇ ਤੋਂ ਨਹੀਂ ਹਟੇ। ਕਿਤਨੀ ਵਾਰ ਇਨ੍ਹਾਂ ਨੇ ਰਾਜ ਲਿਆਂਦਾ ਹੈ। ਅੱਜ ਵੀ ਪਾਰਟੀ ਰਾਜ ਕਰ ਰਹੀ ਹੈ। ਸ਼ਾਬਾਸ਼ ਹੈ ਵਰਕਰਾਂ ਦੇ ਹਠ ਧਰਮ ਦੀ ਅਤੇ ਗੁਰੂ ਦੇ ਵਿਸ਼ਵਾਸ ਦੀ।

# ਮਾਸਟਰ ਤਾਰਾ ਸਿੰਘ ਜਿਨਾਹ - ਮੁਲਾਕਾਤ

ਭਾਰਤ ਦੀ ਅਜ਼ਾਦੀ 1947 ਵਿਚ ਹੋਈ। ਉਸ ਨਾਲ ਹੀ ਭਾਰਤ ਦੀ ਵੰਡ ਹੋਈ ਤੇ ਪਾਕਿਸਤਾਨ ਬਣਿਆ। ਅਜ਼ਾਦੀ ਤੋਂ ਪਹਿਲਾਂ ਕਾਂਗਰਸ-ਮੁਸਲਮ ਲੀਗ ਵਿਚ ਜੋ ਸੰਘਰਸ਼ ਚੱਲਿਆ ਉਸ ਬਾਰੇ ਹੁਣ ਤਕ ਕਿਤਾਬਾਂ ਛਪ ਰਹੀਆਂ ਹਨ। ਮਹਾਤਮਾ ਗਾਂਧੀ, ਪੰਡਤ ਜਵਾਹਰ ਲਾਲ ਨਹਿਰੂ ਤੇ ਮੁਹੰਮਦ ਅਲੀ ਜਿਨਾਹ ਦੇ ਬਾਰੇ ਇਤਿਹਾਸਕਾਰ ਨਿੱਤ ਨਵੀਂ ਖੋਜ ਕਰ ਰਹੇ ਹਨ। ਕਈ ਮੁਸਲਮਾਨ ਲੇਖਕ ਹੁਣ ਪਛਤਾ ਰਹੇ ਹਨ ਕਿ ਵੰਡ ਕਾਰਨ ਸਮੁੱਚੀ ਮੁਸਲਮ ਕੌਮ ਨੂੰ ਨੁਕਸਾਨ ਪੁਜਾ ਹੈ। ਅੱਜ ਭਾਰਤ ਵਿਚ ਮੁਸਲਮ ਆਬਾਦੀ ਦੇ ਦਬਾਓ ਕਾਰਨ ਜੋ ਸਿਆਸਤ ਹੋ ਰਹੀ ਹੈ, ਉਸਨੂੰ ਵੇਖਕੇ ਕਈ ਵਿਦਵਾਨ ਸੋਚਦੇ ਹਨ ਕਿ ਜੇ ਸਾਰੇ ਪਾਕਿਸਤਾਨੀ ਤੇ ਬੰਗਲਾ ਦੇਸ਼ੀ ਵੀ ਇਸ ਵਿਚ ਸ਼ਾਮਿਲ ਹੁੰਦੇ ਤਾਂ ਭਾਰਤ ਦੀ ਕੀ ਸਥਿਤੀ ਹੁੰਦੀ। ਖੈਰ ਜੋ 1947 ਵਿਚ ਵਾਪਰਿਆ ਉਸ ਵਿਚ ਸਭ ਤੋਂ ਵਧ ਨੁਕਸਾਨ ਸਿਖਾਂ ਦਾ ਹੋਇਆ। ਇਸ ਕਾਰਨ ਉਸ ਵਕਤ ਦੀ ਲੀਡਰਸ਼ਿਪ ਬਾਰੇ ਕਈ ਲੇਖ ਛਪੇ ਹਨ। ਕਈਆਂ ਨੇ ਰਾਏ ਦਿੱਤੀ ਹੈ ਕਿ ਉਸ ਵਕਤ ਵੱਖਰੀ ਸਿਖ ਸਟੇਟ ਅੰਗਰੇਜ਼ ਦੇਣ ਨੂੰ ਤਿਆਰ ਸੀ। ਇਹ ਵੀ ਛਪਿਆ ਹੈ ਕਿ ਜਿਨਾਹ ਵੀ ਸਿਖਾਂ ਨੂੰ ਪਾਕਿਸਤਾਨ ਵਿਚ ਸਭ ਕੁਝ ਦੇਣ ਲਈ ਤਿਆਰ ਸੀ। ਮੈਂ ਉਸ ਵਕਤ ਦੇ ਵਾਪਰੇ ਹਾਲਾਤ ਤੇ ਕਈ ਕਿਤਾਬਾਂ ਪੜ੍ਹੀਆਂ ਹਨ। ਅੰਗਰੇਜ਼ ਸਰਕਾਰ ਦੇ ਸਾਰੇ ਰਿਕਾਰਡ ਪ੍ਰਕਾਸ਼ਿਤ ਹੋ ਚੁੱਕੇ ਹਨ। ਲਾਰਡ ਵੇਵਲ ਤੇ ਲਾਰਡ ਮਾਊਂਟ ਬੈਟਨ ਉਸ ਵਕਤ ਵਾਇਸਰਾਏ ਸਨ। ਹਰ ਘਟਨਾ ਅਤੇ ਚਿੱਠੀ ਪੱਤਰ ਛਪ ਚੁੱਕਾ ਹੈ। ਕੁਝ ਵੀ ਸਾਡੇ ਤੋਂ ਲੁਕਾ ਕੇ ਨਹੀਂ ਰੱਖਿਆ ਗਿਆ। ਸਿਖਾਂ ਦੇ ਉਸ ਵਕਤ ਦੇ ਲੀਡਰਾਂ ਵਿੱਚੋਂ ਕੇਵਲ ਮਾਸਟਰ ਤਾਰਾ ਸਿੰਘ ਨੇ 'ਮੇਰੀ ਯਾਦ' ਨਾਂ ਦੀ ਪੁਸਤਕ ਲਿਖੀ ਹੈ। ਬਲਦੇਵ ਸਿੰਘ ਗਿਆਨੀ ਕਰਤਾਰ ਸਿੰਘ, ਸਵਰਨ ਸਿੰਘ ਕੁਝ ਵੀ ਲਿਖਕੇ ਨਹੀਂ ਗਏ।

ਸਿਖਾਂ ਦੇ ਇਕੋ ਅਖਬਾਰ ਅਜੀਤ ਜੋ ਪਹਿਲਾਂ ਉਰਦੂ ਵਿਚ ਛਪਦਾ ਸੀ ਦੇ ਐਡੀਟਰ ਸਾਧੂ ਸਿੰਘ ਹਮਦਰਦ ਜੋ ਹਰ ਮੋੜ 'ਤੇ ਹਾਜ਼ਰ

ਸਨ ਤੇ ਹਰ ਮੀਟਿੰਗ ਦਾ ਰਿਕਾਰਡ ਰੱਖਦੇ ਸਨ ਦੀ ਕਿਤਾਬ 'ਯਾਦ ਬਣੀ ਇਤਿਹਾਸ' ਹਰ ਇਕ ਨੂੰ ਪੜ੍ਹਨ ਦੀ ਲੋੜ ਹੈ। ਕਿਸੇ ਹੋਰ ਅਕਾਲੀ ਜਾਂ ਕਾਂਗਰਸੀ ਸਿਖ ਲੀਡਰ ਨੇ ਕੁਝ ਵੀ ਇਤਿਹਾਸ ਲਈ ਨਹੀਂ ਲਿਖਿਆ। ਪਿੱਛੇ ਜਿਹੇ ਮਲਿਕ ਹਰਦਿੱਤ ਸਿੰਘ ਜੋ ਪਟਿਆਲਾ ਸਟੇਟ ਦੇ ਪਰਾਈਮ ਮਨਿਸਟਰ ਸਨ ਨੇ ਆਪਣੀ ਕਿਤਾਬ ਮਰਨ ਤੋਂ ਪਹਿਲਾਂ ਛਾਪ ਦਿੱਤੀ ਸੀ। ਡਾਕਟਰ ਕਿਰਪਾਲ ਸਿੰਘ ਜੋ ਪੰਜਾਬੀ ਯੂਨੀਵਰਸਿਟੀ ਵਿਚ ਹਿਸਟਰੀ ਦੇ ਪ੍ਰੋਫੈਸਰ ਸਨ ਨੇ ਬੜੀ ਖੋਜ ਕਰਕੇ ਅਤੇ ਸਬੰਧੰਤ ਅੰਗਰੇਜ਼ ਉੱਚ ਹਸਤੀਆਂ ਨੂੰ ਆਪ ਮਿਲਕੇ ਇਕ ਕਿਤਾਬ ਛਾਪੀ ਹੈ ਜੋ ਇਤਿਹਾਸ ਨੂੰ ਸਹੀ ਰੂਪ ਵਿਚ ਪਰਗਟ ਕਰਦੀ ਹੈ। ਉਹਨਾਂ ਨੇ ਬੜੇ ਭੁਲੇਖੇ ਜੋ ਪਾਏ ਜਾ ਰਹੇ ਹਨ ਦੂਰ ਕੀਤੇ ਹਨ। ਮੈਂ ਬੜੀ ਦੇਰ ਤੋਂ ਇਸ ਯਤਨ ਵਿਚ ਸੀ। ਕੋਈ ਯੂਨੀਵਰਸਿਟੀ ਇਹਨਾਂ ਸਾਰੇ ਹਾਲਾਤ ਬਾਰੇ ਇਕ ਖੋਜ ਪੁਸਤਕ ਕਿਸੇ ਪਰਮਾਣਤ ਇਤਿਹਾਸ ਦੇ ਪ੍ਰੋਫੈਸਰ ਤੋਂ ਤਿਆਰ ਕਰਵਾਏ। ਮੈਨੂੰ ਖੁਸ਼ੀ ਹੈ ਕਿ ਡਾ. ਜਸਪਾਲ ਸਿੰਘ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਇਹ ਪ੍ਰੋਜੈਕਟ ਆਰੰਭ ਕਰ ਦਿੱਤਾ ਹੈ। ਇਤਿਹਾਸ ਨੂੰ ਸਹੀ ਰੂਪ ਵਿਚ ਲਿਖ ਕੇ ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਲਈ ਭੇਂਟ ਕਰਨਾ ਜ਼ਰੂਰੀ ਹੈ। ਉਮੀਦ ਹੈ ਇਹ ਕਿਤਾਬ ਸਾਰੇ ਵਿਸ਼ਵ ਵਿਚ ਇਕ ਇਤਿਹਾਸਕ ਦੇਣ ਬਣੇਗੀ। ਅੰਗਰੇਜ਼ ਸਰਕਾਰ ਨੇ ਪਹਿਲਾਂ ਕਰਿਪਸ ਮਿਸ਼ਨ ਭੇਜਿਆ। ਉਹ ਫੇਲ੍ਹ ਹੋ ਗਿਆ। ਫਿਰ ਕੈਬਿਨਟ ਮਿਸ਼ਨ ਆਇਆ। ਸਾਰੇ ਹਾਲਾਤ ਨੂੰ ਵੇਖਦਿਆਂ ਕਾਂਗਰਸ ਨੇ ਭਾਰਤ ਦੀ ਵੰਡ ਮੰਨ ਲਈ। ਉਸ ਵਕਤ ਸਿਖਾਂ ਵੱਲੋਂ ਪਹਿਲਾਂ ਅਜ਼ਾਦ ਪੰਜਾਬ ਦੀ ਮੰਗ ਰੱਖੀ। ਇਸ ਬਾਰੇ ਬੜੀਆਂ ਮੀਟਿੰਗਾਂ ਕਾਂਗਰਸ ਲੀਡਰਾਂ ਨਾਲ ਤੇ ਅੰਗਰੇਜ਼ਾਂ ਨਾਲ ਹੋਈਆਂ। ਕੋਈ ਭਰੋਸੇਯੋਗ ਹੱਲ ਨਾ ਲੱਭਿਆ। ਉਸ ਸ਼ਾਮ ਸਰੂਪ ਸਿੰਘ ਜੋ ਆਲ ਇੰਡਿਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸਨ ਨੇ ਜਿਨਾਹ ਨਾਲ ਮੁਲਾਕਾਤ ਕੀਤੀ ਉਹ ਪਹਿਲਾਂ ਤਾਂ ਬਜਿਦ ਸੀ ਕਿ ਕੋਈ ਹੱਲ ਨਹੀਂ ਹੈ। ਫਿਰ ਹਾਲਾਤ ਨੂੰ ਵੇਖਦੇ ਹੋਏ ਇਹ ਸੋਚ ਕੇ ਕਿ ਸਮੁੱਚਾ ਪੰਜਾਬ ਪਾਕਿਸਤਾਨ ਵਿਚ ਕੇਵਲ ਸਿਖਾਂ ਨੂੰ ਨਾਲ ਰੱਖ ਕੇ ਹੀ ਜਾ ਸਕਦਾ ਹੈ। ਜਿਨਾਹ ਨੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨਾਲ ਮੁਲਾਕਾਤ ਕਰਨੀ ਚਾਹੀ ਤੇ ਇਸ ਲਈ ਉਨ੍ਹਾਂ ਨੂੰ ਦਿੱਲੀ ਆਉਣ ਦਾ ਸੁਨੇਹਾ ਭੇਜਿਆ। ਮਹਾਰਾਜਾ ਨੇ ਉਸ ਨੂੰ ਪਟਿਆਲੇ ਆਉਣ ਲਈ ਕਿਹਾ। ਇਸ ਦੌਰਾਨ ਮਲਿਕ ਹਰਦਿੱਤ ਸਿੰਘ ਜੋ ਪਟਿਆਲਾ ਦੇ ਪਰਾਈਮ ਮਨਿਸਟਰ ਸਨ ਨੇ ਗੱਲਬਾਤ ਕੀਤੀ। ਇਸ ਅਨੁਸਾਰ ਇਹ ਇਤਿਹਾਸਕ

ਮੀਟਿੰਗ ਦਿੱਲੀ ਵਿਚ ਭਗਵਾਨ ਦਾਸ ਰੋਡ ਤੇ ਚਾਰ ਨੰਬਰ ਕੋਠੀ ਜੋ ਮਲਿਕ ਸਰ ਤੇਜਾ ਸਿੰਘ ਦੀ ਸੀ ਵਿਚ 1946 ਵਿਚ ਹੋਈ। ਇਸ ਮੀਟਿੰਗ ਵਿਚ ਮੁਹੰਮਦ ਅਲੀ ਜਿਨਾਹ ਇਕੱਲੇ ਆਏ, ਸਿਖਾਂ ਵੱਲੋਂ ਮਾਸਟਰ ਤਾਰਾ ਸਿੰਘ , ਗਿਆਨੀ ਕਰਤਾਰ ਸਿੰਘ ਮਹਾਰਾਜਾ ਯਾਦਵਿੰਦਰ ਸਿੰਘ ਤੇ ਮਲਿਕ ਹਰਦਿੱਤ ਸਿੰਘ ਸ਼ਾਮਲ ਸਨ। ਇਸ ਦਾ ਵੇਰਵਾ ਮਲਿਕ ਹਰਦਿੱਤ ਸਿੰਘ ਨੇ ਇੰਡੀਅਨ ਐਕਸਪ੍ਰੈਸ ਅਖਬਾਰ ਵਿਚ 12 ਨਵੰਬਰ 1981 ਨੂੰ ਇਕ ਲੇਖ ਵਿਚ ਛਾਪਿਆ ਹੈ। ਸਾਧੂ ਸਿੰਘ ਹਮਦਰਦ ਨੇ ਵੀ ਆਪਣੀ ਕਿਤਾਬ ਵਿਚ ਜੋ ਕੁਝ ਗਿਆਨੀ ਕਰਤਾਰ ਸਿੰਘ ਨੇ ਉਸ ਨੂੰ ਦੱਸਿਆ, ਛਾਪਿਆ ਹੈ। ਜਿਨਾਹ ਨੇ ਸਿਖਾਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਸਾਰੇ ਹਕੂਕ ਮਿਲਣਗੇ ਤੇ ਮਿਸਾਲ ਦਿੱਤੀ ਕਿ ਜਿਵੇਂ ਮਿਸਰ ਦੀ ਆਜ਼ਾਦੀ ਸਮੇਂ ਜਗਲੋਲ ਪਾਸ਼ਾ ਤੇ ਇਸਾਈ ਘੱਟ ਗਿਣਤੀ ਨੂੰ ਹੱਕ ਦਿੱਤੇ ਉਹ ਵੀ ਉਦਾਂ ਹੀ ਸਿਖ ਘੱਟ ਗਿਣਤੀ ਨੂੰ ਦੇਣਗੇ। ਮਲਿਕ ਹਰਦਿੱਤ ਸਿੰਘ ਨੇ ਲਿਖਿਆ ਕਿ ਜਿਨਾਹ ਤੋਂ ਜਦ ਪੁੱਛਿਆ ਕਿ ਜੋ ਜਿਨਾਹ ਅੱਜ ਮੰਨ ਰਿਹਾ ਹੈ ਉਸ ਪਿੱਛੋਂ ਪਾਕਿਸਤਾਨ ਸਰਕਾਰ ਕਿਵੇਂ ਕਬੂਲ ਕਰੇਗੀ। ਉਸ ਨੇ ਕਿਹਾ ਕਿ ਉਹ ਜਿਵੇਂ ਕਹਿ ਦੇਵੇਗਾ ਉਹ ਇਲਾਹੀ ਹੁਕਮ ਹੋਵੇਗਾ ਤੇ ਹਰ ਪਾਕਿਸਤਾਨੀ ਉਸਨੂੰ ਮੰਨੇਗਾ। ਜਿਨਾਹ ਨੇ ਖਾਲਿਸਤਾਨ ਦੀ ਕੋਈ ਮੰਗ ਨਾ ਮੰਨੀ। ਉਹ ਇਕੋ ਗੱਲ ਤੇ ਅੜਿਆ ਰਿਹਾ ਕਿ ਸਿਖ ਪਾਕਿਸਤਾਨ ਵਿਚ ਆ ਜਾਣ ਤੇ ਘੱਟ ਗਿਣਤੀ ਵਾਲੇ ਹੱਕ ਮੰਨ ਜਾਣ। ਮਾਸਟਰ ਤਾਰਾ ਸਿੰਘ ਨੇ ਕਿਹਾ ਕਿ ਜਿਵੇਂ ਮੁਸਲਮਾਨ ਵੱਖਰੀ ਸਟੇਟ ਚਾਹੁੰਦੇ ਹਨ, ਸਿਖ ਵੀ ਸਟੇਟ ਚਾਹੁੰਦੇ ਹਨ। ਉਨ੍ਹਾਂ ਨੇ ਜਿਨਾਹ ਨੂੰ ਸਿਖ ਮੰਗ ਦੀ ਹਿਮਾਇਤ ਕਰਨ ਲਈ ਕਿਹਾ। ਉਸ ਤੇ ਉਹ ਚੁੱਪ ਹੋ ਗਏ। ਮੀਟਿੰਗ ਬਿਨਾਂ ਕਿਸੇ ਨਤੀਜੇ ਤੋਂ ਖਤਮ ਹੋ ਗਈ। ਜੋ ਅੱਜ ਕਿਹਾ ਜਾ ਰਿਹਾ ਹੈ ਕਿ ਜਿਨਾਹ ਮੰਨ ਗਿਆ ਸੀ। ਉਸੇ ਵਕਤ ਮਾਰਚ 1947 ਵਿਚ ਜੋ ਮੁਸਲਮਾਨਾਂ ਤੇ ਰਾਵਲਪਿੰਡੀ ਇਲਾਕੇ ਵਿਚ ਸਿਖਾਂ 'ਤੇ ਜ਼ੁਲਮ ਕੀਤੇ ਉਹ ਸਾਡੇ ਸਾਹਮਣੇ ਹਨ। ਅਸੀਂ ਬਾਤ ਕਰੀਏ ਕਿ ਬੰਗਲਾ ਦੇਸ਼ ਵਿਚ ਸਾਰੇ ਮੁਸਲਮਾਨ ਸਨ, ਉਹ ਕਿਉਂ ਪਾਕਿਸਤਾਨ ਵਿਰੁੱਧ ਹੋਏ। ਕਿੰਨੇ ਜ਼ੁਲਮ ਸਹਿ ਕੇ ਉਹਨਾਂ ਆਜ਼ਾਦੀ ਪ੍ਰਾਪਤ ਕੀਤੀ। ਪਠਾਨ ਕੌਮ ਖਾਨ ਬਾਦਸ਼ਾਹ ਦੇ ਨਾਲ ਸੀ। ਕਿਤਨੇ ਜ਼ੁਲਮ ਉਹਨਾਂ ਤੇ ਹੋਏ, ਕਦੇ ਉਹ ਪੜ੍ਹੋ। ਕੀ ਸਿਖ ਪਾਕਿਸਤਾਨ ਵਿਚ ਰਹਿ ਕੇ ਸੁਖੀ ਵਸਦੇ? ਇਸ ਸਵਾਲ ਦਾ ਜਵਾਬ ਸਾਨੂੰ ਸੋਚਣਾ ਚਾਹੀਦਾ ਹੈ। ਸਮੁੱਚੀ ਸਿਖ ਕੌਮ ਨੇ ਪਾਕਿਸਤਾਨ ਵਿਰੁੱਧ ਫੈਸਲਾ ਲਿਆ। ਭਾਰਤ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਸਾਰੇ ਸਿਖ ਇਸ ਫੈਸਲੇ ਤੇ ਇਕੱਠੇ ਸਨ।

# ਨਾਨਕ ਨਾਮ ਲੇਵਾ ਦੀ ਵਿਰਾਸਤ

ਕਈ ਵਾਰ ਮੈਂ ਸੋਚਦਾ ਹਾਂ ਕਿ ਹਰ ਧਰਮ ਵਾਲੇ ਆਪਣਾ ਦਾਇਰਾ ਵਧਾਉਣ ਵਿੱਚ ਲੱਗੇ ਰਹਿੰਦੇ ਹਨ ਪਰ ਸਿਖ ਮੁਸਲਮਾਨ ਅਤੇ ਈਸਾਈ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਆਪਣੇ ਵਿੱਚ ਸ਼ਾਮਿਲ ਕਰਵਾਉਣ ਲਈ ਹਰ ਹੀਲਾ ਵਰਤਦੇ ਹਨ। ਸਿਖ ਮੱਤ ਧਰਮ ਪਰਿਵਰਤਨ ਦੇ ਵਿਰੁੱਧ ਹੈ। ਗੁਰਬਾਣੀ ਵਿੱਚ ਦਰਜ ਹੈ : ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ।।

ਸਾਡੇ ਗੁਰੂ ਹਰ ਧਰਮ ਨੂੰ ਚੰਗਾ ਕਹਿਣ ਦਾ ਉਪਦੇਸ਼ ਦਿੰਦੇ ਸਨ ਪਰ ਇਹ ਕਿਧਰੇ ਹੁਕਮ ਨਹੀਂ ਕੀਤਾ ਗਿਆ ਕਿ ਜੋ ਆਪਣੇ ਸਿਧਾਂਤ ਵਿੱਚ ਵਿਸ਼ਵਾਸ ਰੱਖਦਾ ਹੈ, ਉਸ ਨੂੰ ਵੀ ਦੂਰ ਕਰ ਦੇਵੋ। ਜਦੋਂ ਹਰ ਦਸ ਸਾਲਾਂ ਬਾਅਦ ਮਰਦਮ ਸ਼ੁਮਾਰੀ ਹੁੰਦੀ ਹੈ ਤਾਂ ਸਭ ਤੋਂ ਘੱਟ ਅਬਾਦੀ ਦਰ ਸਿਖਾਂ ਵਿੱਚ ਪਾਈ ਜਾਂਦੀ ਹੈ। ਅਸੀਂ ਹਾਲੇ ਤੱਕ 2 ਕਰੋੜ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇ ਹਾਂ। ਈਸਾਈਆਂ ਦੀ ਗਿਣਤੀ ਢਾਈ ਕਰੋੜ ਤੋਂ ਵੱਧ ਹੈ। ਕਈ ਵਾਰ ਇਸ ਬਾਰੇ ਚਰਚਾ ਵੀ ਹੁੰਦੀ ਹੈ। ਅੱਜ ਘੱਟ ਗਿਣਤੀਆਂ ਦਾ ਬੁਰਾ ਹਾਲ ਹੈ। ਹਰ ਧਰਮ, ਜਾਤ ਅਤੇ ਉਪ-ਜਾਤ ਆਪਣੀ ਗਿਣਤੀ ਦੇ ਆਧਾਰ 'ਤੇ ਹੱਕ ਮੰਗਦੇ ਹਨ। ਸੰਸਦ ਅਤੇ ਵਿਧਾਨ ਸਭਾ ਚੋਣਾਂ ਵਿੱਚ ਵੀ ਸਿਆਸੀ ਪਾਰਟੀਆਂ ਹਰ ਤਬਕੇ ਦੀ ਆਬਾਦੀ ਦੇ ਆਧਾਰ 'ਤੇ ਟਿਕਟਾਂ ਵੰਡਦੀਆਂ ਹਨ। ਸਿਖਾਂ ਨੂੰ ਅੰਤਰਝਾਤ ਮਾਰਨ ਅਤੇ ਸਮਝਣ ਦੀ ਲੋੜ ਹੈ ਕਿ ਅਸੀਂ ਕਿੱਥੇ ਪਿੱਛੇ ਜਾ ਰਹੇ ਹਾਂ? ਕਿਹੜੀ ਸਮੱਸਿਆ ਦਾ ਹੱਲ ਕਰਨ ਤੋਂ ਅਸੀਂ ਕਿਉਂ ਪਿੱਛੇ ਹਾਂ ? ਮੈਂ ਇੱਥੇ ਸਿਖੀ ਦੀ ਘਾਟ ਜੋ ਪਤਿਤ ਹੋਣ ਕਰਕੇ ਹੋ ਗਈ ਹੈ, ਦਾ ਵਰਨਣ ਨਹੀਂ ਕਰਨਾ ਚਾਹੁੰਦਾ। ਲੋੜ ਹੈ ਗੁਰੂ ਨਾਨਕ ਦੇਵ ਦੀ ਬਾਣੀ ਨੂੰ ਪਛਾਨਣ ਦੀ। ਸਾਰਾ ਸਿਖ ਸਮਾਜ ਗੁਰੂ ਨਾਨਕ ਦੇਵ ਜੀ ਦੀ ਬਾਣੀ 'ਤੇ ਖੜ੍ਹਾ ਹੈ। ਗੁਰੂ ਨਾਨਕ ਨਾਮ ਲੇਵਾ ਕੌਣ ਹਨ? ਜੋ ਕੇਵਲ ਗੁਰੂ ਨਾਨਕ ਦੇਵ ਨੂੰ ਆਪਣਾ ਇਸ਼ਟ ਮੰਨਦਾ ਹੈ, ਉਹ ਇਸ ਦਾਇਰੇ ਵਿਚ ਆਉਂਦਾ ਹੈ। ਇਹ ਵਿਸ਼ਾਲ ਦਾਇਰਾ ਹੈ। ਅਸੀਂ ਕਿਸੇ ਨੂੰ ਰੋਕ ਨਹੀਂ ਸਕਦੇ ਕਿ ਉਹ ਗੁਰੂ ਨਾਨਕ ਦਾ ਜਾਪ ਕਿਉਂ ਕਰ ਰਿਹਾ ਹੈ। ਹਰ ਇੱਕ ਨੂੰ ਧਰਮ ਦਾ ਰਾਹ ਅਪਨਾਉਣ ਦੀ ਖੁੱਲ੍ਹ ਹੈ। ਧਾਰਮਿਕ ਆਜ਼ਾਦੀ ਲਈ ਤਾਂ ਗੁਰੂ ਤੇਗ ਬਹਾਦਰ ਸ਼ਹੀਦੀ ਦੇ ਗਏ ਸਨ। ਕੀ ਇਨ੍ਹਾਂ

ਸ਼ਰਧਾਲੂਆਂ ਨੂੰ ਲੱਭਣਾ ਔਖਾ ਹੈ? ਇਹ ਗੱਲ ਸੱਚ ਹੈ ਕਿ ਰੱਬ ਦੀ ਉਸਤਤ ਹਰ ਕੋਈ ਕਰਦਾ ਹੈ। ਹਰ ਇੱਕ ਦਾ ਆਪਣਾ ਢੰਗ ਹੈ। ਸਿਖ ਧਰਮ ਵਿੱਚ ਹੀ ਵੇਖ ਲਵੋ। ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਪਰੰਪਰਾ ਵੱਖਰੀ ਹੈ। ਉੱਥੇ ਹਜ਼ਾਰਾਂ ਵਣਜਾਰੇ ਅਤੇ ਸਿਕਲੀਗਰ ਕਿਹੜੇ ਲਿਬਾਸ ਵਿੱਚ ਆ ਕੇ ਕਿਵੇਂ ਆਪਣੀ ਸ਼ਰਧਾ ਪ੍ਰਗਟ ਕਰਦੇ ਹਨ। ਮੈਂ ਤਸੱਵਰ ਕਰਦਾ ਹਾਂ ਕਿ ਜੋ ਸਿਖ ਗੁਰੂ ਦੀ ਬਖਸ਼ਿਸ਼ ਸਦਕਾ ਪੂਰਾ ਤਿਆਰ-ਬਰ-ਤਿਆਰ ਹੋ ਜਾਂਦਾ ਹੈ, ਉਹ ਸਿੰਘ ਸਜ ਜਾਂਦਾ ਹੈ। ਜਦੋਂ ਦਾ ਸੰਨ 1925 ਦਾ ਗੁਰਦੁਆਰਾ ਐਕਟ ਬਣਿਆ ਹੈ, ਉਦੋਂ ਤੋਂ ਸਿਖ ਉਸ ਅਨੁਸਾਰ ਵੋਟਾਂ ਰਾਹੀਂ ਗੁਰਦੁਆਰਾ ਕਮੇਟੀ ਚੁਣਦੇ ਆ ਰਹੇ ਹਨ। ਇਸ ਸਿਸਟਮ ਨੇ ਸਾਨੂੰ ਕਈ ਲਾਭ ਦਿੱਤੇ ਹਨ ਪਰ ਇੱਕ ਨੁਕਸਾਨ ਇਹ ਹੋਇਆ ਹੈ ਕਿ ਵੋਟਰ ਬਣਨ ਦੇ ਚੱਕਰ ਵਿੱਚ ਸਾਨੂੰ ਫਸਾ ਦਿੱਤਾ ਗਿਆ ਹੈ ਪਰ ਇਹ ਕਾਇਮ ਰੱਖਦੇ ਹੋਏ ਵੀ ਅਸੀਂ ਸਿਖੀ ਦੇ ਦਾਇਰੇ ਨੂੰ ਵਧਾ ਸਕਦੇ ਹਾਂ। ਜਦੋਂ ਸਹਿਜਧਾਰੀ ਸਿਖਾਂ ਨੂੰ ਵੋਟਰ ਸੂਚੀ ਵਿੱਚੋਂ ਕੱਟ ਦਿੱਤਾ ਗਿਆ ਸੀ ਤਾਂ ਮੈਂ ਸੁਝਾਅ ਦਿੱਤਾ ਸੀ ਕਿ ਇਿਹ ਪਾਬੰਦੀ ਕਾਇਮ ਰੱਖੋ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰਨ ਸਿੰਘਾਂ ਦੀ ਹੋਵੇ ਪਰ ਜੋ ਪੂਰਨ ਸਿੰਘ ਨਹੀਂ ਹਨ, ਉਨ੍ਹਾਂ ਨੂੰ ਸਿਖ ਹੋਣ ਕਰਕੇ ਬਾਕੀ ਮਾਣ-ਸਨਮਾਨ ਤੋਂ ਕਿਵੇਂ ਬਾਹਰ ਰੱਖਿਆ ਜਾ ਸਕਦਾ ਹੈ?

ਮੈਂ ਦਿੱਲੀ ਵਿਖੇ ਇੱਕ ਨਾਮਧਾਰੀ ਪ੍ਰੋਗਰਾਮ ਵਿੱਚ ਸ਼ਾਮਲ ਹੋਇਆ, ਮੈਂ ਨਾਮਧਾਰੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਮਨਾਉਂਦਿਆਂ ਵੇਖਿਆ। ਉਥੇ ਠਾਕੁਰ ਦਲੀਪ ਸਿੰਘ ਨੇ ਆਪਣੇ ਭਾਸ਼ਣ ਵਿੱਚ ਜ਼ੋਰ ਦਿੱਤਾ ਕਿ ਨਾਨਕ ਨਾਮ ਲੇਵਾ ਇੱਕਠੇ ਕੀਤੇ ਜਾਣ। ਪੰਜਾਬੀ ਯੂਨੀਵਰਸਿਟੀ ਦੇ ਵੀ.ਸੀ. ਦੇ ਉੱਦਮ ਨਾਲ ਨਿਰਮਲੇ ਸੰਤਾਂ ਅਤੇ ਉਦਾਸੀ ਪਰੰਪਰਾ ਵਾਲਿਆਂ ਦੇ ਦੋ ਸੰਮੇਲਨ ਕੀਤੇ ਗਏ ਸਨ। ਦੋਵੇਂ ਪ੍ਰੋਗਰਾਮਾਂ ਵਿੱਚ ਹਰ ਕੋਈ ਆਪਣੇ -ਆਪ ਨੂੰ ਗੁਰੂ ਨਾਨਕ ਦੇਵ ਦੇ ਸ਼ਰਧਾਲੂ ਅਤੇ ਸਿਖ ਅਖਵਾਉਣ ਦਾ ਮਾਣ ਪ੍ਰਾਪਤ ਕਰ ਰਿਹਾ ਸੀ। ਬਾਬਾ ਸਿਰੀ ਚੰਦ ਦੇ ਹਜ਼ਾਰਾਂ ਮੱਠ ਉਦਾਸੀਆਂ ਨਾਲ ਭਰੇ ਹੋਏ ਹਨ। ਉਥੇ ਗੁਰੂ ਨਾਨਕ ਦੇਵ ਦੀ ਉਸਤਤ ਕੀਤੀ ਜਾਂਦੀ ਹੈ। ਰਾਧਾ ਸੁਆਮੀ ਸਮਾਜ ਦੇ ਪ੍ਰੋਗਰਾਮ ਮੈਂ ਆਪ ਸੁਣੇ ਹਨ। ਬਾਬਾ ਗੁਰਿੰਦਰ ਸਿੰਘ ਹਮੇਸ਼ਾ ਗੁਰਬਾਣੀ ਦੀ ਕਥਾ ਕਰਦੇ ਹਨ ਤੇ ਪਹਿਲੀ ਪਾਤਸ਼ਾਹੀ, ਦੂਜੀ, ਤੀਜੀ ਆਦਿ ਨਾਲ ਹੀ ਸਤਗੁਰਾਂ ਦੀ ਬਾਣੀ ਦਾ ਵਰਨਣ ਕਰਦੇ ਹਨ। ਇੱਕ ਗੁਰਦੁਆਰੇ ਦਾ ਝਗੜਾ ਹੋਇਆ। ਬਾਬਾ ਜੀ ਨੇ ਆਪ ਸਿਖ ਲੀਡਰਾਂ ਨੂੰ ਮਿਲ ਕੇ ਖਤਮ ਕੀਤਾ। ਉਹ ਆਪ ਦਰਬਾਰ

ਸਾਹਿਬ ਅੰਮ੍ਰਿਤਸਰ ਮੱਥਾ ਟੇਕਦੇ ਸਨ। ਸਿੰਧੀ ਜਿਥੇ ਵੀ ਰਹਿੰਦੇ ਹਨ, ਉਹ ਗੁਰੂ ਨਾਨਕ ਦੇਵ ਨੂੰ ਰੱਬ ਮੰਨਦੇ ਹਨ। ਮੈਂ ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਬਿਨਾਂ ਪਗੜੀ ਵਾਲੇ ਹਜ਼ਾਰਾਂ ਸ਼ਰਧਾਲੂ ਮੱਥਾ ਟੇਕਦੇ ਵੇਖਦਾ ਹਾਂ। ਅਨੇਕਾਂ ਹਿੰਦੂ ਬਜ਼ੁਰਗਾਂ ਦੇ ਭੋਗ ਗੁਰਦੁਆਰਾ ਸਾਹਿਬ ਵਿਚ ਪਾਉਂਦੇ ਹਨ। ਸਿਕਲੀਗਰ ਅਤੇ ਵਣਜਾਰਿਆਂ ਨੂੰ ਅਸੀਂ ਸਿਖ ਮੰਨਦੇ ਹਾਂ। ਉਨ੍ਹਾਂ ਲਈ ਕਈ ਥਾਂ ਗੁਰਦੁਆਰੇ ਬਣ ਹੋਏ ਹਨ। ਲੋੜ ਹੈ ਕਿ ਸਿਖ ਆਗੂ ਪਹਿਲ ਕਰਨ ਅਤੇ ਇਸ ਮਸਲੇ ਨੂੰ ਹੱਲ ਕਰਨ। ਮੈਂ ਸੁਣਿਆ ਹੈ ਕਿ ਇੱਕ ਵਾਰ ਨਾਮਧਾਰੀ ਗੁਰੂ ਬਾਬਾ ਪਰਤਾਪ ਸਿੰਘ ਨੇ ਭੈਣੀ ਸਾਹਿਬ ਵਿੱਚ ਨਾਨਕ ਨਾਮ ਲੇਵਾ ਸੰਮੇਲਨ ਕਰਵਾਇਆ ਸੀ। ਜਿਸ ਵਿਚ ਮਾਸਟਰ ਤਾਰਾ ਸਿੰਘ ਸਮੇਤ ਸਾਰੇ ਵਰਗ ਸ਼ਾਮਲ ਹੋਏ ਸਨ। ਕੀ ਹੁਣ ਅਸੀਂ ਇਹ ਖੇਚਲ ਨਹੀਂ ਕਰ ਸਕਦੇ? ਘੱਟੋ-ਘੱਟ ਹਰ ਇਕ ਨੂੰ ਇਹ ਮਨਵਾ ਲਵੋ ਕਿ ਉਹ ਖ਼ੁਦ ਨੂੰ ਸਿਖ ਲਿਖਵਾਉਣ। ਇਸ ਨਾਲ ਹੀ ਅਬਾਦੀ ਦੀ ਗਿਣਤੀ ਵੱਧ ਜਾਵੇਗੀ। ਉਨ੍ਹਾਂ ਨੂੰ ਗਲੇ ਲਾ ਕੇ ਅਸੀਂ ਗੁਰੂ ਦਾ ਸੰਦੇਸ਼ ਅਪਣਾਵਾਂਗੇ।

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

ਇਕ ਹੋਰ ਵਿਚਾਰ ਹੈ। ਡੇਹਰਦੂਨ ਵਿੱਚ ਬਾਬਾ ਰਾਮ ਰਾਏ ਦਾ ਡੇਰਾ ਹੈ ਜਿਸ ਦੀ ਬੜੀ ਮਹਾਨਤਾ ਹੈ। ਮੈਂ ਉਥੇ ਗਿਆ ਹਾਂ। ਉਥੇ ਗੁਰੂ ਮਹਾਰਾਜ ਦਾ ਪਰਕਾਸ਼ ਵੀ ਕੀਤਾ ਹੋਇਆ ਹੈ। ਪੰਜਾਬ ਤੋਂ ਹਜ਼ਾਰਾਂ ਸਿਖ ਉਥੇ ਜਾਂਦੇ ਹਨ। ਇਤਿਹਾਸਕਾਰ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਪਾਉਂਟਾ ਸਾਹਿਬ ਤੋਂ ਆ ਕੇ ਉਸ ਵਕਤ ਬਾਬਾ ਰਾਮ ਰਾਏ ਦੀ ਪਤਨੀ ਨੂੰ ਮਿਲੇ ਸਨ ਅਤੇ ਉਨ੍ਹਾਂ ਦੀ ਮਦਦ ਕੀਤੀ ਸੀ। ਅਸੀਂ ਕਦੇ ਇਸ ਪ੍ਰਸੰਗ ਨੂੰ ਅੱਗੇ ਨਹੀਂ ਤੋਰਿਆ। ਇਸ ਡੇਰੇ ਦੇ ਪੁਰਾਤਨ ਕੰਧ ਚਿੱਤਰਾਂ ਦੀ ਸੰਭਾਲ ਲਈ ਵੱਡੀ ਰਕਮ ਇਸ ਨੂੰ ਭਾਰਤ ਸਰਕਾਰ ਤੋਂ ਦਿਵਾਈ ਗਈ ਸੀ। ਬਾਬਾ ਜੀ ਨੂੰ ਇੱਕ ਵਾਰ ਸੁਝਾਅ ਵੀ ਦਿੱਤਾ ਸੀ ਕਿ ਉਹ ਜੋ ਮੈਡੀਕਲ ਕਾਲਜ ਚਲਾ ਰਹੇ ਹਨ, ਉਸ ਨੂੰ ਸਿਖ ਘੱਟ ਗਿਣਤੀ ਅਦਾਰੇ ਦਾ ਸਰਟੀਫ਼ਿਕੇਟ ਲੈ ਕੇ ਚਲਾਉਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਆਪਣੇ ਸਾਥੀਆਂ ਨਾਲ ਸਲਾਹ ਕਰ ਕੇ ਇਸ ਸਾਰੇ ਪ੍ਰੋਗਰਾਮ ਨੂੰ ਉਲੀਕਣ ਤੇ ਇੱਕ ਵਾਰ ਆਪ ਪਹਿਲ ਕਰ ਕੇ ਸਭ ਨੂੰ ਆਦਰ ਸਹਿਤ ਬੁਲਾਉਣ ਤੇ ਗੁਰੂ ਪ੍ਰਤੀ ਇਸ ਸੇਵਾ ਦਾ ਜਸ ਖੱਟਣ।

# ਹਿੰਦੂ ਸਿਖ ਭਾਈਚਾਰਾ

ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ 1469 ਵਿਚ ਹੋਇਆ। ਉਹਨਾਂ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਸ ਸਮੇਂ ਤੋਂ ਨਾਨਕ ਨਾਮ ਲੇਵਾ ਚਲੇ ਆ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿਚ ਖਾਲਸਾ ਸਾਜਿਆ ਤੇ ਸਾਰੇ ਭਾਰਤ ਵਿਚੋਂ ਪਹਿਲੇ ਪੰਜ ਸਿੰਘ ਬਣਾਏ। ਇਕ ਸਚਾਈ ਹਮੇਸ਼ਾਂ ਲਈ ਕਾਇਮ ਹੈ ਕਿ ਜੋ ਵੀ ਪੂਰਾ ਸਿਖ ਬਣਿਆ ਉਹ ਹਿੰਦੂ ਕੌਮ ਵਿਚੋਂ ਸੀ। ਗਿਣਤੀ ਦੇ ਮੁਸਲਮਾਨ ਭਾਈ ਸਿੰਘ ਸਜੇ ਸਨ। ਜਦ ਅਬਦਾਲੀ ਦੇ ਹਮਲੇ ਪਿੱਛੋਂ ਇਹ ਐਲਾਨ ਹੋਇਆ ਕਿ ਸਿਖ ਖਤਮ ਕਰ ਦਿੱਤੇ ਗਏ ਹਨ, ਉਸ ਸਮੇਂ ਹਜ਼ਾਰਾਂ ਸਿਖ ਇਕ ਇਕ ਦਿਨ ਵਿਚ ਮਾਰੇ ਗਏ ਸਨ। ਫਿਰ ਸਿਖ ਉਭਰਕੇ ਆਏ। ਹਿੰਦੂ ਸਿਖ ਸਜਦੇ ਰਹੇ ਤੇ ਵਿਦੇਸ਼ੀ ਧਾੜਵੀਆਂ ਦਾ ਮੁਕਾਬਲਾ ਕਰਦੇ ਰਹੇ। ਹਿੰਦੂ ਸਿਖ ਭਾਈਚਾਰਾ ਇਕ ਅਟੁੱਟ ਸਘੰਰਸ਼ ਬਣਿਆ ਰਿਹਾ। ਹੋਰ ਮੁਸ਼ਕਲ ਦਾ ਟਾਕਰਾ ਇਹਨਾਂ ਇਕਠਿਆਂ ਕੀਤਾ ਹੈ। ਪਾਕਿਸਤਾਨ 1947 ਵਿਚ ਬਣਨ ਤੇ ਹਿੰਦੂ ਸਿਖ ਜ਼ੁਲਮ ਦਾ ਸ਼ਿਕਾਰ ਹੋਏ। ਇਹਨਾਂ ਨੂੰ ਉਥੋਂ ਕੱਢ ਦਿੱਤਾ ਗਿਆ ਤੇ ਇਕੱਠੇ ਰਫਿਊਜ਼ੀ ਬਣਕੇ ਭਾਰਤ ਆਏ ਸਨ। ਮੈਂ ਜਿਹਲਮ ਜ਼ਿਲ੍ਹੇ ਤੋਂ ਆਇਆ ਹਾਂ। ਸਾਡੇ ਪਿੰਡਾਂ ਵਿਚ ਕਦੇ ਆਪਸੀ ਵਿਤਕਰਾ ਨਹੀਂ ਸੀ ਹੁੰਦਾ। ਹਰ ਕੌਮ ਵਿਚ ਸਾਂਝ ਕਾਇਮ ਸੀ।

ਭਾਰਤ ਵਿਚ ਆ ਕੇ ਕਈ ਐਸੇ ਹਾਲਾਤ ਵੀ ਬਣੇ ਜੋ ਹਿੰਦੂ ਸਿਖ ਏਕਤਾ ਨੂੰ ਤੋੜਨ ਵੱਲ ਲਿਜਾਂਦੇ ਸਨ। ਪੰਜਾਬ ਵਿਚ ਜੋ ਖੂਨੀ ਸਾਕੇ ਹੋਏ ਉਸ ਬਾਰੇ ਅਸੀਂ ਸਾਰੇ ਜਾਣਦੇ ਹਾਂ। ਇੱਥੇ ਤਾਕਤਾਂ ਕਿਵੇਂ ਅਮਨ ਨੂੰ ਵਿਗਾੜਨ ਵਿਚ ਲੱਗੀਆਂ ਸਨ। ਪਰ ਪੰਜਾਬ ਦੇ ਲੋਕ ਸਿਆਣੇ ਨਿਕਲੇ, ਆਪਣੀ ਸਾਂਝ ਕਾਇਮ ਰੱਖੀ। ਜਦ ਇੰਦਰਾ ਗਾਂਧੀ ਦੇ ਕਤਲ ਪਿਛੋਂ ਆਮ ਸਿਖਾਂ ਨੂੰ ਨਿਸ਼ਾਨਾ ਬਣਾ ਕੇ ਮਾਰਿਆ ਗਿਆ ਤਾਂ ਦਿੱਲੀ ਵਿਚ ਹਿੰਦੂਆਂ ਨੇ ਸਿਖਾਂ ਦੀ ਮਦਦ ਕੀਤੀ। ਘਰਾਂ ਵਿਚ ਸੰਭਾਲਕੇ ਰੱਖਿਆ ਹਰ ਸਿਖ ਹੁਣ ਵੀ ਯਾਦ ਰੱਖਦਾ ਹੈ ਕਿ ਗਵਾਂਢੀ ਹਿੰਦੂ ਪਰਿਵਾਰ ਨੇ ਕਿਵੇਂ ਉਹਨਾਂ ਦੀ ਰੱਖਿਆ ਕੀਤੀ।

ਸਾਡੀ ਸਭ ਤੋਂ ਵੱਡੀ ਏਕਤਾ ਦੀ ਮਿਸਾਲ ਸ਼ਮਸ਼ਾਨ ਘਾਟ ਹਨ।

ਹਰ ਹਿੰਦੂ ਸਿਖ ਜਦ ਇਹ ਸੰਸਾਰ ਛੱਡਦਾ ਹੈ ਤਾਂ ਅਸੀਂ ਇਕੋਂ ਥਾਂ ’ਤੇ ਸਸਕਾਰ ਕਰਦੇ ਹਾਂ। ਅੱਜ ਤਕ ਇਹ ਪਰੰਪਰਾ ਕਾਇਮ ਹੈ। ਹਰ ਸ਼ਮਸ਼ਾਨ ਘਾਟ ’ਤੇ ਜਾਕੇ ਵੇਖੋ ਕਿਵੇਂ ਸੈਂਕੜੇ ਲੋਗ ਉੱਥੇ ਹਰ ਰੋਜ਼ ਇਕੱਠੇ ਹੁੰਦੇ ਹਨ। ਸਾਰੀਆਂ ਰੀਤੀਆਂ ਉੱਥੇ ਹੁੰਦੀਆਂ ਹਨ। ਇਕੋ ਥਾਂ ’ਤੇ ਹਿੰਦੂ ਸਿਖ ਦੀ ਰਾਖ ਇਕੱਠੀ ਹੁੰਦੀ ਹੈ।

ਪਰ ਜੋ ਮੈਂ ਵੇਖਿਆ ਹੈ, ਉਸ ਨੂੰ ਮੁੱਖ ਰੱਖਕੇ ਸੁਝਾਅ ਦੇਣਾ ਚਾਹੁੰਦਾ ਹਾਂ। ਆਮ ਵੇਖਣ ਵਿਚ ਆ ਰਿਹਾ ਹੈ ਕਿ ਸ਼ਮਸ਼ਾਨ ਮੈਨੇਜਿੰਗ ਕਮੇਟੀ ਵਾਲੇ ਕੁਝ ਸ਼ਮਸ਼ਾਨ ਘਾਟ ਤੇ ਕੇਵਲ ਹਿੰਦੀ ਵਿਚ ਸਲੋਕ ਲਿਖ ਰਹੇ ਹਨ। ਇਹ ਸ਼ਲੋਕ ਹਰ ਕਿਸੇ ਲਈ ਉਪਦੇਸ਼ ਹਨ। ਪਰ ਪੰਜਾਬੀ ਵਿਚ ਕੁਝ ਸ਼ਮਸ਼ਾਨਘਾਟਾਂ ਵਿਚ ਉਪਦੇਸ਼ ਲਿਖਿਆ ਹੋਇਆ ਮੈਂ ਨਹੀਂ ਵੇਖਿਆ। ਮਰਨਾ ਹਰ ਕਿਸੇ ਨੇ ਹੈ। ਗੁਰੂ ਨਾਨਕ ਦੇਵ ਜੀ ਨੇ ਉਚਾਰਿਆ ਸੀ ਕਿ ਇਕੋ ਸਚਾਈ ਹੈ ਕਿ ਮਰਨਾ ਹੈ। ਮਰਨ ਬਾਰੇ ਗੁਰੂ ਤੇਗ ਬਹਾਦੁਰ ਜੀ ਦੇ ੭ਵੇਂ ਮਹੱਲੇ ਦੇ ਸਲੋਕ ਬੜੀ ਸਾਧਾਰਣ ਬੋਲੀ ਵਿਚ ਹਰ ਇਕ ਨੂੰ ਸ਼ਰਧਾ ਵਿਚ ਲਿਆਉਂਦੇ ਹਨ। ਉਹ ਕੇਵਲ ਸਿਖਾਂ ਲਈ ਨਹੀਂ ਹਨ। ਸਾਰੀ ਮਾਨਵਤਾ ਨੂੰ ਰੱਬ ਦੇ ਭਾਣੇ ਨੂੰ ਮੰਨਣ ਦਾ ਉਪਦੇਸ਼ ਦਿੰਦੇ ਹਨ। ਨਾਲ ਹੀ ਜੀਵਨ ਵਿਚ ਚੰਗਾ ਵਿਹਾਰ ਕਰਨ ਦਾ ਹੁਕਮ ਦਿੰਦੇ ਹਨ। ਮੈਂ ਸੁਝਾਅ ਦਿੰਦਾ ਹਾਂ ਕਿ ਸਾਰੀਆਂ ਸ਼ਮਸ਼ਾਨ ਮੈਨੇਜਿੰਗ ਕਮੇਟੀਆਂ ਇਹ ਸੁਧਾਰ ਲਿਆਓ ਕਿ ਹਰ ਸ਼ਮਸ਼ਾਨ ਘਾਟ ਵਿਚ ਪੰਜਾਬੀ ਤੇ ਹਿੰਦੀ ਵਿਚ ਗੁਰੂ ਗਰੰਥ ਸਾਹਿਬ ਦੇ ਸਲੋਕ ਲਿਖੇ ਜਾਣ। ਦੂਜਾ ਵਖ ਵਖ ਥਾਵਾਂ ਤੇ ੴ ਵੀ ਓਮ ਦੇ ਨਾਲ ਲਿਖਿਆ ਜਾਵੇ। ਮੈਂ ਕੋਈ ਸ਼ਿਕਵਾ ਨਹੀਂ ਕਰ ਰਿਹਾ ਪਰ ਹਿੰਦੂ ਸਿਖ ਭਾਈਚਾਰੇ ਦੀ ਮਜ਼ਬੂਤੀ ਲਈ ਸੁਝਾ ਦੇ ਰਿਹਾ ਹਾਂ। ਮੈਨੂੰ ਬੜੀ ਵਾਰ ਕਈ ਦੋਸਤਾਂ ਨੇ ਕਿਹਾ ਵੀ ਹੈ ਕਿ ਇਹ ਥਾਂ ਸਾਡੀ ਅਟੁੱਟ ਸਾਂਝ ਦੀ ਕੜੀ ਹੈ। ਇਹ ਸਾਨੂੰ ਮਜ਼ਬੂਤ ਰੱਖਦੀ ਹੈ। ਸਿਖ ਸਸਕਾਰ ਤੋਂ ਪਿਛੋਂ ਕੀਰਤਨ ਕਰਦੇ ਹਨ। ਕੀਰਤਨ ਸੋਹਿਲਾ ਦਾ ਪਾਠ ਹੁੰਦਾ ਹੈ। ਉਸ ਲਈ ਇਕ ਵੱਡਾ ਕਮਰਾ ਜ਼ਰੂਰੀ ਹੈ। ਕਈ ਜਗ੍ਹਾ ਹੈ ਹਰ ਥਾਂ ਇਹ ਹੋਣਾ ਚਾਹੀਦਾ ਹੈ।

ਵੈਸੇ ਤਾਂ ਭਾਰਤ ਵਿਚ ਸਭ ਧਰਮਾਂ ਦੀ ਏਕਤਾ ਦੀ ਲੋੜ ਹੈ। ਆਪਣੇ ਇਸ਼ਟ ਨੂੰ ਹਰ ਕੋਈ ਮੰਨੇ। ਪਰ ਇਕ ਭਾਰਤ ਦੇ ਵਾਸੀ ਹੋਣ ਦਾ ਅਤੇ ਸਾਂਝੀ ਵਿਰਾਸਤ ਦਾ ਮਾਣ ਹਰ ਇਕ ਨੂੰ ਜ਼ਰੂਰੀ ਹੈ। ਸਾਡਾ ਪਿਛੋਕੜ ਇਕ ਹੈ। ਭਾਰਤ ਦਾ ਇਤਿਹਾਸ ਹਜ਼ਾਰਾਂ ਸਾਲ ਦਾ ਹੈ। ਇਸ ਤੇ ਹਰ ਇਕ ਨੂੰ ਮਾਣ ਹੋਣਾ ਚਾਹੀਦਾ ਹੈ।

# ਸ੍ਰੀ ਹਜ਼ੂਰ ਸਾਹਿਬ ਦਾ ਨਵਾਂ ਰੂਪ

ਛੋਟੇ ਹੁੰਦੇ ਮੈਂ ਸੁਣਿਆ ਕਰਦਾ ਸੀ ਕਿ ਹਰ ਇਕ ਸਿਖ ਤੇ ਸ਼ਰਧਾਲੂ ਨੂੰ ਇਕ ਵਾਰੀ ਹਜ਼ੂਰ ਸਾਹਿਬ ਦੀ ਯਾਤਰਾ ਆਪਣੇ ਜੀਵਨਕਾਲ ਵਿਚ ਕਰਨੀ ਜ਼ਰੂਰੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਇਸੇ ਅਬਚਲ ਨਗਰ ਵਿਚ ਅਖੀਰਲੇ ਸਮੇਂ ਰਹੇ ਸਨ ਤੇ 1708 ਈ. ਵਿਚ ਉਥੋਂ ਹੀ ਪਰਲੋਕ ਸਿਧਾਰੇ ਸਨ। ਪਹਿਲਾਂ ਇਹ ਹੈਦਰਾਬਾਦ ਰਿਆਸਤ ਵਿਚ ਸੀ, ਹੁਣ ਮਹਾਰਾਸ਼ਟਰ ਦਾ ਹਿੱਸਾ ਹੈ। ਅੰਗਰੇਜ਼ਾਂ ਦੇ ਵਕਤ ਰੇਲਵੇ ਲਾਈਨ ਆਈ, ਪਹਿਲਾਂ ਕੇਵਲ ਮਨਮਾੜ ਰਾਹੀਂ ਹੁਣ ਮੁੰਬਈ ਤੋਂ ਵੀ ਸਿੱਧੀ ਹੈ। ਮੇਰੇ ਪਿਤਾ ਜਦ 1953 ਵਿਚ ਯਾਤਰਾ ਲਈ ਗਏ ਤਾਂ ਸ਼ਹਿਰ ਦੇ ਗੁਰਦੁਆਰਿਆਂ ਦੀ ਯਾਤਰਾ ਬੈਲਗੱਡੀ ਰਾਹੀਂ ਹੁੰਦੀ ਸੀ। ਇਹ ਵੀ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਹੈ ਕਿ ਜਦ ਉਨ੍ਹਾਂ ਨੇ ਨਿਜ਼ਾਮ ਹੈਦਰਾਬਾਦ ਨੂੰ 1825 ਈ. ਵਿਚ ਫ਼ੌਜੀ ਮਦਦ ਭੇਜੀ, ਉਦੋਂ ਹੀ ਹਜ਼ੂਰ ਸਾਹਿਬ ਲਈ ਕਈ ਪਿੰਡ ਦਾਨ ਕਰਵਾ ਲਏ। ਅੱਧਾ ਸ਼ਹਿਰ ਤਖ਼ਤ ਹਜ਼ੂਰ ਸਾਹਿਬ ਦੇ ਨਾਂ ਹੁੰਦਾ ਸੀ।

ਨਾਂਦੇੜ ਦਾ ਮੈਡੀਕਲ ਕਾਲਜ, ਇੰਜੀਨੀਅਰਿੰਗ ਕਾਲਜ, ਹਸਪਤਾਲ, ਗੁਰਦੁਆਰੇ ਦੀ ਜ਼ਮੀਨ 'ਤੇ ਬਣੇ ਹਨ। 2008 ਵਿਚ ਸਿਖਾਂ ਨੇ ਜਦੋਂ 300 ਸਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਜਪੋਸ਼ੀ ਦੇ ਜਸ਼ਨ ਮਨਾਏ ਤਾਂ ਡਾ. ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਨੇ ਭਾਰਤ ਸਰਕਾਰ ਵਲੋਂ ਨਾਂਦੇੜ ਸ਼ਹਿਰ ਦੀ ਤਰੱਕੀ ਲਈ ਬਹੁਤ ਵੱਡੇ ਫੰਡ ਦੇ ਦਿੱਤੇ।

11 ਸਤੰਬਰ 2010 ਨੂੰ 'ਗੋ' ਏਅਰਲਾਈਨਜ਼' ਨੇ ਦਿੱਲੀ ਤੋਂ ਸਿੱਧੀ ਉਡਾਨ ਦਾ ਆਰੰਭ ਕੀਤਾ, ਜੋ ਹਰ ਸਨਿਚਰਵਾਰ ਅਤੇ ਐਤਵਾਰ ਨੂੰ ਸਵੇਰੇ ਦਿੱਲੀ ਤੋਂ 6.30 ਵਜੇ ਚੱਲੇਗੀ ਤੇ ਦੇਰ ਸ਼ਾਮ ਵਾਪਸ ਨਾਂਦੇੜ ਤੋਂ ਦਿੱਲੀ ਆਵੇਗੀ। ਮੈਨੂੰ ਜਸਬੀਰ ਸਿੰਘ ਜੋ ਡਾਕਟਰ ਪੀ.ਐਸ. ਪਸਰੀਚਾ ਨਾਲ ਸੇਵਾ ਕਰ ਰਹੇ ਹਨ, ਨੇ ਕਿਹਾ ਕਿ ਮੈਂ ਵੀ ਇਸ ਉਡਾਨ ਵਿਚ ਆਵਾਂ। ਮੈਂ ਪਰਿਵਾਰ ਸਮੇਤ ਅਤੇ ਅਮਰੀਕਾ ਵਾਲੇ ਸਤਪਾਲ ਸਿੰਘ ਕੋਹਲੀ ਖਾਲਸਾ ਨਾਲ ਐਤਵਾਰ ਨੂੰ ਸਵੇਰੇ ਨਾਂਦੇੜ ਪੁੱਜਾ। ਹਵਾਈ ਅੱਡੇ ਦਾ ਨਾਮ 'ਗੁਰੂ ਗੋਬਿੰਦ ਸਿੰਘ ਹਵਾਈ ਅੱਡਾ' ਰਖਵਾਉਣ ਲਈ ਮੈਂ ਪਾਰਲੀਮੈਂਟ ਦੀ ਐਵੀਏਸ਼ਨ

ਕਮੇਟੀ ਤੋਂ ਇਸ ਨੂੰ ਪਾਸ ਕਰਵਾਇਆ ਸੀ। ਰੇਲਵੇ ਸਟੇਸ਼ਨ ਦਾ ਨਾਮ ਹਜ਼ੂਰ ਸਾਹਿਬ ਨਾਂਦੇੜ ਵੀ ਮੈਂ ਬੜੀ ਮਿਹਨਤ ਨਾਲ ਪਾਸ ਕਰਵਾਇਆ। ਇਹ ਰਾਜ ਸਰਕਾਰ, ਗ੍ਰਹਿ ਮੰਤਰਾਲਾ ਅਤੇ ਰੇਲਵੇ ਵਿਭਾਗ, ਤਿੰਨਾਂ ਦੀ ਪ੍ਰਵਾਨਗੀ ਨਾਲ ਪਾਸ ਕਰਵਾਇਆ ਗਿਆ।

300 ਸਾਲਾ ਕਮੇਟੀ ਦਾ ਪ੍ਰਸ਼ਾਸਕ ਮਹਾਰਾਸ਼ਟਰ ਦੇ ਡੀ.ਜੀ.ਪੀ. ਪੁਲਿਸ ਪੀ.ਐਸ. ਪਸਰੀਚਾ ਨੂੰ ਲਗਾਇਆ ਗਿਆ। ਇਕ ਬੋਰਡ ਵੀ ਨਾਲ ਸੀ ਪਰ ਮੈਂ ਪੀ. ਐਸ. ਪਸਰੀਚਾ ਦੀ ਹਿੰਮਤ, ਦੂਰਅੰਦੇਸ਼ੀ, ਸ਼ਰਧਾ ਤੇ ਲਗਨ ਦੀ ਦਾਦ ਦਿੰਦਾ ਹਾਂ ਕਿ ਜੋ ਅੱਜ ਨਾਂਦੇੜ ਸ਼ਹਿਰ ਦਾ ਇਕ ਸੋਹਣਾ ਦ੍ਰਿਸ਼ ਦੇਖਣ ਨੂੰ ਮਿਲਿਆ ਹੈ। ਉਹ ਇਨ੍ਹਾਂ ਦੀ ਸੇਵਾ ਦਾ ਨਤੀਜਾ ਹੈ। ਮੈਂ ਦੋ ਸਾਲ ਪਿਛੋਂ ਦਰਸ਼ਨ ਕਰਨ ਗਿਆ ਹਾਂ, ਨਕਸ਼ਾ ਹੀ ਬਦਲ ਚੁੱਕਾ ਹੈ। ਤੁਸੀਂ ਸੋਚ ਵੀ ਨਹੀਂ ਸਕਦੇ ਕਿ ਇਹ ਕਰਾਮਾਤ ਕਿਵੇਂ ਹੋਈ। ਪੀ. ਐਸ. ਪਸਰੀਚਾ ਦੇ ਸਰਕਾਰੀ ਅਸਰ ਨਾਲ ਗੁਰਦੁਆਰੇ ਦੇ ਆਸ-ਪਾਸ 300 ਵਸਦੇ ਘਰ ਢਾਹੇ ਗਏ ਤੇ ਉਨ੍ਹਾਂ ਦੇ ਬਦਲੇ ਨਵੇਂ ਫਲੈਟ ਦਿੱਤੇ ਗਏ। ਚਾਰੇ ਪਾਸੇ ਖੁੱਲ੍ਹੀਆਂ ਸੜਕਾਂ ਬਣੀਆਂ। ਦੁਕਾਨਾਂ ਦੀ ਮੁੜ ਉਸਾਰੀ ਹੋਈ। ਤਖ਼ਤ ਸਾਹਿਬ ਦੇ ਆਸ-ਪਾਸ ਤਿੰਨ ਮੰਜ਼ਲੀ ਸਰਾਂ ਬਣਾਈ ਗਈ, ਜਿਸ ਵਿਚ 165 ਏ.ਸੀ. ਕਮਰੇ ਹਨ, 10 ਹਾਲ ਹਨ, ਲੰਗਰ ਹਾਲ ਅਤੇ ਦਫ਼ਤਰ ਵੀ ਹਨ। ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਲਈ ਵਡਾ ਪ੍ਰਬੰਧ ਹੈ। ਕੇਵਲ ਸਿੰਘ ਸਾਹਿਬ ਹੀ ਤਖ਼ਤ ਦੇ ਅੰਦਰ ਸ਼ਸਤਰਾਂ ਵਾਲੀ ਥਾਂ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਸਕਾਰ ਹੋਇਆ ਸੀ, ਜਾ ਸਕਦੇ ਹਨ। ਸਵੇਰੇ 2:30 ਵਜੇ ਜਦ ਉਹ ਸੇਵਾ ਕਰਨ ਜਾਂਦੇ ਹਨ ਤਾਂ ਬੜਾ ਰੌਚਕ ਨਜ਼ਾਰਾ ਹੁੰਦਾ ਹੈ। ਤਖ਼ਤ ਸਾਹਿਬ ਦੇ ਆਂਗਨ ਵਿਚ ਫੁਹਾਰੇ ਲੱਗੇ ਹਨ। ਸਭ ਤੋਂ ਚੰਗੀ ਗੱਲ ਇਹ ਹੈ ਕਿ ਦਰੱਖਤ, ਘਾਹ ਦੇ ਲਾਅਨ ਰੱਖੇ ਹਨ, ਨਹੀਂ ਤਾਂ ਹਰ ਪਾਸੇ ਸੰਗਮਰਮਰ ਹੀ ਨਜ਼ਰ ਆਉਂਦਾ ਹੈ। ਮੈਂ ਅੰਮ੍ਰਿਤਸਰ ਦਰਬਾਰ ਸਾਹਿਬ ਵਿਚ ਵੀ ਹਰਿਆਵਲ ਲਗਾਉਣ ਦਾ ਵੀ ਕਈ ਵਾਰ ਸੁਝਾਅ ਦੇ ਚੁੱਕਾ ਹਾਂ। ਹਰ ਰੋਜ਼ ਤਖ਼ਤ ਦੇ ਸਾਹਮਣੇ ਗੋਬਿੰਦ ਬਾਗ ਵਿਚ ਲੇਜ਼ਰ ਪ੍ਰੋਗਰਾਮ ਹੁੰਦੇ ਹਨ। ਇਹ ਪਹਿਲੀ ਵਾਰ ਸਿਖ ਸਿਧਾਂਤ ਤੇ ਸਿਖ ਇਤਿਹਾਸ 'ਤੇ ਬਣਿਆ ਹੈ। ਬੜਾ ਹੀ ਦਿਲਚਸਪ ਤੇ ਜਾਣਕਾਰੀ ਵਾਲਾ ਹੈ। ਇਸ 'ਤੇ ਚਾਰ ਕਰੋੜ ਰੁਪਏ ਲੱਗੇ ਹਨ। ਬੰਗਲੌਰ ਦੀ ਇਕ ਫਰਮ ਨੇ ਬਣਾਇਆ ਹੈ। ਇਹੋ ਜਿਹੇ ਲੇਜ਼ਰ ਪ੍ਰੋਗਰਾਮ ਵਿਦੇਸ਼ਾਂ ਵਿਚ ਤੇ ਦਿੱਲੀ ਵਿਚ ਵੀ ਬਣਵਾਓ। ਸਿਖੀ ਦੀ ਇਹ ਅਸਲ ਸੇਵਾ ਹੋਵੇਗੀ।

ਹੋਰ ਸਰਾਵਾਂ ਜੋ ਹੋਟਲ ਵਰਗੀਆਂ ਹਨ ਬਣੀਆਂ ਹਨ। ਹਰ ਕਮਰੇ ਵਿਚ ਏਅਰ ਕੰਡੀਸ਼ਨ ਤੇ ਬਾਥਰੂਮ ਹਨ। ਐਨ.ਆਰ.ਆਈ. ਨਿਵਾਸ ਵਿਚ 150 ਕਮਰੇ, ਪੰਜਾਬ ਭਵਨ ਵਿਚ 150 ਕਮਰੇ, ਪੰਜਾਬ ਸਰਕਾਰ ਨੇ ਇਸ 'ਤੇ 9 ਕਰੋੜ ਖ਼ਰਚੇ ਹਨ। ਗੁਰੂ ਰਾਮਦਾਸ ਸਰਾਂ ਵਿਚ 300 ਕਮਰੇ। ਮਹਾਰਾਜਾ ਰਣਜੀਤ ਸਿੰਘ ਨਿਵਾਸ ਵਿਚ 225 ਕਮਰੇ। ਗੁਰੂ ਅਮਰਦਾਸ ਨਿਵਾਸ ਵਿਚ 21 ਕਮਰੇ (ਰਾਮਗੜ੍ਹੀਆ ਬਰਾਦਰੀ ਮੁੰਬਈ ਦੀ ਸੇਵਾ) ਗੁਰੂ ਅੰਗਦ ਨਿਵਾਸ ਵਿਚ 28 ਕਮਰੇ (ਬਾਵਾ ਗੁਰਿੰਦਰ ਸਿੰਘ ਮੁੰਬਈ ਵਲੋਂ) ਭਾਈ ਜੋਗਾ ਸਿੰਘ ਨਿਵਾਸ ਵਿਚ 16 ਕਮਰੇ, ਬਿਰਧ ਘਰ ਵਿਚ 40 ਕਮਰੇ (ਸ. ਰਣਜੀਤ ਸਿੰਘ ਸਲੂਜਾ ਵਲੋਂ 80 ਲੱਖ ਦੀ ਸੇਵਾ) ਇਕ ਹੋਰ ਮਨਭਾਉਂਦੀ ਬਿਲਡਿੰਗ ਦੇਖੀ ਗੁਰੂ ਗ੍ਰੰਥ ਭਵਨ, ਜਿਸ 'ਤੇ 24 ਕਰੋੜ ਰੁਪਿਆ ਖਰਚ ਆਇਆ।

ਇਸ ਹਾਲ ਵਿਚ 8000 ਲੋਕ ਬੈਠ ਸਕਦੇ ਹਨ। ਆਸ-ਪਾਸ 82 ਕਮਰੇ ਹਨ। ਇਥੇ ਹਰ ਧਰਮ ਦਾ ਸਮਾਗਮ ਹੋ ਸਕਦਾ ਹੈ। ਗੁਰਦੁਆਰਾ ਭਜਨਗੜ੍ਹ ਵਿਖੇ 25 ਕਮਰੇ ਬਾਬਾ ਬਲਵੰਤ ਸਿੰਘ ਸਿਹੋੜਾ ਨੇ ਬਣਾਏ ਹਨ। ਜਦ ਮੈਂ ਗੁਰਦੁਆਰਾ ਮਾਤਾ ਸਾਹਿਬ ਕੌਰ ਗਿਆ ਤਾਂ ਬਾਬਾ ਨਰਿੰਦਰ ਸਿੰਘ ਕਰੀਬ 50 ਕਮਰੇ ਬਣਾ ਚੁੱਕੇ ਹਨ ਤੇ ਨਾਲ ਇਕ ਵੱਖਰਾ ਗੁਰਦੁਆਰਾ ਵੀ ਬਣ ਰਿਹਾ ਹੈ। ਤਖ਼ਤ ਬੋਰਡ ਦੇ ਸੁਪਰਡੈਂਟ ਡੀ.ਪੀ. ਸਿੰਘ ਬੜੇ ਹੀ ਮਿਲਣਸਾਰ ਹਨ। ਉਨ੍ਹਾਂ ਦੀ ਹਿੰਮਤ ਤੇ ਲਿਆਕਤ ਨੇ ਇਹ ਸਾਰੇ ਕਾਰਜ ਸਿਰੇ ਚਾੜ੍ਹੇ। ਉਨ੍ਹਾਂ ਦੱਸਿਆ ਕਿ ਕੁੱਲ 1236 ਕਮਰੇ ਯਾਤਰੂਆਂ ਲਈ ਬਣੇ ਹਨ।

ਲੰਗਰ ਸਥਾਨ ਵਾਲੇ ਬਾਬਾ ਨਰਿੰਦਰ ਸਿੰਘ ਨੇ ਵੀ ਕਮਾਲ ਕੀਤਾ ਹੈ। ਸੈਂਕੜੇ ਕਮਰੇ ਹੋਰ ਬਣਾ ਦਿੱਤੇ ਹਨ। ਸਰਾਂ ਦੀ ਦਿੱਖ ਤਾਜ ਹੋਟਲ, ਮੁੰਬਈ ਵਾਂਗ ਲੱਗਦੀ ਹੈ। ਉਨ੍ਹਾਂ ਇਕ ਹੋਰ ਸੇਵਾ ਲਈ ਹੈ ਜੋ 6 ਲੱਖ ਪੌਦੇ ਨਾਂਦੇੜ ਵਿਚ ਲਗਾ ਕੇ ਇਸ ਨੂੰ ਗਰੀਨ ਸਿਟੀ ਬਣਾਉਣਗੇ। ਇਹ ਅਦੁੱਤੀ ਸੇਵਾ ਭਾਰਤ ਵਿਚ ਇਕ ਚਾਨਣ ਮੁਨਾਰਾ ਬਣੇਗੀ। ਅੱਜ ਕੱਲ੍ਹ 15000 ਯਾਤਰੂ ਹਰ ਰੋਜ਼ ਹਜ਼ੂਰ ਸਾਹਿਬ ਆਉਂਦੇ ਹਨ। ਕਮਾਲ ਹੈ ਕਿ ਤਖ਼ਤ ਸਾਹਿਬ 'ਤੇ ਅਨੇਕਾਂ ਮੁਸਲਮਾਨ, ਬੁਰਕੇ ਵਾਲੀਆਂ ਤੀਵੀਆਂ, ਵੰਜਾਰੇ ਦਰਸ਼ਨ ਕਰਦੇ ਹਨ। ਤਕਰੀਬਨ 15000 ਲੋਕ ਰੋਜ਼ ਲੰਗਰ ਛੱਕਦੇ ਹਨ। ਤਖ਼ਤ ਬੋਰਡ ਵਲੋਂ ਰੇਲਵੇ ਸਟੇਸ਼ਨ 'ਤੇ ਹਵਾਈ ਅੱਡੇ 'ਤੇ ਮੁਫ਼ਤ ਬੱਸ ਮਿਲਦੀ ਹੈ। ਇਕ ਸਕੂਲ ਵੀ ਖੋਲ੍ਹ ਦਿੱਤਾ ਹੈ, ਜਿਥੇ ਵੰਜਾਰੇ ਬੱਚੇ ਪੜ੍ਹ ਰਹੇ ਹਨ। ਇਸ ਵਿਚ ਹੋਰ ਵਿਸਤਾਰ ਦੀ ਲੋੜ ਹੈ।

ਇਕ ਸ਼ਾਨਦਾਰ ਮਿਊਜ਼ੀਅਮ ਤਿਆਰ ਹੈ, ਇਹ ਮਾਡਰਨ ਤਰੀਕੇ ਨਾਲ ਇਤਿਹਾਸ ਦੀ ਜਾਣਕਾਰੀ ਦੇਵੇਗਾ। ਟੂਰਿਸਟਾਂ ਲਈ ਆਕਰਸ਼ਕ ਹੈ। ਅੱਜ ਦਾ ਨਾਂਦੇੜ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਯਾਦ ਵਿਚ ਇਕ ਅਲੌਕਿਕ ਨਜ਼ਾਰਾ ਪੇਸ਼ ਕਰ ਰਿਹਾ ਹੈ। ਇਹ ਇਕ ਚੰਗੀ ਸੋਚ ਦਾ ਨਤੀਜਾ ਹੈ। ਤਖ਼ਤ ਬੋਰਡ ਨੇ ਇਕ ਨਿੱਜੀ ਕੰਪਨੀ ਨੂੰ ਠੇਕਾ ਦਿੱਤਾ ਹੈ ਕਿ ਉਹ ਸਾਰੇ ਕਮਰਿਆਂ, ਸਰਾਵਾਂ, ਬਿਲਡਿੰਗਾਂ ਆਦਿ ਦੀ ਸਫ਼ਾਈ ਦੀ ਸੰਭਾਲ ਕਰੇ। ਇਹੋ ਕਾਰਨ ਹੈ ਕਿ ਅੱਜ ਕਿਧਰੇ ਗੰਦਗੀ ਨਹੀਂ, ਹਰ ਕਮਰਾ ਬਾਥਰੂਮ ਚੰਗਾ ਲੱਗ ਰਿਹਾ ਹੈ।

ਆਉ, ਯਾਤਰਾ ਕਰੋ ਤੇ ਗੁਰੂ ਜੀ ਦੇ ਸਨਮੁੱਖ ਸੀਸ ਝੁਕਾਉ। ਮੈਂ ਦਾਦ ਦਿੰਦਾ ਹਾਂ ਕਿ ਡਾ. ਪਸਰੀਚਾ ਦੇ ਉਦਮ ਦੀ ਤੇ ਸਾਰੇ ਦਾਨੀਆਂ ਦੀ ਜਿਨ੍ਹਾਂ ਇਹ ਕਰ ਵਿਖਾਇਆ ਹੈ। ਦਾਨ ਦੀ ਪ੍ਰੰਪਰਾ ਵਿਚ ਅਸੀਂ ਹਮੇਸ਼ਾਂ ਤਤਪਰ ਹਾਂ। ਅਨੇਕ ਦਾਨੀਆਂ ਕਰਕੇ 100 ਕਰੋੜ ਰੁਪਿਆ ਇਕੱਠਾ ਹੋਇਆ, ਜਿਸ ਦਾ ਸਿੱਟਾ ਅੱਜ ਦਾ ਹਜ਼ੂਰ ਸਾਹਿਬ, ਨਾਂਦੇੜ ਚਮਕ ਰਿਹਾ ਹੈ।

300 ਸਾਲ ਗੁਰੂ ਦੇ ਨਾਲ-ਗੁਰੂ ਗ੍ਰੰਥ ਸਾਹਿਬ ਗੁਰਤਾਗੱਦੀ ਦੇ 300 ਸਾਲਾਂ ਦੇ ਅਦੁੱਤੀ ਸਮਾਗਮਾਂ ਦੀ ਹਰ ਥਾਂ ਚਰਚਾ ਹੋ ਰਹੀ ਸੀ। ਮੈਂ ਇਕ ਯਾਤਰੂ ਵਜੋਂ ਹਜ਼ੂਰ ਸਾਹਿਬ ਪੁੱਜਾ ਸੀ। ਮੈਂ ਬੜੀ ਦੇਰ ਤੋਂ ਪਾਰਲੀਮੈਂਟ ਵਿਚ ਹਜ਼ੂਰ ਸਾਹਿਬ ਦੇ ਹਵਾਈ ਅੱਡੇ ਬਾਰੇ ਚਰਚਾ ਕਰ ਰਿਹਾ ਸੀ। ਅਖੀਰ 4 ਅਕਤੂਬਰ ਨੂੰ ਹਵਾਈ ਅੱਡਾ ਮੁਕੰਮਲ ਹੋ ਗਿਆ ਤੇ ਇਸ ਦਾ ਨਾਮ ਗੁਰੂ ਗੋਬਿੰਦ ਸਿੰਘ ਹਵਾਈ ਅੱਡਾ ਰੱਖ ਦਿੱਤਾ ਗਿਆ। ਮੈਂ ਹਵਾਈ ਜਹਾਜ਼ਾਂ ਵਾਲੇ ਮੰਤਰੀ ਨੂੰ ਮਿਲ ਕੇ ਇੰਡੀਅਨ ਏਅਰਲਾਈਨਜ਼ ਦੀ ਆਰਜ਼ੀ ਉਡਾਣ ਆਰੰਭ ਕਰਵਾਉਣ ਵਿਚ ਸਫ਼ਲ ਰਿਹਾ। ਇਹ ਜਹਾਜ਼ ਅੰਮ੍ਰਿਤਸਰ ਤੋਂ ਦਿੱਲੀ ਤੇ ਫਿਰ ਨਾਂਦੇੜ ਤੋਂ ਆਰੰਭ ਹੋਇਆ। ਮੈਂ ਪਹਿਲੀ ਉਡਾਣ ਵਿਚ ਸੀ। ਉਸ ਵਿਚ ਸਿੰਘ ਸਾਹਿਬ ਜਥੇਦਾਰ ਅਕਾਲ ਤਖ਼ਤ ਸਾਹਿਬ ਗਿਆਨੀ ਗੁਰਬਚਨ ਸਿੰਘ, ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਕਈ ਸੰਤ, ਰਾਗੀ ਸਿੰਘ ਤੇ ਪੱਤਰਕਾਰ ਵੀ ਸ਼ਾਮਲ ਸਨ। ਨਾਂਦੇੜ ਸ਼ਹਿਰ ਨੂੰ ਹਜ਼ੂਰ ਸਾਹਿਬ ਤੇ ਅਬਚਲ ਨਗਰ ਵੀ ਪੁਕਾਰਦੇ ਹਨ। ਨਾਂਦੇੜ ਸ਼ਹਿਰ ਜੋ ਗੋਦਾਵਰੀ ਦਰਿਆ ਦੇ ਕਿਨਾਰੇ 'ਤੇ ਹੈ, ਮਹਾਰਾਸ਼ਟਰ ਦਾ ਇਕ ਜ਼ਿਲ੍ਹਾ ਹੈ। ਸਾਰਾ ਸ਼ਹਿਰ ਬਿਲਕੁਲ ਬਦਲਿਆ ਹੋਇਆ ਲੱਗਦਾ ਹੈ। ਹਵਾਈ ਅੱਡੇ ਤੋਂ ਸ਼ਹਿਰ ਦੀ ਨਵੀਂ ਸੜਕ, ਸ਼ਹਿਰ ਵਿਚ ਚੌੜੀਆਂ ਸੜਕਾਂ ਸਿੱਧੀਆਂ

ਤਖ਼ਤ ਸ੍ਰੀ ਹਜ਼ੂਰ ਸਾਹਿਬ ਤੱਕ ਪੁੱਜਦੀਆਂ ਹਨ।

ਤਖ਼ਤ ਸਾਹਿਬ ਦਾ ਚੌਗਿਰਦਾ ਬੜਾ ਖੁੱਲ੍ਹਾ ਅਤੇ ਅੰਦਰ ਨਜ਼ਾਰਾ ਵੀ ਦੇਖਣ ਵਾਲਾ ਸੀ। ਪੁਰਾਣੇ ਘਰਾਂ, ਦੇ ਮਾਲਕਾਂ ਨੂੰ ਹੋਰ ਥਾਵਾਂ 'ਤੇ ਵਸਾ ਦਿੱਤਾ ਗਿਆ। ਚਾਰੇ ਪਾਸੇ ਦੋ ਮੰਜ਼ਲੀ ਸਰਾਂ ਇਵੇਂ ਲੱਗਦੀ ਹੈ ਜਿਵੇਂ ਪੰਜਾ ਸਾਹਿਬ ਗੁਰਦੁਆਰੇ ਵਿਚ ਕਾਇਮ ਹੈ। ਖੁੱਲ੍ਹਾ ਵਿਹੜਾ ਜਿਸ ਵਿਚ ਹਜ਼ਾਰਾਂ ਲੋਕ ਬੈਠ ਸਕਣ। ਪਰਿਕਰਮਾ ਵੀ ਬੜੀ ਚੌੜੀ ਬਣ ਗਈ ਹੈ। ਚਾਰ ਵੱਡੇ ਗੇਟ ਮੁਕੰਮਲ ਹੋਣੇ ਸਨ। ਜਥੇਦਾਰ ਤਖ਼ਤ ਹਜ਼ੂਰ ਸਾਹਿਬ ਦੀ ਰਿਹਾਇਸ਼ ਹੁਣ ਪਹਿਲੀ ਮੰਜ਼ਿਲ 'ਤੇ ਬਣ ਗਈ ਹੈ। ਉਨ੍ਹਾਂ ਦੇ ਸਤਿਕਾਰ ਵਿਚ ਕਈ ਕਮਰੇ ਹਨ। ਮੈਂ ਜਦ ਸਿੰਘ ਸਾਹਿਬ ਦੇ ਦਰਸ਼ਨਾਂ ਨੂੰ ਗਿਆ ਤਾਂ ਚੰਗਾ ਪ੍ਰਬੰਧ ਦੇਖਿਆ। ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਕਾਰਨ ਹਰ ਮਿਲਣ ਵਾਲਾ ਸਤਿਕਾਰ ਨਾਲ ਹੱਥ ਜੋੜ ਕੇ ਖੜ੍ਹਾ ਹੁੰਦਾ ਹੈ। ਮੈਨੂੰ ਉਨ੍ਹਾਂ ਸਿਰੋਪਾਓ ਨਾਲ ਨਿਵਾਜਿਆ ਤੇ ਮੇਰੇ ਵਿਚਾਰਾਂ ਦੀ ਜੋ ਪੰਡਾਲ ਵਿਚ ਪਹਿਲੇ ਵੱਡੇ ਸਮਾਗਮ ਵਿਚ ਰੱਖੇ ਸਨ, ਉਨ੍ਹਾਂ ਨੇ ਬੜੀ ਪ੍ਰਸੰਸਾ ਕੀਤੀ।

ਜਿਸ ਗੱਲ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ ਉਹ ਇਹ ਹੈ ਕਿ ਏਨੀ ਸੰਗਤ ਨੂੰ ਕਿਸ ਨੇ ਸਹੂਲਤ ਦਿੱਤੀ? ਏਨੇ ਵਿਦੇਸ਼ਾਂ ਤੋਂ ਸਿੰਘ ਆਏ, ਭਾਰਤ ਦੇ ਕੋਨੇ -ਕੋਨੇ ਤੋਂ ਸੰਗਤਾਂ ਆਈਆਂ। ਫਿਰ ਉਨ੍ਹਾਂ ਦਾ ਪ੍ਰਬੰਧ ਕਿਵੇਂ ਹੋਇਆ? ਇਹ ਕਮਾਲ ਸੰਤ ਬਾਬਾ ਨਰਿੰਦਰ ਸਿੰਘ ਦਾ ਹੈ ਜੋ ਗੁਰਦੁਆਰਾ ਲੰਗਰ ਸਾਹਿਬ ਦੇ ਮੁਖੀ ਹਨ। ਪਿਛਲੇ 100 ਸਾਲ ਤੋਂ ਹਜ਼ੂਰ ਸਾਹਿਬ ਵਿਖੇ ਹਰ ਯਾਤਰੂ ਨੂੰ ਠਹਿਰਨ ਤੇ ਲੰਗਰ ਦੀ ਸਹੂਲਤ ਇਸੇ ਸੰਸਥਾ ਤੋਂ ਮਿਲ ਰਹੀ ਹੈ। ਬਾਬਾ ਨਿਧਾਨ ਸਿੰਘ ਨੇ ਆ ਕੇ ਲੰਗਰ ਸਥਾਨ ਬਣਵਾਇਆ ਅਤੇ 24 ਘੰਟੇ ਲੰਗਰ ਕਾਇਮ ਕੀਤਾ। ਉਹ 1947 ਤੱਕ ਸੇਵਾ ਕਰਦੇ ਰਹੇ ਅਤੇ ਅਕਾਲ ਚਲਾਣੇ ਸਮੇਂ ਬਾਬਾ ਹਰਨਾਮ ਸਿੰਘ ਨੂੰ ਮੁਖੀ ਥਾਪ ਗਏ। ਉਨ੍ਹਾਂ ਇਸ ਸੇਵਾ ਨੂੰ ਅੱਗੇ ਵਧਾਇਆ। ਕਈ ਸਥਾਨਾਂ ਦੀ ਸੇਵਾ ਕੀਤੀ। ਇਸੇ ਸੰਸਥਾ ਦੇ ਬਾਬਾ ਜੀਵਨ ਸਿੰਘ ਨੇ ਗੁਰਦੁਆਰਾ ਸ਼ਿਕਾਰ ਘਾਟ ਵਾਸਤੇ ਗੋਦਾਵਰੀ ਦਰਿਆ 'ਤੇ ਪੁਲ ਬਣਾ ਕੇ ਸਾਰੇ ਭਾਰਤ ਵਿਚ ਸੇਵਾ ਦਾ ਨਵਾਂ ਇਤਿਹਾਸ ਰਚਿਆ। ਉਨ੍ਹਾਂ ਪਿਛੋਂ ਸੰਤ ਬਾਬਾ ਆਤਮਾ ਸਿੰਘ 1979 ਵਿਚ ਮੁਖੀ ਬਣੇ ਤੇ ਉਨ੍ਹਾਂ ਤੋਂ ਬਾਬਾ ਸ਼ੀਸ਼ਾ ਸਿੰਘ ਨੇ 1983 ਵਿਚ ਸੇਵਾ ਸੰਭਾਲੀ।

22 ਸਾਲ ਦੀ ਕਮਾਲ ਸੇਵਾ ਕਰਨ ਪਿਛੋਂ ਉਹ 13 ਮਈ 2005 ਵਿਚ ਗੁਰਪੁਰੀ ਸਿਧਾਰੇ। ਮੈਂ ਜਦ ਲੰਗਰ ਸਥਾਨ 'ਤੇ ਗਿਆ ਤਾਂ ਹਰ ਪਾਸੇ ਬਣੀਆਂ ਨਵੀਆਂ ਸਰਾਵਾਂ ਖਾਸ ਕਰਕੇ ਸ੍ਰੀ ਗੁਰੂ ਅਰਜਨ ਦਰਬਾਰ, ਸ੍ਰੀ ਗੁਰੂ ਨਾਨਕ

ਨਿਵਾਸ, ਐਨ.ਆਰ.ਆਈ. ਨਿਵਾਸ ਆਦਿ ਵਿਸ਼ਾਲ ਘੇਰੇ ਵਿਚ ਬਣੇ ਹੋਏ ਦੇਖੇ। ਕਈ ਸਾਲ ਪਹਿਲਾਂ ਹੀ ਬਾਬਿਆਂ ਨੇ 300 ਸਾਲਾ ਜਸ਼ਨਾਂ ਲਈ ਇਹ ਕਾਰਜ ਆਰੰਭ ਕਰ ਦਿੱਤੇ ਸਨ। ਸਾਰੇ ਨਾਂਦੇੜ ਵਿਚ ਸਭ ਤੋਂ ਵੱਧ ਜ਼ਮੀਨ ਇਸ ਅਸਥਾਨ ਦੀ ਹੈ। ਇਨ੍ਹਾਂ ਦੀ ਜ਼ਮੀਨ 'ਤੇ ਹੀ ਇੰਜੀਨੀਅਰਿੰਗ ਕਾਲਜ ਬਣਿਆ ਹੋਇਆ ਹੈ। ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਤੇ ਬਾਬਾ ਸ਼ੀਸ਼ਾ ਸਿੰਘ ਦੇ ਨਾਂਦੇੜ ਸਾਹਿਬ ਵਿਖੇ ਦਰਸ਼ਨ ਕੀਤੇ। ਜਦ ਮੈਂ ਬਾਬਾ ਨਰਿੰਦਰ ਸਿੰਘ ਜੀ ਦੇ ਦਰਸ਼ਨ ਕਰਨ ਗਿਆ ਤਾਂ ਹਰ ਪਾਸੇ ਕਾਰਾਂ, ਬੱਸਾਂ, ਟਰੱਕਾਂ ਦੇ ਕਾਫ਼ਲੇ ਖੜ੍ਹੇ ਸਨ। ਬਾਬਾ ਜੀ ਨੇ ਦੱਸਿਆ ਕਿ ਉਨ੍ਹਾਂ ਨੇ ਇਕ ਮਹੀਨੇ ਲਈ ਨਾਂਦੇੜ ਦੇ ਸਾਰੇ ਹੋਟਲ, ਸਾਰੀਆਂ ਠਹਿਰਨ ਵਾਲੀਆਂ ਥਾਵਾਂ ਬੁੱਕ ਕਰ ਰੱਖੀਆਂ ਹਨ। ਕਰੀਬ ਇਕ ਕਰੋੜ ਰੁਪਿਆ ਕਿਰਾਇਆ ਉਨ੍ਹਾਂ ਐਡਵਾਂਸ ਦੇ ਦਿੱਤਾ ਸੀ।

ਹਰ ਯਾਤਰੂ ਨੂੰ ਉਹ ਹੀ ਇਨ੍ਹਾਂ ਕਮਰਿਆਂ ਦੀ ਚਾਬੀ ਦਿੰਦੇ ਸਨ। ਦੂਜਾ ਉਨ੍ਹਾਂ ਰੇਲਵੇ ਸਟੇਸ਼ਨ 'ਤੇ ਬੱਸਾਂ ਲਗਾ ਦਿੱਤੀਆਂ ਜੋ ਯਾਤਰੂਆਂ ਨੂੰ ਉਥੋਂ ਲਿਜਾ ਸਕਣ। ਨਾਂਦੇੜ ਵਿਖੇ ਪੰਜਾਬ ਤੋਂ ਬੜੇ ਸੰਤ ਮਹਾਤਮਾਵਾਂ ਨੇ ਆ ਕੇ ਵੱਡੇ-ਵੱਡੇ ਲੰਗਰ ਲਗਾ ਦਿੱਤੇ। ਜਿਵੇਂ ਬਾਬਾ ਮਾਨ ਸਿੰਘ ਪਿਹੋਵਾ, ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਭੂਰੀ ਵਾਲੇ ਆਦਿ। ਉਨ੍ਹਾਂ ਸਭ ਨੂੰ ਸਾਰੀ ਲੰਗਰ ਸੇਵਾ ਲਈ ਲੱਕੜ ਬਾਬਾ ਨਰਿੰਦਰ ਸਿੰਘ ਵਲੋਂ ਦਿੱਤੀ ਗਈ । ਦੂਜਾ ਉਨ੍ਹਾਂ ਦੁੱਧ ਦੀ ਸੇਵਾ ਦਾ ਪੂਰਾ ਪ੍ਰਬੰਧ ਕਰ ਰੱਖਿਆ। ਸਾਰੀਆਂ ਥਾਵਾਂ 'ਤੇ ਉਹ ਦੁੱਧ ਪਹੁੰਚਾਉਂਦੇ ਸਨ। ਲੰਗਰ ਤਾਂ 24 ਘੰਟੇ ਇਸ ਅਸਥਾਨ 'ਤੇ ਚੱਲ ਰਿਹਾ ਹੈ। ਇਸ ਲੰਗਰ ਬਾਰੇ ਮਾਨਤਾ ਹੈ ਕਿ ਗੁਰੂ ਮਹਾਰਾਜ ਵਲੋਂ ਭੋਗ ਲੱਗਦਾ ਹੈ। ਮੈਂ ਕਈ ਯਾਤਰੀਆਂ ਨੂੰ ਮਿਲਿਆ। ਬਰਮਿੰਘਮ ਤੋਂ ਰਣਧੀਰ ਸਿੰਘ ਸਿੱਧੂ, ਬੂਟਾ ਸਿੰਘ ਜਥਾ ਲੈ ਕੇ ਆਏ ਹੋਏ ਸਨ। ਉਨ੍ਹਾਂ ਦੱਸਿਆ ਕਿ ਸਾਰੇ ਇੰਗਲੈਂਡ ਤੋਂ ਆਏ ਯਾਤਰੂ ਬਾਬਾ ਜੀ ਨੇ ਠਹਿਰਾਏ ਹਨ। ਪਾਕਿਸਤਾਨ ਤੋਂ 250 ਸਿੰਘ ਆਏ। ਉਹ ਵੀ ਉਥੇ ਠਹਿਰੇ ਹੋਏ ਸਨ। ਜੋ ਲੰਗਰ ਸਾਰੇ ਸੰਤਾਂ ਨੇ ਲਗਾਏ ਸਨ, ਉਨ੍ਹਾਂ ਦੀ ਬੜੀ ਚਰਚਾ ਹੋ ਰਹੀ ਸੀ। ਸਾਰੇ ਨਾਂਦੇੜ ਵਾਸੀ ਵੀ ਉਥੇ ਪ੍ਰਸ਼ਾਦੇ ਛੱਕਦੇ ਰਹੇ। ਕਈ ਲੰਗਰਾਂ ਵਿਚ ਦਰਜਨਾਂ ਕਿਸਮ ਦਾ ਭੋਜਨ ਮਿਲਦਾ ਸੀ। ਮਠਿਆਈ ਦੇ ਲੰਗਰ, ਚਾਹ, ਪਕੌੜੇ, ਖੀਰ, ਦੁੱਧ ਆਮ ਮਿਲਦਾ ਸੀ। ਆਈਸ ਕਰੀਮਾਂ, ਪੀਜ਼ੇ ਅਤੇ ਡੋਸੇ ਵੀ ਮਿਲਦੇ ਸਨ।

# ਸਿਖ ਐਜੂਕੇਸ਼ਨ ਕਾਨਫਰੰਸਾਂ ਦਾ ਇਤਿਹਾਸ

ਚੀਫ ਖਾਲਸਾ ਦੀਵਾਨ ਨੇ ਸਾਲਾਨਾ ਸਿਖ ਐਜੂਕੇਸ਼ਨ ਕਾਨਫਰੰਸਾਂ ਦਾ ਆਯੋਜਨ ਕੀਤਾ। ਆਮ ਲੋਕਾਂ ਨੂੰ ਸ਼ਾਇਦ ਪਤਾ ਹੈ ਕਿ ਸਿਖ ਕੌਮ ਦੀ ਪਹਿਲੀ ਬਣੀ ਸੰਸਥਾ ਚੀਫ ਖਾਲਸਾ ਦੀਵਾਨ ਹੈ, ਜਿਹੜੀ ਪਿਛਲੀ ਸਦੀ ਦੇ ਆਰੰਭ ਵਿਚ 1902 ਵਿਚ ਬਣ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ 20-25 ਸਾਲ ਪਿਛੋਂ ਹੋਂਦ ਵਿਚ ਆਏ। ਦੁਨੀਆ ਦੇ ਸਾਰੇ ਧਰਮਾਂ ਵਿਚ ਸਿਖ ਧਰਮ ਦੀ ਖਾਸ ਵਿਸ਼ੇਸ਼ਤਾ ਹੈ ਕਿ ਇਥੇ ਸ਼ਬਦ ਗੁਰੂ ਦੀ ਮਹਾਨਤਾ ਹੈ ਕੋਈ ਵਿਅਕਤੀਗਤ ਧਾਰਮਿਕ ਆਗੂ ਨਹੀਂ ਹੈ। ਜਦ ਸ਼ਬਦ ਹੀ ਸਾਡਾ ਇਸ਼ਟ ਹੈ ਫਿਰ ਇਸ ਨੂੰ ਤਾਂ ਕੇਵਲ ਪੜ੍ਹਿਆ ਲਿਖਿਆ ਹੀ ਸਮਝ ਸਕਦਾ ਹੈ ਭਾਵ ਹਰ ਇਕ ਸ਼ਰਧਾਲੂ ਨੂੰ ਘੱਟ ਤੋਂ ਘੱਟ ਪੰਜਾਬੀ ਜ਼ੁਬਾਨ ਆਉਣੀ ਚਾਹੀਦੀ ਹੈ, ਪਰ ਇਸ ਗੱਲ ਵਿਚ ਅਸੀਂ ਕਿਤਨੇ ਪਛੜੇ ਹੋਏ ਹਾਂ ਕਿ ਹੁਣ ਵੀ 25 ਪ੍ਰਤੀਸ਼ਤ ਸਿਖ ਆਬਾਦੀ ਅਨਪੜ੍ਹ ਦੱਸੀ ਜਾਂਦੀ ਹੈ। ਇਸ ਵੱਲ ਕੋਈ ਧਿਆਨ ਦੇਵੇ, ਜ਼ਰੂਰੀ ਹੈ। ਸਿਖ ਇਤਿਹਾਸ ਜਦੋਂ ਪੜ੍ਹਦੇ ਹਾਂ ਤਾਂ ਅਸੀਂ ਸਮਝ ਸਕਦੇ ਹਾਂ ਕਿ ਵੱਡਾ ਸਮਾਂ ਕੌਮ ਨੂੰ ਆਪਣੀ ਸੁਰੱਖਿਆ ਲਈ ਲਗਾਉਣਾ ਪਿਆ। 1708 ਵਿਚ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ, ਉਦੋਂ ਤੋਂ ਹੀ ਸਿਖਾਂ ਤੇ ਜ਼ੁਲਮਾਂ ਦਾ ਦੌਰ ਚੱਲਿਆ। 1780 ਵਿਚ ਮਿਸਲਾਂ ਨੇ ਪੰਜਾਬ ਜਿੱਤ ਲਿਆ ਤੇ 1800 ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆ ਗਿਆ ਸੀ। 50 ਸਾਲ ਦੇ ਰਾਜ ਵਿਚ ਵਿਦਿਆ ਦੇ ਪਰਸਾਰ ਲਈ ਕੋਈ ਪ੍ਰਾਪਤੀ ਪੜ੍ਹਨ ਨੂੰ ਨਹੀਂ ਮਿਲੀ ਹਾਲਾਂਕਿ ਬਾਕੀ ਭਾਰਤ ਵਿਚ ਅੰਗਰੇਜ਼ਾਂ ਨੇ ਸਕੂਲ ਕਾਲਜ ਖੋਲ੍ਹੇ ਹੋਏ ਸਨ। ਫਿਰ ਅੰਗਰੇਜ਼ ਰਾਜ ਆ ਗਿਆ। ਉਥਲ-ਪੁੱਥਲ ਹੋਈ, ਔਖੇ ਵਕਤ ਵੀ ਆਏ ਪਰ ਸਿਖ ਸੰਭਲ ਗਏ ਤੇ ਆਰਥਕ ਪੱਖ ਨੂੰ ਅਪਣਾਕੇ ਪੈਰਾਂ 'ਤੇ ਖੜ੍ਹੇ ਹੋ ਗਏ। ਉਸ ਵਕਤ 1890 ਤੋਂ ਸਿਖ ਸਕੂਲ ਖੋਲ੍ਹਣ ਦੇ ਯਤਨ ਆਰੰਭ ਹੋਏ। ਉਸੇ ਲਹਿਰ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਬਣਿਆ ਤੇ ਉਸ ਵਕਤ ਦੀ ਸਿਖ ਲੀਡਰਸ਼ਿਪ ਨੇ ਵਿਦਿਆ ਦੇ ਪਸਾਰ ਨੂੰ ਮੁੱਖ ਏਜੰਡਾ ਬਣਾਇਆ। ਚੀਫ ਖਾਲਸਾ ਦੀਵਾਨ ਦੀ ਹੋਂਦ

ਇਸੇ ਮੰਤਵ ਲਈ ਸੀ। ਵੱਡੇ ਸਿਖ ਆਗੂ ਸਕੂਲ ਮਾਸਟਰ ਬਣ ਗਏ। ਉਨ੍ਹਾਂ ਦੀ ਲਗਨ ਸਦਕਾ ਪੰਜਾਬ ਭਰ ਵਿਚ ਖਾਲਸਾ ਸਕੂਲ ਬਣ ਗਏ। ਗੁਰਦੁਆਰੇ ਮਹੰਤਾਂ ਤੋਂ ਵਾਪਿਸ ਲੈਣ ਦਾ ਸੰਘਰਸ਼ ਤੇ ਰਾਜਸੀ ਪਾਰਟੀ ਦੀ ਸਥਾਪਨਾ ਉਸੇ ਲੀਡਰਸ਼ਿਪ ਦੀ ਹਿੰਮਤ ਨਾਲ ਹੋਈ।1914 ਵਿਚ ਲੱਗੀ ਪਹਿਲੀ ਵਿਸ਼ਵ ਜੰਗ ਨੇ ਸਿਖਾਂ ਨੂੰ ਬੜਾ ਲਾਭ ਦਿੱਤਾ, ਫੌਜ ਭਰਤੀ ਤੇ ਸਬੰਧਤ ਕੰਮਾਂ ਵਿਚ ਸਿਖ ਠੇਕੇਦਾਰ ਸਾਹਮਣੇ ਆਏ। ਹਰ ਫੌਜੀ ਨੂੰ ਬਾਹਰ ਜਾ ਕੇ ਪੜ੍ਹੇ ਲਿਖੇ ਹੋਣ ਦਾ ਅਹਿਸਾਸ ਹੋਇਆ। ਲੰਬੀ ਲਾਮ ਕਰਕੇ ਚਿੱਠੀ ਪੱਤਰ ਦੀ ਲੋੜ ਨੇ ਵੀ ਵਿਦਿਆ ਦਾ ਪਸਾਰ ਕੀਤਾ। ਜੰਗ ਦੀ ਮਦਦ ਕਾਰਨ ਸਿਖਾਂ ਨੂੰ ਮੁਰੱਬੇ ਇਨਾਮ ਵਜੋਂ ਮਿਲੇ। ਵੱਡੇ ਵੱਡੇ ਜ਼ਿਮੀਦਾਰ ਸਿਖ ਉਭਰੇ, ਉਨ੍ਹਾਂ ਫਿਰ ਜ਼ਮੀਨਾਂ ਕਾਲਜਾਂ ਤੇ ਸਕੂਲਾਂ ਲਈ ਦਿੱਤੀਆਂ। ਲਾਇਲਪੁਰ, ਗੁੱਜਰਾਂਵਾਲਾ, ਮਿੰਟਗੁਮਰੀ, ਸ਼ੇਖੂਪੁਰਾ ਵਿਚ ਸਿਖ ਵਿਦਿਅਕ ਅਦਾਰੇ ਬਣੇ। ਲੜਕੀਆਂ ਲਈ ਵੱਖਰੇ ਸਕੂਲ ਕਾਲਜ ਬਣੇ। ਉਦੋਂ ਸਭ ਤੋਂ ਚੰਗੀ ਗੱਲ ਹੋਈ ਕਿ ਚੀਫ ਖਾਲਸਾ ਦੀਵਾਨ ਵੱਲੋਂ ਸਿਖ ਐਜੂਕੇਸ਼ਨ ਕਾਨਫਰੰਸ ਦਾ ਆਰੰਭ 1908 ਵਿੱਚ ਹੋਇਆ। ਹਰ ਸਾਲ ਵੱਖਰੀ ਥਾਂ 'ਤੇ ਇਸ ਕਾਨਫਰੰਸ ਦਾ ਆਯੋਜਨ ਕਰਨਾ ਅਤੇ ਉੱਥੇ ਸਿੱਖ ਵਿਦਿਅਕ ਅਦਾਰੇ ਨੂੰ ਮਜ਼ਬੂਤ ਕਰਨਾ ਸਿਖ ਕੌਮ ਦਾ ਏਜੰਡਾ ਬਣ ਗਿਆ ਸੀ। ਸਾਰੇ ਗਰੁੱਪ ਵੱਖੋ ਵੱਖ ਰਾਜਸੀ ਖਿਆਲਾਂ ਵਾਲੇ ਇਸ ਵਿਚ ਸ਼ਾਮਿਲ ਹੁੰਦੇ। ਭਾਈ ਵੀਰ ਸਿੰਘ ਦੀ ਇਸ ਵਿਚ ਬਹੁਤ ਦੇਣ ਹੈ। ਉਹ ਹਰ ਕਾਨਫਰੰਸ ਵਿਚ ਸ਼ਾਮਿਲ ਹੁੰਦੇ। ਸਿਆਸਤ ਨੂੰ ਹਮੇਸ਼ਾ ਇਸ ਤੋਂ ਦੂਰ ਰੱਖਿਆ ਗਿਆ। ਮੈਨੂੰ ਯਾਦ ਹੈ ਪਹਿਲੀ ਵਾਰ 1949 ਵਿਚ ਇਹ ਕਾਨਫਰੰਸ ਪਟਿਆਲੇ ਵਿਚ ਵੇਖੀ। ਸਵਾਗਤੀ ਕਮੇਟੀ ਦੇ ਪਰਧਾਨ ਉਦੋਂ ਦੇ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਸਨ ਤੇ ਪ੍ਰਧਾਨਗੀ ਕਰਨ ਵਾਲੇ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਸਨ। ਮੈਂ ਉਥੇ ਹੀ ਭਾਈ ਵੀਰ ਸਿੰਘ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ। ਸਰਦਾਰ ਬਹਾਦਰ ਉੱਜਲ ਸਿੰਘ ਜੋ ਪੰਜਾਬ ਵਿਚ ਵਜ਼ੀਰ ਤੇ ਪਿਛੋਂ ਗਵਰਨਰ ਵੀ ਬਣੇ ਉਹ ਇਨ੍ਹਾਂ ਕਾਨਫਰੰਸਾਂ ਵਿਚ ਪੂਰੀ ਤਰ੍ਹਾਂ ਸਰਗਰਮ ਰਹਿੰਦੇ ਸਨ। ਸਾਰੀ ਸਿਖ ਲੀਡਰਸ਼ਿਪ ਸ਼ਾਮਲ ਸੀ। ਫਿਰ 1953 ਵਿਚ ਇਹ ਕਾਨਫਰੰਸ ਕਾਨ੍ਹਪੁਰ ਵਿਚ ਵੇਖੀ, ਜਦ ਇਸ ਦੀ ਪ੍ਰਧਾਨਗੀ ਗਿਆਨ ਸਿੰਘ ਰਾੜੇਵਾਲਾ ਨੇ ਕੀਤੀ ਅਤੇ ਇੰਦਰ ਸਿੰਘ ਕਾਨ੍ਹਪੁਰ ਜੋ ਬਹੁਤ ਵੱਡੀ ਇੰਡਸਟ੍ਰੀ ਦੇ ਮਾਲਕ ਸਨ, ਇਸ ਦੇ ਸਵਾਗਤੀ ਕਮੇਟੀ ਦੇ ਪ੍ਰਧਾਨ ਸਨ। ਭਾਈ ਸਾਹਿਬ ਬਾਗੜੀਆਂ ਵੀ ਸ਼ਾਮਿਲ ਸਨ। ਪੱਕੇ ਰਾਗਾਂ ਦੇ ਆਧਾਰਤ ਕੀਰਤਨ ਦੀ ਪਰੰਪਰਾ ਵੀ ਇਸ

ਕਾਨਫਰੰਸ ਦਾ ਹਿੱਸਾ ਹੁੰਦੀ ਸੀ। 1974 ਵਿਚ ਇਹ ਕਾਨਫਰੰਸ ਸ੍ਰੀ ਅੰਮ੍ਰਿਤਸਰ ਗਿ: ਜ਼ੈਲ ਸਿੰਘ ਮੁੱਖ ਮੰਤਰੀ ਦੀ ਪ੍ਰਧਾਨਗੀ ਵਿਚ ਹੋਈ। ਉਦੋਂ ਇਹ ਸਾਰੇ ਪ੍ਰਗਰਾਮ ਦੇ ਇੰਚਾਰਜ ਦਲਬੀਰ ਸਿੰਘ ਹੁੰਦੇ ਸਨ। ਉਹ ਚੀਫ ਖਾਲਸਾ ਦੀਵਾਨ ਦੇ ਸਕੱਤਰ ਸਨ। ਇਹ ਸਿਲਸਿਲਾ ਪਹਿਲਾਂ ਲਗਾਤਾਰ ਹੁੰਦਾ ਸੀ ਪਰ ਫਿਰ ਪੰਜਾਬ ਦੇ ਹਾਲਾਤ ਮੁਤਾਬਕ ਬੰਦ ਹੋ ਗਿਆ। ਚੀਫ ਖਾਲਸਾ ਦੀਵਾਨ ਦੀ ਨਵੀਂ ਬਣੀ ਕਮੇਟੀ ਚਰਨਜੀਤ ਸਿੰਘ ਚੱਢਾ ਪ੍ਰਧਾਨ ਤੇ ਭਾਗ ਸਿੰਘ ਅਣਖੀ ਨੇ ਮੁੜ ਇਸ ਨੂੰ ਚਾਲੂ ਕੀਤਾ। ਰੰਗੀਲ ਸਿੰਘ ਸਾਬਕਾ ਵਿਦਿਆ ਮੰਤਰੀ ਕਸ਼ਮੀਰ ਦੀ ਪ੍ਰਧਾਨਗੀ ਵਿਚ ਅੰਮ੍ਰਿਤਸਰ ਵਿਚ ਆਯੋਜਨ ਹੋਈ। ਫਿਰ ਚੰਡੀਗੜ੍ਹ ਵਿਚ ਕੀਤੀ ਗਈ। ਸੰਤ ਸਿੰਘ ਛਤਵਾਲ ਅਮਰੀਕਾ ਵਾਲੇ, ਪ੍ਰਧਾਨ, ਇਕਬਾਲ ਸਿੰਘ ਲੈਫਟੀਨੈਂਟ ਗਵਰਨਰ ਪਾਡੂਚਿਰੀ ਨੇ ਉਦਘਾਟਨ ਕੀਤਾ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਮੁੱਖ ਮਹਿਮਾਨ ਸਨ। ਇਕ ਵਾਰ ਕਰਨਾਲ ਵਿਚ ਇਹ ਕਾਨਫਰੰਸ ਹੋਈ। ਉਦੋਂ ਇੰਦਰਜੀਤ ਸਿੰਘ ਪੰਜਾਬ ਐਂਡ ਸਿੰਧ ਬੈਂਕ ਦੇ ਇਚਾਰਜ ਸਨ। ਪ੍ਰਧਾਨਗੀ ਲਈ ਅਮਰੀਕਾ ਤੋਂ ਗੰਗਾ ਸਿੰਘ ਢਿੱਲੋਂ ਨੂੰ ਬੁਲਾਇਆ ਗਿਆ। ਉਨ੍ਹਾਂ ਆਪਣੇ ਭਾਸ਼ਣ ਵਿਚ ਸਿਖ ਇਕ ਵੱਖਰੀ ਕੌਮ ਦਾ ਸਿਧਾਂਤ ਪੇਸ਼ ਕਰ ਦਿੱਤਾ। ਇਸ ਤੇ ਸਿਖ ਵਿਰੋਧੀ ਪ੍ਰੈਸ ਨੇ ਵਾਵੇਲਾ ਖੜ੍ਹਾ ਕਰ ਦਿੱਤਾ ਕਿ ਇਹ ਐਂਟੀ ਭਾਰਤ ਸਟੈਂਡ ਹੈ। ਢਿੱਲੋਂ ਨੂੰ ਤੁਰੰਤ ਭਾਰਤ ਤੋਂ ਬਾਹਰ ਕੱਢ ਦਿੱਤਾ ਗਿਆ। ਭਾਵੇਂ ਇਹ ਮਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਤੁਰੰਤ ਪਾਸ ਕਰ ਦਿੱਤਾ ਸੀ।

ਅੱਜ ਦੀ ਲੋੜ ਅਨੁਸਾਰ ਇਸ ਕਾਨਫਰੰਸ ਨੂੰ ਲਗਾਤਾਰ ਕਰਨਾ ਜ਼ਰੂਰੀ ਹੈ। ਪੰਜਾਬ ਤੋਂ ਬਾਹਰ ਵੀ ਹੋਵੇ ਕਿਉਂ ਜੋ ਖਾਲਸਾ ਕਾਲਜ ਸਕੂਲ ਹਰ ਸਟੇਟ ਵਿਚ ਹਨ। ਵੱਧ ਤੋਂ ਵੱਧ ਸ਼ਮੂਲੀਅਤ ਹੋਵੇ, ਇਸ ਨੂੰ ਨਿਰੋਲ ਵਿਦਿਅਕ ਤੇ ਸਮਾਜਕ ਰੱਖਿਆ ਜਾਵੇ। ਸਾਰੇ ਲੀਡਰ ਚਾਹੇ ਉਹ ਕਿਸੀ ਪਾਰਟੀ ਦੇ ਹੋਣ ਬੁਲਾਏ ਜਾਣ, ਸਿਖ ਮੈਨੇਜਮੈਂਟ ਤੇ ਵਿਦਿਆਰਥੀ ਆਪਣੇ ਸੈਮੀਨਾਰ ਕਰਨ, ਇਸ ਦੇ ਲਾਭ ਬਹੁਤ ਹੋਣਗੇ।

ਅੱਜ ਸਿਖਾਂ ਦੇ ਸਕੂਲ ਤੇ ਕਾਲਜ ਵਿਦੇਸ਼ਾਂ ਵਿੱਚ ਖੁੱਲ੍ਹ ਚੁੱਕੇ ਹਨ, ਸਭ ਤੋਂ ਪਹਿਲਾਂ ਤਹਿਰਾਨ ਈਰਾਨ ਵਿਚ ਖੁੱਲ੍ਹਿਆ ਸੀ। ਫਿਰ ਮਲਾਇਆ, ਸਿੰਘਾਪੁਰ, ਬੈਂਕਾਕ ਵਿਚ ਬਣੇ। ਲੰਡਨ ਵਿਚ ਕੁਝ ਸਾਲ ਪਹਿਲਾਂ ਸਕੂਲ ਹੋਂਦ ਵਿਚ ਆਇਆ। ਇਕ ਕਾਲਜ ਤੇ ਯੂਨੀਵਰਸਿਟੀ ਵੀ ਬਣ ਚੁੱਕੀ ਹੈ। ਜਿਸ ਦੇ ਮੁਖੀ ਪ੍ਰੋਫੈਸਰ ਕਪੂਰ ਹਨ। ਕੈਨੇਡਾ ਅਤੇ ਅਮਰੀਕਾ ਵਿਚ ਸਕੂਲ ਤਾਂ ਨਹੀਂ ਖੁੱਲ੍ਹੇ ਪਰ ਕਈ ਯੂਨੀਵਰਸਿਟੀਆਂ ਵਿਚ ਸਿਖ ਸਟੱਡੀਜ਼

ਦੀਆਂ ਚੇਅਰਜ਼ ਬਣ ਗਈਆਂ ਹਨ। ਇਸ ਵਕਤ ਇਹ 6 ਵੱਖੋ ਵੱਖ ਯੂਨੀਵਰਸਿਟੀਆਂ ਵਿਚ ਹਨ। ਡਾ. ਨਰਿੰਦਰ ਸਿੰਘ ਕਪਾਨੀ ਨੇ ਸੇਂਟ ਬਾਬਰਾ ਵਿਚ ਬਣਾਈ ਹੈ। ਜਿਥੇ ਡਾ. ਗੁਰਿੰਦਰ ਸਿੰਘ ਮਾਨ ਮੁਖੀ ਹਨ। ਈਸ਼ਰ ਸਿੰਘ ਬਿੰਦਰਾ ਨੇ ਹਾਫਸਟਰਾ ਯੂਨੀਵਰਸਿਟੀ, ਲਾਂਗ ਆਈਲੈਂਡ, ਨਿਊਯਾਰਕ ਵਿਚ ਖੁਲ੍ਹਵਾਈ ਹੈ। ਉਥੇ ਹੀ ਹੁਣ ਸਿਖ ਸੰਗੀਤ ਦੀ ਵੱਖਰੀ ਚੇਅਰ ਹਾਕਮ ਸਿੰਘ ਲਾਸ ਏਂਜਲਸ ਨੇ ਖੁਲ੍ਹਵਾ ਦਿੱਤੀ ਹੈ। ਅੱਜ ਲੋੜ ਹੈ ਸਾਰੇ ਸਿਖ ਵਿਦਿਅਕ ਅਦਾਰਿਆਂ ਦੀ ਪੂਰੀ ਲਿਸਟ ਇਕ ਡਾਇਰੈਕਟਰੀ ਦੇ ਰੂਪ ਵਿਚ ਬਣੇ ਅਤੇ ਇਨ੍ਹਾਂ ਦਾ ਆਪਸ ਵਿਚ ਮੇਲ ਮਿਲਾਪ ਹੋਵੇ।

# ਸੇਵਾ ਦੇ ਨਾਂ ਤੇ ਲੁਟ

ਸਿਖ ਕੌਮ ਲਈ ਇਸ ਤੋਂ ਵੱਧ ਕਿਹੜੀ ਦੁਖਦਾਈ ਗੱਲ ਹੋ ਸਕਦੀ ਹੈ ਕਿ ਦਿੱਲੀ ਤੇ ਦੇਸ਼ ਦੀਆਂ ਅਖ਼ਬਾਰਾਂ ਤੇ ਟੀ ਵੀ ਚੈਨਲਾਂ 'ਤੇ ਗੁਰਦੁਆਰਾ ਸਾਹਿਬ ਦੇ ਕੰਟਰੋਲ ਸੰਬੰਧੀ ਖ਼ਬਰਾਂ ਛਪ ਰਹੀਆਂ ਹਨ। ਆਪਣੇ ਆਪ ਨੂੰ ਸਭ ਤੋਂ ਧਾਰਮਿਕ ਤੇ ਸੇਵਾ ਦਾ ਜਗਤ-ਵਿਆਪੀ ਸੰਦੇਸ਼ ਦੇਣ ਵਾਲਾ ਧਰਮ ਲੋਕਾਂ ਨੂੰ ਕੀ ਵਿਖਾ ਰਿਹਾ ਹੈ? ਮੈਨੂੰ ਹੈਰਾਨਗੀ ਇਸ ਗੱਲ 'ਤੇ ਹੈ ਕਿ ਕੌਮ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਲੀਡਰ ਇਸ ਲੜਾਈ ਵਿਚ ਕਿਸੇ ਨਾ ਕਿਸੇ ਧਿਰ ਦੀ ਵਕਾਲਤ ਕਰ ਰਹੇ ਹਨ ਤੇ ਇਹ ਨਹੀਂ ਸੋਚ ਰਹੇ ਕਿ ਇਹ ਜੋ ਕੁਝ ਹੋ ਰਿਹਾ ਹੈ ਇਸ ਨਾਲ ਸਿਖਾਂ ਪ੍ਰਤੀ ਪਬਲਿਕ ਵਿਚ ਕਿਵੇਂ ਵਿਚਾਰਿਆ ਜਾ ਰਿਹਾ ਹੈ। ਕਦੇ ਇਹ ਵੀ ਨਹੀਂ ਸੋਚਦੇ ਕਿ ਗੁਰਦੁਆਰਿਆਂ ਦੀ ਸੇਵਾ ਦਾ ਨਿਸ਼ਾਨਾ ਮੁੱਖ ਰੱਖ ਕੇ ਕਬਜ਼ਾ ਜਮਾਉਣ ਦੀ ਭਾਵਨਾ ਪ੍ਰਬਲ ਹੁੰਦੀ ਜਾ ਰਹੀ ਹੈ। ਹਰ ਕੋਈ ਕਹਿੰਦਾ ਹੈ ਕਿ ਲੋਕਾਂ ਨੇ ਮੈਨੂੰ ਇਸ ਸੇਵਾ ਲਈ ਚੁਣਿਆ ਹੈ ਪਰ ਕਿਹੋ ਜਿਹੀ ਸੇਵਾ ਹੋ ਰਹੀ ਹੈ ਤੇ ਇਸ ਸੇਵਾ ਦਾ ਕੌਮ ਨੂੰ ਕੀ ਲਾਭ ਪੁੱਜ ਰਿਹਾ ਹੈ, ਉਹ ਹੁਣ ਸਭ ਦੇ ਸਾਹਮਣੇ ਹੈ। ਗੁਰਦੁਆਰਿਆਂ ਦੀ ਸੇਵਾ ਕਰਨ ਦੀ ਡਿਊਟੀ ਲੈਣ ਲਈ ਲੱਖਾਂ ਰੁਪਏ ਖ਼ਰਚ ਕੀਤੇ ਜਾ ਰਹੇ ਹਨ। ਅੱਜ ਇਹ ਸਥਿਤੀ ਹੋਰ ਵਿਗੜ ਚੁੱਕੀ ਹੈ। ਗੁਰਦੁਆਰੇ 'ਤੇ ਕਬਜ਼ਾ ਜਮਾਉਣ ਲਈ ਚੁਣੇ ਹੋਏ ਮੈਂਬਰਾਂ ਨੂੰ ਖਰੀਦਣਾ ਪੈਂਦਾ ਹੈ ਤੇ ਦਿੱਲੀ ਵਿਚ ਚਰਚਾ ਹੈ ਕਿ ਘੱਟ ਤੋਂ ਘੱਟ ਇੱਕ ਮੈਂਬਰ ਦਾ ਰੇਟ 5 ਲੱਖ ਰੁਪਏ ਹੈ। ਕੇਵਲ ਪੈਸੇ ਹੀ ਨਹੀਂ, ਪ੍ਰਧਾਨ ਦੀ ਚੋਣ ਤੋਂ ਪਹਿਲਾਂ ਕਈ-ਕਈ ਦਿਨ ਮੈਂਬਰਾਂ ਨੂੰ ਹੋਟਲਾਂ ਵਿੱਚ ਰੱਖਣਾ ਪੈਂਦਾ ਹੈ। ਫਿਰ ਜਿਹੜਾ ਗਰੁੱਪ ਜਿੱਤੇ ਉਸ ਧੜੇ ਦੇ ਮੈਂਬਰਾਂ ਨੂੰ ਮਾਇਆ ਕਮਾਉਣ ਵਾਲੀਆਂ ਕਮੇਟੀਆਂ ਦੀ ਪ੍ਰਧਾਨਗੀ ਜਾਂ ਸਕੂਲਾਂ ਦੀ ਪ੍ਰਧਾਨਗੀ ਦਿੱਤੀ ਜਾਂਦੀ ਹੈ ਤਾਂ ਜੋ ਮੈਂਬਰ ਬੜੀ ਸ਼ਰਧਾ ਨਾਲ ਗੁਰੂ ਘਰ ਦੀ ਪੂਰੀ 'ਸੇਵਾ' ਕਰ ਸਕਣ। ਕਿਤਨੀ ਚੁਣੇ ਹੋਏ ਮੈਂਬਰਾਂ ਦੀ ਗੁਰੂ ਪ੍ਰਤੀ ਵਚਨ-ਬੱਧਤਾ ਹੈ ਤੇ ਇਹ ਸਿਖੀ ਦੀ ਕਿਵੇਂ ਸੇਵਾ ਕਰਦੇ ਹਨ, ਉਹ ਸਿਖ ਜਗਤ ਨੂੰ ਦਿੱਲੀ ਗੁਰਦੁਆਰਾ ਕਮੇਟੀ ਦੇ 'ਕੁਰਸੀ ਯੁੱਧ' ਤੋਂ ਵੇਖਣੀ ਚਾਹੀਦੀ ਹੈ। ਕਦੇ ਸਿਖਾਂ ਨੇ ਸੋਚਿਆ ਹੈ ਕਿ ਗੁਰਦੁਆਰੇ ਦੀ ਚੋਣ ਦੀ

ਇਹ ਪ੍ਰੰਪਰਾ ਜਿਸ ਨੂੰ ਅਸੀਂ ਲੋਕਤੰਤਰ ਰਾਹੀਂ ਕਰਦੇ ਹਾਂ, ਕਿਸੇ ਹੋਰ ਧਰਮ ਨੇ ਵੀ ਅਪਣਾਈ ਹੈ? ਕਦੇ ਕਿਸੇ ਅਖ਼ਬਾਰ ਵਿਚ, ਕਿਸੇ ਮਸਜਿਦ ਦੀ ਕਮੇਟੀ ਦੀ ਚੋਣ, ਚਰਚ ਦੀ ਕਮੇਟੀ ਦੀ ਚੋਣ ਜਾਂ ਮੰਦਰ ਦੀ ਚੋਣ ਦੀ ਖ਼ਬਰ ਨਹੀਂ ਪੜ੍ਹੀ। ਕੀ ਉਹਨਾਂ ਧਰਮਾਂ ਦੇ ਲੋਕ ਪ੍ਰਜਾਤੰਤਰ ਵਿਚ ਵਿਸ਼ਵਾਸ ਨਹੀਂ ਰੱਖਦੇ?

ਸਿਖਾਂ ਦੀ ਤਾਦਾਦ ਹਿੰਦੂਆਂ ਤੇ ਮੁਸਲਮਾਨਾਂ ਦੇ ਮੁਕਾਬਲੇ ਬੜੀ ਥੋੜ੍ਹੀ ਹੈ। ਅਸੀਂ ਤਾਂ ਆਟੇ ਵਿਚ ਲੂਣ ਵਾਂਗੂੰ ਹਾਂ। ਉਹਨਾਂ ਦੇ ਪੂਜਾ ਅਸਥਾਨ ਸਿਖਾਂ ਦੀ ਨਕਲ ਨਹੀਂ ਕਰਦੇ। ਅਸੀਂ ਤਾਂ ਕੇਵਲ ਆਪਣੀ ਤਾਰੀਫ਼ ਆਪ ਕਰਨ ਦੇ ਵਿਚ ਹੀ ਲੱਗੇ ਰਹਿੰਦੇ ਹਾਂ, ਜਿਵੇਂ ਬਾਕੀਆਂ ਨੂੰ ਤਾਂ ਕੁਝ ਪਤਾ ਨਹੀਂ ਤੇ ਅਸੀਂ ਹੀ ਹਰ ਗੱਲ ਦੇ ਮਾਹਰ ਹਾਂ।

ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਹਰ ਸਾਲ ਪ੍ਰਧਾਨ ਦੀ ਚੋਣ ਹੁੰਦੀ ਹੈ। ਵੈਸੇ ਚੰਗਾ ਹੋਵੇ ਜੇ ਗੁਰਦੁਆਰੇ ਦਾ ਪ੍ਰਧਾਨ ਪੂਰਾ ਸਮਾਂ 3 ਤੋਂ 5 ਸਾਲ ਲਈ ਚੁਣਿਆ ਜਾਵੇ ਤਾਂ ਜੋ ਹਰ ਸਾਲ ਇਹ ਡਰਾਮਾ ਬੰਦ ਹੋਵੇ। ਦਿੱਲੀ ਵਿਚ ਪਹਿਲਾਂ ਤਾਂ ਚੋਣ ਹਰ ਸਾਲ ਹੋਣੀ ਕਾਨੂੰਨਨ ਲਾਜ਼ਮੀ ਹੈ ਪਰ ਜਿਹੜਾ ਪ੍ਰਧਾਨ ਬਣਿਆ ਹੁੰਦਾ ਹੈ, ਉਹ ਹੋਰ ਸਮਾਂ ਲੰਘਾਉਣਾ ਚਾਹੁੰਦਾ ਹੈ ਤੇ ਇਲੈਕਸ਼ਨ ਹਰ ਹੀਲੇ ਲੇਟ ਕਰਦਾ ਹੈ। ਇਕ ਵਾਰ ਜਨਰਲ ਸਕੱਤਰ ਨੇ ਆਪਣੇ ਨਾਂ ਹੇਠ ਚੋਣ ਦੀ ਤਾਰੀਕ ਮੁਕੱਰਰ ਕਰ ਦਿੱਤੀ, ਪ੍ਰਧਾਨ ਦੇ ਗਰੁੱਪ ਵੱਲੋਂ ਇਸ ਦੀ ਵਿਰੋਧਤਾ ਹੋਈ ਪਰ ਜਦ ਉਹਨਾਂ ਵੇਖਿਆ ਕਿ ਮੈਂਬਰ ਉਹਨਾਂ ਨਾਲ ਪੂਰੇ ਹਨ ਤਾਂ ਉਹਨਾਂ ਨੇ ਇਸੇ ਤਾਰੀਕ 'ਤੇ ਚੋਣ ਕਰਵਾ ਲਈ ਜਦੋਂ ਕਿ ਜਨਰਲ ਸਕੱਤਰ ਨੇ ਇਹ ਚੋਣ ਦੀ ਤਾਰੀਕ ਦਾ ਨੋਟਿਸ ਬਦਲ ਦਿੱਤਾ ਸੀ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੋਕਣ ਲਈ ਦੋਹਾਂ ਗਰੁੱਪਾਂ ਨੂੰ ਆਦੇਸ਼ ਦਿੱਤੇ ਕਿ ਉਹ ਚੋਣ ਰੋਕ ਦੇਣ ਤੇ ਅੰਮ੍ਰਿਤਸਰ ਆ ਕੇ ਆਪਣੇ ਪੱਖ ਪੇਸ਼ ਕਰਨ। ਚੋਣ ਹੋ ਗਈ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਲਿਖਿਆ ਇਕ ਪਾਸੇ ਰੱਖ ਦਿੱਤਾ ਗਿਆ, ਦੂਜਾ ਗਰੁੱਪ ਕਚਿਹਰੀ ਵਿਚ ਚਲਾ ਗਿਆ ਤੇ ਹਾਈ ਕੋਰਟ ਨੇ ਚੋਣ ਰੱਦ ਕਰ ਦਿੱਤੀ। ਰੱਦ ਹੋਣ ਨਾਲ ਦੋਨੋਂ ਗਰੁੱਪ ਦਫਤਰ ਦੇ ਬਾਹਰ ਪਹੁੰਚ ਗਏ ਤੇ ਪੁਲਿਸ ਨੇ ਆ ਕੇ ਦਖਲ ਦਿੱਤਾ। ਵਿਚਾਰ ਕਰਨ ਪਿੱਛੋਂ ਗੁਰਦੁਆਰੇ ਦੇ ਦਫਤਰ ਨੂੰ ਤਾਲੇ ਲਗਾ ਦਿੱਤੇ ਗਏ। ਨਤੀਜਾ ਇਹ ਕਿ ਦਿੱਲੀ ਵਿਚ ਸਿਖਾਂ ਦੀ ਸਭ ਤੋਂ ਵੱਡੀ ਸੰਸਥਾ ਤੇ ਕਈ ਹਫਤਿਆਂ ਤੋਂ ਤਾਲਾ ਲੱਗਿਆ ਰਿਹਾ। ਸਾਰਾ ਦਫਤਰ ਦਾ ਕੰਮ ਠੱਪ ਰਿਹਾ ਤੇ ਸਾਰਾ ਸਿਖ ਜਗਤ ਤਮਾਸ਼ਬੀਨ ਬਣਿਆ ਬੈਠਾ ਰਿਹਾ।

ਇੱਕ ਵੱਡਾ ਸਿਧਾਂਤਕ ਸਵਾਲ ਮੈਂ ਸਿਖ ਸੰਗਤਾਂ ਅੱਗੇ ਰੱਖਦਾ ਹਾਂ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਦੀ ਕੋਈ ਵੁੱਕਤ ਹੈ ? ਕਚਿਹਰੀ ਦਾ ਮੈਜਿਸਟ੍ਰੇਟ ਹੋਵੇ, ਹਾਈ ਕੋਰਟ ਦਾ ਜੱਜ ਹੋਵੇ, ਸਾਰੀਆਂ ਸਿਖ ਸੰਸਥਾਵਾਂ ਤੇ ਉਹ ਹੁਕਮ ਲਾਗੂ ਹੁੰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਭਾਵੇਂ ਕਿੰਨੀ ਹੀ ਮਨਸ਼ਾ ਹੋਵੇ, ਸਿਖਾਂ ਵੱਲੋਂ ਅਵਾਜ਼ਾਂ ਆਉਣ ਲੱਗ ਜਾਂਦੀਆਂ ਹਨ। ਕੀ ਸਿਖ ਸੰਸਥਾਵਾਂ ਦੇ ਝਗੜੇ ਨਿਪਟਾਉਣ ਲਈ ਕੋਈ ਉੱਚ ਸੰਸਥਾ ਹੋ ਸਕਦੀ ਹੈ? ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪਿਛਲੇ 300 ਸਾਲ ਦਾ ਇਤਿਹਾਸ ਹੈ। ਜਥੇਦਾਰ ਕੋਈ ਹੋਵੇ ਤੇ ਕਿਵੇਂ ਚੁਣਿਆ ਜਾਵੇ, ਇਸ ਬਾਰੇ ਤਾਂ ਕੋਈ ਵਿਚਾਰ ਕਰ ਸਕਦਾ ਹੈ। ਪਰ ਇਹ ਤਾਂ ਮੰਨਣਾ ਪਵੇਗਾ ਕਿ ਸ੍ਰੀ ਅਕਾਲ ਤਖ਼ਤ ਵਿਚ ਬੈਠਾ ਵਿਅਕਤੀ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੋਲ ਸਕਦਾ ਹੈ। ਇਸ ਹਕੀਕਤ ਨੂੰ ਸਾਹਮਣੇ ਰੱਖ ਕੇ ਕਿਉਂ ਨਾ ਸਾਰੇ ਸਿਖ ਇਸ ਉੱਪਰ ਫ਼ੈਸਲਾ ਕਰਨ ਕਿ ਸਾਰੇ ਝਗੜੇ ਨਿਪਟਾਉਣ ਲਈ ਅਸੀਂ ਕੋਈ ਫੈਸਲਾ ਕਰਨ ਵਾਲੀ ਉਚ ਸੰਸਥਾ ਨੂੰ ਅਧਿਕਾਰ ਦਈਏ। ਹੁਣ ਤੱਕ ਇਹ ਸੰਸਥਾ ਕੇਵਲ ਸ੍ਰੀ ਅਕਾਲ ਤਖ਼ਤ ਹੀ ਹੈ। 'ਚੀਫ਼ ਖਾਲਸਾ ਦੀਵਾਨ' ਜੋ ਸਿਖਾਂ ਦੀ ਸਭ ਤੋਂ ਪੁਰਾਣੀ ਸੰਸਥਾ ਹੈ, ਵਿਚ ਵੀ ਇਹੋ ਜਿਹਾ ਯੁੱਧ ਚੱਲ ਰਿਹਾ ਸੀ। ਦੋਵੇਂ ਧਿਰਾਂ ਕਚਹਿਰੀ ਵਿਚ ਵੀ ਪੁੱਜ ਗਈਆਂ ਸਨ। ਉਸ ਵਕਤ ਪੰਜਾਬ ਸਰਕਾਰ ਵੀ ਇੱਕ ਧੜੇ ਦੀ ਮਦਦ ਲਈ ਆ ਗਈ ਤੇ ਡਿਪਟੀ ਕਮਿਸ਼ਨਰ ਨੇ ਦਫ਼ਤਰ ਤੇ ਤਾਲਾ ਲਗਾ ਦਿੱਤਾ ਸੀ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਹੁਕਮਾਂ ਨਾਲ ਇਹ ਤਾਲਾ ਖੋਲ੍ਹਣਾ ਪਿਆ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਸ ਵਿਚ ਪੂਰਾ ਦਖ਼ਲ ਦਿੱਤਾ ਅਤੇ ਦੋਵੇਂ ਗਰੁੱਪਾਂ ਦੀ ਸੁਲਾਹ ਕਰਵਾ ਕੇ ਸਾਂਝੀ ਕਮੇਟੀ ਬਣਾ ਦਿੱਤੀ। ਇਹ ਕਮੇਟੀ ਅੱਜ ਤੱਕ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਕੰਮ ਕਰ ਰਹੀ ਹੈ। ਕੀ ਦਿੱਲੀ ਸਿਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਨੋਂ ਗਰੁੱਪ ਕਦੇ ਇਹ ਸੋਚ ਸਕਦੇ ਹਨ ਕਿ ਭਰਾ ਮਾਰੂ ਜੰਗ ਨੂੰ ਬੰਦ ਕਰਕੇ ਸ੍ਰੀ ਅਕਾਲ ਤਖ਼ਤ ਨੂੰ ਬੇਨਤੀ ਕਰਨ ਕਿ ਦੋਵੇਂ ਗਰੁੱਪਾਂ ਕੀ ਸਾਂਝੀ ਕਮੇਟੀ ਬਣਾ ਦਿੱਤੀ ਜਾਵੇ ? ਸਿਖਾਂ ਦਾ ਜੋ ਮਖੌਲ ਹੋ ਰਿਹਾ ਹੈ, ਉਸ ਨੂੰ ਉਹ ਵੇਖਣ ਕਿ ਉਹਨਾਂ ਦੀ ਗ਼ਲਤੀ ਦਾ ਨੁਕਸਾਨ ਕੌਮ ਉਠਾ ਰਹੀ ਹੈ। ਦੂਸਰੀ ਮੇਰੀ ਬੇਨਤੀ ਸਿਖ ਲੀਡਰਾਂ ਨੂੰ ਹੈ ਕਿ ਕਦੇ ਤਾਂ ਸਿਖੀ ਦੇ ਆਦਰਸ਼ ਨੂੰ ਵੇਖਦੇ ਹੋਏ ਗਰੁੱਪਬਾਜ਼ੀ ਤੋਂ ਉੱਪਰ ਉੱਠਣ ਅਤੇ ਇਹੋ ਜਿਹੇ ਝਗੜਿਆਂ ਨੂੰ ਬਜਾਏ ਹਵਾ ਦੇਣ ਦੇ ਨਿਪਟਾਉਣ ਦੀ ਕੋਸ਼ਿਸ਼ ਕਰਨ।

# ਨਿਰਮਲੇ ਸੰਤਾਂ ਦਾ ਸਿਖੀ 'ਚ ਯੋਗਦਾਨ

ਮੈਂ ਦਿੱਲੀ ਦੇ ਇਕ ਅਮੀਰ ਇਲਾਕੇ ਵਿਚ ਚੱਲ ਰਹੇ ਸਿਖ ਸਕੂਲ ਦੇ ਪ੍ਰਧਾਨ ਨੂੰ ਇਕ ਗ਼ਰੀਬ ਸਿਖ ਦੇ ਬੱਚੇ ਦੀ ਫੀਸ ਮੁਆਫ਼ੀ ਲਈ ਬੇਨਤੀ ਕੀਤੀ, ਜੋ ਇਕ ਜਾਇਜ਼ ਕੇਸ ਸੀ। ਪ੍ਰਧਾਨ ਜੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਵੀ ਹਨ ਪਰ ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਗੁਰਦੁਆਰੇ ਦੇ ਨਾਲ ਚਲਦੇ ਸਕੂਲ ਵਿਚ ਕਿਸੇ ਲੋੜਵੰਦ ਦੀ ਮਦਦ ਕਰ ਸਕਣ। ਗੁਰੂ ਦੇ ਹੁਕਮ ਅਨੁਸਾਰ ਸਿਖ ਨੂੰ ਵਿੱਦਿਆ ਦੇ ਪ੍ਰਸਾਰ ਅਤੇ ਦਾਨ ਵਿਚ ਪੂਰਾ ਯੋਗਦਾਨ ਪਾਉਣਾ ਚਾਹੀਦਾ ਹੈ। ਅਸੀਂ ਸ਼ਬਦ ਗੁਰੂ ਦੇ ਧਾਰਨੀ ਹਾਂ, ਸ਼ਬਦ ਦੀ ਸਮਝ ਤਾਂ ਪੜ੍ਹਨ ਨਾਲ ਹੀ ਆ ਸਕਦੀ ਹੈ। ਅੱਜ ਵੀ 30 ਫੀਸਦੀ ਤੋਂ ਵੱਧ ਸਿਖ ਅਨਪੜ੍ਹ ਹਨ। ਅਸੀਂ ਤਾਂ ਰੋਜ਼ ਵੱਡੇ ਜਲੂਸ ਕੱਢਣ ਵਿਚ ਅਤੇ ਬਿਨਾਂ ਤੱਥਾਂ ਦੇ ਆਧਾਰ 'ਤੇ ਨਵੇਂ ਨਾਅਰੇ ਦੇਣ ਵਿਚ ਲੱਗੇ ਰਹਿੰਦੇ ਹਾਂ। ਬੁਨਿਆਦੀ ਕਮਜ਼ੋਰੀ ਨੂੰ ਦੂਰ ਕਰਨ ਲਈ ਤਾਂ ਸੋਚਦੇ ਹੀ ਨਹੀਂ।

ਪਾਠਕਾਂ ਸਾਹਮਣੇ ਇਕ ਅਦੁੱਤੀ ਉਪਰਾਲਾ ਜੋ ਵਿੱਦਿਆ ਦੇ ਖੇਤਰ ਵਿਚ ਹੋਇਆ ਹੈ ਅਤੇ ਜਿਸ ਦੀ ਬੜੀ ਚਰਚਾ ਹੈ, ਉਸ ਬਾਰੇ ਲਿਖਣ ਲੱਗਾ ਹਾਂ। ਸਾਰੇ ਜਾਣਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਕੁਝ ਚੋਣਵੇਂ ਸਿਖਾਂ ਨੂੰ ਬਨਾਰਸ ਭੇਜ ਕੇ ਵਿੱਦਿਆ ਪ੍ਰਾਪਤ ਕਰਨ ਦਾ ਹੁਕਮ ਦਿੱਤਾ। ਉਹ ਸਿਖ ਵਾਪਸ ਆ ਕੇ ਨਿਰਮਲੇ ਕਹਿਲਾਏ ਭਾਵ ਜੋ ਮਨ ਤੇ ਤਨ ਨਾਲ ਸਵੱਛ ਹੋਏ। ਗੁਰੂ ਗੋਬਿੰਦ ਸਿੰਘ ਦੇ ਅਸ਼ੀਰਵਾਦ ਨਾਲ ਇਹ ਸਿਖੀ ਦਾ ਵਿੱਦਿਆ ਕੇਂਦਰ ਬਣੇ। ਗੁਰੂ ਗ੍ਰੰਥ ਸਾਹਿਬ ਦੀ ਕਥਾ ਨਿਰਮਲੇ ਕਰਦੇ ਹਨ ਤੇ ਪ੍ਰਚਾਰ ਵੀ ਇਨ੍ਹਾਂ ਰਾਹੀਂ ਹੁੰਦਾ ਹੈ। ਹਰਿਦੁਆਰ, ਰਿਸ਼ੀਕੇਸ਼, ਬਨਾਰਸ, ਇਲਾਹਾਬਾਦ ਇਨ੍ਹਾਂ ਦੇ ਸਥਾਨ ਬਣੇ, ਜਿਨ੍ਹਾਂ ਨੂੰ ਅਖਾੜੇ ਪੁਕਾਰਦੇ ਹਨ। ਇਹ ਸਫੈਦ ਜਾਂ ਭਗਵੇਂ ਬਾਣੇ ਵਿਚ ਰਹਿੰਦੇ ਹਨ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਟੀਕਾ ਵੀ ਨਿਰਮਲੇ ਸੰਤਾਂ ਨੇ ਕੀਤਾ। ਮੈਂ ਇਕ ਕਿਤਾਬ ਨਿਰਮਲੇ ਸੰਤਾਂ ਬਾਰੇ ਪ੍ਰੋ: ਪ੍ਰੀਤਮ ਸਿੰਘ ਦੀ ਲਿਖਤ ਪੜ੍ਹੀ ਹੈ, ਜਿਸ ਵਿਚ ਇਨ੍ਹਾਂ ਦੀ 300 ਸਾਲ ਦੀ ਸੇਵਾ ਦਾ ਵਰਣਨ ਹੈ। ਸਿਰ ਸਤਿਕਾਰ ਵਜੋਂ ਝੁਕਦਾ ਹੈ ਕਿ ਇਨ੍ਹਾਂ ਦੇ ਅਖਾੜਿਆਂ ਵਿਚੋਂ ਕਿੰਨੇ ਕੌਮ ਨੇ ਵਿਦਵਾਨ ਪੈਦਾ ਕੀਤੇ। ਸਵਰਗੀ

ਗਿਆਨੀ ਸੰਤ ਸਿੰਘ ਮਸਕੀਨ ਨੇ ਵੀ ਨਿਰਮਲੇ ਡੇਰੇ ਤੋਂ ਹੀ ਗਿਆਨ ਪ੍ਰਾਪਤ ਕੀਤਾ ਸੀ।

ਮੈਂ ਤੇ ਮੇਰੀ ਪਤਨੀ ਉਤਮਜੀਤ ਕੌਰ ਪੰਜ ਦਿਨ ਲਈ ਰਿਸ਼ੀਕੇਸ਼ ਗਏ ਤੇ ਨਿਰਮਲ ਆਸ਼ਰਮ ਜੋ 125 ਸਾਲ ਪੁਰਾਣਾ ਹੈ, ਉਥੇ ਠਹਿਰੇ, ਇਸ ਫੇਰੀ ਵਿਚ ਹੋਰ ਕਈ ਆਸ਼ਰਮ ਜੋ ਹਿੰਦੂ ਧਰਮ ਵੱਲੋਂ ਚੱਲ ਰਹੇ ਹਨ, ਉਹ ਵੀ ਦੇਖਣ ਦਾ ਅਵਸਰ ਮਿਲਿਆ। ਹੇਮਕੁੰਟ ਦੀ ਯਾਤਰਾ ਸਮੇਂ ਸੰਗਤਾਂ ਦੀ ਬੜੀ ਭੀੜ ਸੀ। 24 ਘੰਟੇ ਲੰਗਰ ਚਲਦਾ ਹੈ, ਕੀਰਤਨ, ਪਾਠ ਦਾ ਬੜਾ ਆਨੰਦ ਹੈ। ਰਿਸ਼ੀਕੇਸ਼ ਵਿਚ ਵੱਡਾ ਹਸਪਤਾਲ ਨਿਰਮਲ ਆਸ਼ਰਮ ਵੱਲੋਂ ਚੱਲ ਰਿਹਾ ਹੈ। ਇਕ ਪਬਲਿਕ ਸਕੂਲ 9 ਸਾਲ ਤੋਂ ਚੱਲ ਰਿਹਾ ਹੈ, ਜਿਸ ਦਾ ਨਤੀਜਾ ਸ਼ਾਨਦਾਰ ਹੈ। ਸ਼ਾਨਦਾਰ ਬਿਲਡਿੰਗ, ਹੋਸਟਲ, ਖੇਡ ਗਰਾਊਂਡ ਹਨ। ਮਸੂਰੀ ਸਕੂਲ ਵਾਲੇ ਪ੍ਰਿੰਸੀਪਲ ਵਰਿਆਮ ਸਿੰਘ ਸਕੂਲ ਦੇ ਚੇਅਰਮੈਨ ਦੀ ਸੇਵਾ ਕਰ ਰਹੇ ਹਨ। ਆਸ਼ਰਮ ਵੱਲੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਅੱਖਾਂ ਦਾ ਹਸਪਤਾਲ ਬਣ ਰਿਹਾ ਹੈ ਜੋ ਛੇਤੀ ਚਾਲੂ ਹੋ ਜਾਵੇਗਾ। ਆਪਣੀ ਕਿਸਮ ਦਾ ਨਿਵੇਕਲਾ ਹਸਪਤਾਲ ਅਮਰੀਕਨਾਂ ਵਾਂਗੂੰ ਹੋਵੇਗਾ। 120 ਬਿਸਤਰਿਆਂ ਦਾ ਪ੍ਰਬੰਧ, ਅੱਖਾਂ ਦਾ ਬੈਂਕ ਅਤੇ ਹਰ ਕਿਸਮ ਦੇ ਓਪਰੇਸ਼ਨ ਦੀ ਸਹੂਲਤ ਹੋਵੇਗੀ।

ਜਿਸ ਉੱਦਮ ਨੇ ਅਚੰਭਾ ਕੀਤਾ ਹੈ, ਉਹ ਹੈ ਨਿਰਮਲ ਆਸ਼ਰਮ ਗਿਆਨ ਦਾਨ ਅਕੈਡਮੀ। ਇਹ ਪੰਜ ਏਕੜ ਵਿਚ ਡੇਹਰਾਦੂਨ ਰੋਡ 'ਤੇ ਸਥਾਪਤ ਕੀਤੀ ਗਈ ਹੈ। ਜਿਵੇਂ ਇਸ ਦਾ ਨਾਂਅ ਹੈ, ਇਸ ਅਕੈਡਮੀ ਵਿਚ ਹਰ ਵਿਦਿਆਰਥੀ ਨੂੰ ਮੁਫ਼ਤ ਪੜ੍ਹਾਇਆ ਜਾਂਦਾ ਹੈ। ਦੁਪਹਿਰ ਦਾ ਭੋਜਨ ਵੀ ਮੁਫ਼ਤ ਮਿਲਦਾ ਹੈ। ਸਕੂਲ ਵਿਚ ਵਰਦੀ ਤੇ ਕਿਤਾਬਾਂ ਵੀ ਮੁਫ਼ਤ ਹਨ। ਇਥੇ ਹੀ ਬੱਸ ਨਹੀਂ ਸਕੂਲ ਦੀਆਂ ਬੱਸਾਂ ਪਿੰਡਾਂ ਤੋਂ ਬੱਚਿਆਂ ਨੂੰ ਸਕੂਲ ਲਿਆਉਂਦੀਆਂ ਹਨ। ਇਸ ਵਿਚ ਕੇਵਲ ਗ਼ਰੀਬ ਪਰਿਵਾਰ ਦਾ ਬੱਚਾ ਹੀ ਦਾਖਲ ਹੋ ਸਕਦਾ ਹੈ। ਇਹ ਪਬਲਿਕ ਸਕੂਲ ਹੈ, ਜਿਸ ਵਿਚ ਅੰਗਰੇਜ਼ੀ ਪਹਿਲੀ ਜਮਾਤ ਤੋਂ ਲਾਗੂ ਹੈ। ਕਿਸੇ ਵੀ ਹੋਰ ਪਬਲਿਕ ਸਕੂਲ ਤੋਂ ਇਹ ਚੰਗੇਰੀ ਵਿੱਦਿਆ ਦੇਣ ਦੀ ਸਮਰੱਥਾ ਰੱਖਦਾ ਹੈ। ਬਿਲਡਿੰਗ ਦਾ ਇਕ ਹਿੱਸਾ ਤਿੰਨ ਮੰਜ਼ਿਲਾ ਬਣ ਚੁੱਕਾ ਹੈ। ਦੂਜਾ ਵਿੰਗ ਬਣਨਾ ਹੈ। ਸੰਤ ਬਾਬਾ ਜੋਧ ਸਿੰਘ ਆਪ ਸਾਰੇ ਸਕੂਲ ਦੀ ਨਿਗਰਾਨੀ ਕਰਦੇ ਹਨ। ਉਨ੍ਹਾਂ ਦੇ ਉੱਦਮ ਨਾਲ ਸਕੂਲ ਇਕ ਅਦੁੱਤੀ ਸ਼ਾਨ ਬਣ ਚੁੱਕਾ ਹੈ। ਵੱਡੇ ਮਹੰਤ ਬਾਬਾ ਰਾਮ ਸਿੰਘ ਨੇ ਨੀਂਹ ਪੱਥਰ ਰੱਖਿਆ ਹੈ। ਬੜੀ ਹੈਰਾਨਗੀ ਹੈ ਕਿ ਕਿੱਥੇ ਮੈਂ ਦਿੱਲੀ ਦੇ ਇਕ ਬੱਚੇ ਦੀ ਫੀਸ ਮੁਆਫ਼ੀ ਨਾ ਦੇਣ ਵਾਲੇ ਖਾਲਸਾ

ਸਕੂਲ ਨੂੰ ਵੀ ਦੇਖਿਆ ਹੈ ਤੇ ਇਥੇ ਪਹਿਲਾ ਮੁਫ਼ਤ ਪਬਲਿਕ ਸਕੂਲ ਖਾਲਸਾਈ ਸ਼ਾਨ ਵਧਾ ਰਿਹਾ ਹੈ। ਸਕੂਲ ਦੀ ਪ੍ਰਿੰਸੀਪਲ ਅੰਮ੍ਰਿਤਪਾਲ ਕੌਰ ਨੇ ਦੱਸਿਆ ਕਿ ਬੱਚਿਆਂ ਦੀ ਚੋਣ ਕਰਨ ਵਕਤ ਪਿੰਡਾਂ ਦੇ ਨੁਮਾਇੰਦੇ ਆਉਂਦੇ ਹਨ ਤਾਂ ਜੋ ਸਹੀ ਗ਼ਰੀਬ ਨੂੰ ਹੀ ਲਾਭ ਮਿਲੇ। ਸਕੂਲ ਵਿਚ ਹਰ ਮਜ਼੍ਹਬ, ਜਾਤੀ ਦਲਿਤ ਦਾਖਲ ਹੋ ਸਕਦਾ ਹੈ। ਪੰਜਾਬੀ ਦੀ ਪੜ੍ਹਾਈ ਲਾਜ਼ਮੀ ਹੈ। ਸਕੂਲ ਵਿਚ ਹੁਣ ਤਿੰਨ ਜਮਾਤਾਂ ਚੱਲ ਰਹੀਆਂ ਹਨ। ਇਹ ਸਕੂਲ 12ਵੀਂ ਜਮਾਤ ਤੱਕ ਹੋਵੇਗਾ। ਇਕ ਜਮਾਤ ਵਿਚ ਕੇਵਲ 30 ਬੱਚੇ ਹੋਣਗੇ। ਸ਼ਾਇਦ ਹੀ ਕਿਸੇ ਹੋਰ ਸੰਸਥਾ ਨੇ ਇਹੋ ਜਿਹਾ ਉਪਰਾਲਾ ਕੀਤਾ ਹੋਵੇ। ਮਹੰਤ ਬਾਬਾ ਰਾਮ ਸਿੰਘ ਦੇ ਅਨੇਕਾਂ ਸ਼ਰਧਾਲੂ ਸਿੰਧੀ ਪਰਿਵਾਰ ਹਨ ਜੋ ਰਜ ਕੇ ਦਾਨ ਦਿੰਦੇ ਹਨ। ਪੈਸੇ ਦੀ ਕੋਈ ਕਮੀ ਨਹੀਂ ਹੈ।

ਇਸ ਆਸ਼ਰਮ ਦੀ ਇਹ ਸੇਵਾ ਸਦਕਾ ਸਾਰੇ ਉਤਰਾਂਚਲ ਵਿਚ ਚਰਚਾ ਹੈ, ਹਰ ਕੋਈ ਇਨ੍ਹਾਂ ਦੀ ਉਸਤਤ ਕਰਦਾ ਹੈ। ਹਰ ਥਾਂ 'ਤੇ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਦੀਆਂ ਵੱਡੀਆਂ ਫੋਟੋਆਂ ਲੱਗੀਆਂ ਹੋਈਆਂ ਹਨ। ਗੁਰਬਾਣੀ ਦੀਆਂ ਪੰਕਤੀਆਂ ਲਿਖੀਆਂ ਹਨ। ਇਹ ਸਹੀ ਰੂਪ ਵਿਚ ਸਿਖ ਸਿਧਾਂਤ ਦੀ ਵਰਤੋਂ ਕਰ ਰਹੇ ਹਨ। ਸੇਵਾ ਮੁੱਖ ਉਦੇਸ਼ ਹੈ। ਪਰਉਪਕਾਰ ਕਰਨਾ ਸਿਖੀ ਦਾ ਮੂਲ ਹੈ।

ਮੈਂ ਤਾਂ ਸਾਰੇ ਸਿਖ ਸੰਤ ਮਹਾਰਾਜ ਨੂੰ ਬੇਨਤੀ ਕਰਦਾ ਹਾਂ ਕਿ ਉਹ ਜਾ ਕੇ ਇਸ ਆਸ਼ਰਮ ਦੇ ਪ੍ਰਾਜੈਕਟ ਨੂੰ ਆਪ ਦੇਖਣ ਤਾਂ ਜੋ ਇਹੋ ਜਿਹੇ ਉਪਰਾਲੇ ਅਸੀਂ ਹਰ ਥਾਂ ਕਰ ਸਕੀਏ। ਗੁਰਦੁਆਰੇ ਬਣਾਉਣਾ ਵੀ ਜ਼ਰੂਰੀ ਹੈ ਪਰ ਵਿਦਿਅਕ ਕੇਂਦਰ ਤੇ ਹਸਪਤਾਲ ਬਣਾਉਣੇ ਸਾਡਾ ਅਹਿਮ ਉਦੇਸ਼ ਹੋਣਾ ਚਾਹੀਦਾ ਹੈ। ਈਸਾਈ ਮੱਤ ਵਾਲੇ ਇਸ ਵਿਚ ਬਹੁਤ ਅੱਗੇ ਹਨ। ਉਨ੍ਹਾਂ ਦੀ ਇੱਜ਼ਤ, ਮਾਣ ਸਕੂਲਾਂ ਤੇ ਦਵਾਈਆਂ ਵੰਡਣ ਨਾਲ ਹਰ ਪਾਸੇ ਹੈ।

# ਫੈਸਲਾ ਦੇਰੀ ਨਾਲ ਕਿਉਂ ?

ਇਤਿਹਾਸ ਘਟਨਾਵਾਂ ਨਾਲ ਭਰਿਆ ਪਿਆ ਹੈ। ਇਤਿਹਾਸਕਾਰ ਇਹਨਾਂ ਨੂੰ ਕਿਤਾਬਾਂ ਵਿੱਚ ਦਰਜ ਕਰਕੇ ਰੱਖਦੇ ਹਨ ਤਾਂ ਜੋ ਇਹਨਾਂ ਤੋਂ ਅਸੀਂ ਕੁਝ ਸਬਕ ਸਿੱਖ ਸਕੀਏ ਤੇ ਐਸੇ ਯਤਨ ਕਰੀਏ ਕਿ ਇਹੋ ਜਿਹਾ ਵਾਤਾਵਰਣ ਮੁੜ ਨਾ ਆਵੇ। ਇਤਿਹਾਸ ਦੀ ਖੋਜ ਕਰਨੀ ਜ਼ਰੂਰੀ ਹੈ। ਭਾਰਤ ਵਿੱਚ ਇਸ ਦਾ ਘੱਟ ਰਿਵਾਜ ਹੈ। ਇੰਗਲੈਂਡ ਵਿਚ ਹੁਣ ਤੱਕ ਵਿਸ਼ਵ ਜੰਗਾਂ ਜੋ 100 ਸਾਲ ਪਹਿਲਾਂ ਹੋਈਆਂ ਉਸ ਤੇ ਖੋਜ ਹੋ ਰਹੀ ਹੈ। 1947 ਦੀ ਅਜ਼ਾਦੀ ਤੇ ਭਾਰਤ ਦੀ ਵੰਡ ਤੇ ਨਵੀਆਂ ਕਿਤਾਬਾਂ ਆ ਰਹੀਆਂ ਹਨ। ਪੰਜਾਬ ਦੀ ਵੰਡ ਬਾਰੇ ਅਸੀਂ ਕਦੇ ਮੁੜ ਕੇ ਸੋਚਿਆ ਵੀ ਨਹੀਂ। ਇਤਿਹਾਸ ਨੂੰ ਯਾਦ ਰੱਖਣ ਵਾਲੇ ਲੋਕ ਕਾਮਯਾਬ ਰਹਿੰਦੇ ਹਨ।

ਮੈਂ ਅਖ਼ਬਾਰਾਂ ਵਿੱਚ ਪੜ੍ਹਿਆ ਹੈ ਕਿ ਸਵਾਮੀ ਆਸ਼ੂਤੋਸ਼ ਸਵਰਗਵਾਸ ਹੋ ਗਏ ਹਨ। ਮੈਨੂੰ ਯਾਦ ਹੈ ਕਿ 9 ਸਾਲ ਪਹਿਲਾਂ ਇਹਨਾਂ ਸੰਬੰਧੀ ਵਿਵਾਦ ਹੋ ਗਿਆ ਸੀ। ਮੈਂ ਉਦੋਂ ਮਿਨਾਰਟੀਜ਼ ਕਮਿਸ਼ਨ, ਭਾਰਤ ਸਰਕਾਰ ਦਾ ਚੇਅਰਮੈਨ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕੁਝ ਸਿਖ ਸੰਸਥਾਵਾਂ ਨੇ ਸ਼ਿਕਾਇਤ ਕੀਤੀ ਸੀ। ਝਗੜਾ ਨਿਪਟਾਉਣ ਲਈ ਮੇਰੇ ਦਫਤਰ ਵਿੱਚ ਮੀਟਿੰਗ ਹੋਈ। ਪੰਜਾਬ ਸਰਕਾਰ ਨੇ ਹੋਮ ਸੈਕਟਰੀ ਤੇ ਡੀ.ਜੀ. ਪੁਲਿਸ ਵੀ ਸ਼ਾਮਲ ਹੋਏ ਸਨ। ਬੜੇ ਆਰਾਮ ਨਾਲ ਵਿਚਾਰ ਪਿੱਛੋਂ ਮਸਲਾ ਹੱਲ ਕੀਤਾ ਗਿਆ ਤੇ ਮੁੜਕੇ ਕੋਈ ਝਗੜਾ ਨਹੀਂ ਹੋਇਆ। ਇਸ ਗੱਲ ਨੂੰ ਸਭ ਨੇ ਮੰਨਿਆ ਕਿ ਧਾਰਮਕ ਆਜ਼ਾਦੀ ਹੈ, ਹਰ ਇੱਕ ਨੂੰ ਆਪਣੇ ਵਿਚਾਰ ਰੱਖਣ ਦੀ ਖੁੱਲ੍ਹ ਹੈ, ਪਰ ਕੁੜੱਤਣ ਨਾ ਵਰਤੀ ਜਾਵੇ। ਮੈਨੂੰ ਖੁਸ਼ੀ ਹੈ ਕਿ ਉਸ ਸਮੇਂ ਤੋਂ ਦੋਵੇਂ ਧਿਰਾਂ ਵਿੱਚ ਕੋਈ ਮੁੜ ਵਿਵਾਦ ਨਹੀਂ ਹੋਇਆ। ਇੱਕ ਵਾਰ ਗੁਰਦੁਆਰਾ ਕਮੇਟੀ ਵੱਲੋਂ ਇਸਾਈ ਮੱਤ ਵਿਰੁੱਧ ਸ਼ਿਕਾਇਤ ਆਈ ਕਿ ਉਹ ਪੰਜਾਬ ਵਿੱਚ ਧਰਮ ਪਰਿਵਰਤਨ ਕਰ ਰਹੇ ਹਨ। ਮੇਰੇ ਦਫ਼ਤਰ ਕ੍ਰਿਪਾਲ ਸਿੰਘ ਬਡੂੰਗਰ, ਉਦੋਂ ਦੇ ਪ੍ਰਧਾਨ, ਐੱਸ.ਜੀ.ਪੀ.ਸੀ. ਆਪ ਆਏ ਤੇ ਦਿੱਲੀ ਦੇ ਇਸਾਈਆਂ ਦੇ ਆਗੂ ਵੀ ਸ਼ਾਮਿਲ ਹੋਏ। ਗੱਲਬਾਤ ਪਿੱਛੋਂ ਵੱਡੇ ਪਾਦਰੀ ਅੰਮ੍ਰਿਤਸਰ ਗਏ ਤੇ ਗਿਲੇ ਸ਼ਿਕਵੇ ਦੂਰ ਕੀਤੇ।

ਸਿਰਸਾ (ਹਰਿਆਣਾ) ਵਿੱਚ ਇਕ ਵੱਡਾ ਡੇਰਾ ਸੱਚਾ ਸੌਦਾ ਹੈ। ਇਹਨਾਂ ਦੀ ਬੜੀ ਮਾਨਤਾ ਹੈ। ਡੇਰਾ ਮੁਖੀ, ਗੁਰਮੀਤ ਰਾਮ ਰਹੀਮ ਸਿੰਘ ਰਾਜਸਥਾਨ ਤੋਂ ਸਿੱਖ ਪਰਿਵਾਰ ਵਿੱਚੋਂ ਹਨ। ਮੈਂ 2000 ਵਿੱਚ ਮਿਨਾਰਟੀ ਕਮਿਸ਼ਨ ਵਿੱਚ ਲੱਗਾ ਸੀ। ਮੈਨੂੰ ਡੇਰੇ ਵਿੱਚ ਜਾਣ ਦਾ ਅਵਸਰ ਮਿਲਿਆ ਸੀ ਤੇ ਕਈ ਵਾਰ ਡੇਰੇ ਦੇ ਨੁਮਾਇੰਦੇ ਮੇਰੇ ਦਫ਼ਤਰ ਆਉਂਦੇ ਰਹੇ ਸਨ। ਆਮ ਕਰਕੇ ਸਾਰੇ ਸਿਖ ਤੇ ਹਿੰਦੂ ਆਗੂ ਉਨ੍ਹਾਂ ਦੇ ਸਮਰਥਕ ਸਨ। ਰਾਜਸੀ ਲੀਡਰ ਉਨ੍ਹਾਂ ਦੀ ਹਾਜ਼ਰੀ ਭਰਦੇ ਸਨ। ਡੇਰੇ ਵਾਲੇ ਵੀ ਲੀਡਰਾਂ ਦੇ ਮਿਲਾਪ ਦੀਆਂ ਫੋਟੋਆਂ ਲਗਾ ਕੇ ਰੱਖਦੇ ਸਨ।

ਡੇਰਾ ਮੁਖੀ ਰੰਗ ਬਰੰਗੇ ਕੱਪੜੇ ਤੇ ਸਿਰ ਤੇ ਮੁਕਟ ਜਾਂ ਕੁਝ ਹੋਰ ਸਜਾ ਕੇ ਰੱਖਣ ਦੀ ਖੁਸ਼ੀ ਰੱਖਦੇ ਹਨ। ਮੈਨੂੰ ਅੱਜ ਤੱਕ ਸਮਝ ਨਹੀਂ ਆਈ ਡੇਰੇ ਦੇ ਮੁਖੀਆਂ ਨੇ ਆਪਣੇ ਆਪ ਨੂੰ ਸਿਆਸਤ ਵਿੱਚ ਕਿਵੇਂ ਜੋੜ ਲਿਆ ਸੀ। ਇਨ੍ਹਾਂ ਤੋਂ ਵੀ ਵੱਧ ਮਾਨਤਾ ਵਾਲੇ ਧਾਰਮਿਕ ਤੇ ਸਮਾਜਕ ਡੇਰੇ ਪੰਜਾਬ ਵਿਚ ਮੌਜੂਦ ਹਨ। ਵੱਡੇ ਵੱਡੇ ਸੰਤਾਂ ਨੂੰ ਕਈ ਲੀਡਰ ਨਮਸ਼ਕਾਰ ਕਰਦੇ ਹਨ ਪਰ ਕਦੇ ਮੈਂ ਇਨ੍ਹਾਂ ਨੂੰ ਵੋਟਾਂ ਵਿੱਚ ਦਖਲ ਦੇਂਦੇ ਨਹੀਂ ਸੁਣਿਆ। ਡੇਰੇ ਵਾਲੇ ਸਮਾਜਕ ਕੰਮਾਂ ਵਿੱਚ ਸੇਵਾ ਕਰਨ, ਇਹ ਉਹਨਾਂ ਦੀ ਪ੍ਰਸੰਸਾ ਹੈ। ਇਕ ਵਾਰ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿੱਚ ਸਿਰਸਾ ਡੇਰੇ ਨੇ ਕਾਂਗਰਸ ਦੀ ਮਦਦ ਕੀਤੀ ਸੀ। ਇਸ ਨਾਲ ਕੁੜੱਤਣ ਪੈਦਾ ਹੋ ਗਈ ਸੀ। ਪਰ ਜੋ ਇਤਿਹਾਸਕ ਘਟਨਾ ਪਿੰਡ ਸਲਾਬਤਪੁਰ ਵਿੱਚ 11 ਮਈ 2007 ਨੂੰ ਵਾਪਰੀ, ਇਸ ਨੇ ਪੰਜਾਬ ਵਿੱਚ ਹਲੂਣਾ ਲਿਆ ਦਿੱਤਾ। 13 ਮਈ 2007 ਨੂੰ ਇੱਕ ਫੋਟੋ ਤੇ ਖ਼ਬਰ ਛਪੀ ਸੀ ਕਿ ਸਿਰਸਾ ਡੇਰਾ ਮੁਖੀ ਨੇ ਸਲਾਬਤਪੁਰ ਵਿਖੇ ਗੁਰੂ ਗੋਬਿੰਦ ਸਿੰਘ ਦੇ ਪਹਿਰਾਵੇ ਵਰਗੇ ਕੱਪੜੇ ਪਾਏ ਤੇ ਉਹਨਾਂ ਵਾਂਗੂ ਹੀ ਲੋਕਾਂ ਨੂੰ ਅੰਮ੍ਰਿਤ ਛਕਾਇਆ। ਇਹ ਖ਼ਬਰ ਅੱਗ ਵਾਂਗੂ ਫੈਲ ਗਈ ਤੇ ਹਰ ਪਾਸੋਂ ਸਿਖ ਇਸ ਪਿੰਡ ਵੱਲ ਤੁਰ ਪਏ। ਸਾਰੇ ਟੀ. ਵੀ. ਤੇ ਅਖ਼ਬਾਰ ਵਾਲੇ ਭਿਆਨਕ ਹਾਦਸੇ ਹੋਣ ਦੀਆਂ ਖ਼ਬਰਾਂ ਛਾਪਣ ਲੱਗ ਗਏ ਸੀ। ਪੰਜਾਬ ਸਰਕਾਰ ਨੇ ਸਿਆਣਪ ਨਾਲ ਡੇਰਾ ਮੁਖੀ ਨੂੰ ਉੱਥੋਂ ਕੱਢ ਕੇ ਹਰਿਆਣੇ ਭਿਜਵਾ ਦਿੱਤਾ ਸੀ। ਪਰ ਰੋਹ ਕਾਇਮ ਰਿਹਾ। ਅਕਾਲ ਤਖ਼ਤ ਤੋਂ 17 ਮਈ ਨੂੰ ਹੁਕਮਨਾਮਾ ਜਾਰੀ ਹੋਇਆ ਕਿ ਡੇਰਾ ਮੁਖੀ ਦਾ ਧਾਰਮਿਕ ਤੇ ਸਮਾਜਕ ਬਾਈਕਾਟ ਕੀਤਾ ਜਾਂਦਾ ਹੈ। ਪੰਜਾਬ ਵਿੱਚ ਕਈ ਥਾਵਾਂ ਤੇ ਡੇਰਾ ਸ਼ਰਧਾਲੂਆਂ ਦਾ ਝਗੜਾ ਹੋਇਆ ਸੀ। ਇਸ ਸਮੇਂ ਇੱਕ ਮੀਟਿੰਗ ਦਿੱਲੀ ਵਿੱਚ ਬੁਲਾਈ ਗਈ ਜਿਸ ਵਿੱਚ ਅਵਤਾਰ ਸਿੰਘ ਮੱਕੜ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ

ਪ੍ਰਬੰਧਕ ਕਮੇਟੀ, ਡਾ. ਜਸਪਾਲ ਸਿੰਘ (ਵੀ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ) ਤੇ ਸਾਰੇ ਧਰਮਾਂ ਦੇ ਨੁਮਾਇੰਦੇ ਇਕੱਠੇ ਹੋਏ। ਵਿਚਾਰ ਮਗਰੋਂ ਇਹ ਫੈਸਲਾ ਹੋਇਆ ਕਿ ਵਾਤਾਵਰਣ ਨੂੰ ਰੋਕਣ ਲਈ ਉਪਰਾਲਾ ਕੀਤਾ ਜਾਵੇ। ਡੇਰਾ ਮੁਖੀ ਤੋਂ ਹੋਈ ਭੁੱਲ ਸੰਬੰਧੀ ਕੁਝ ਉਪਾਏ ਕਰਨ ਲਈ ਇੱਕ ਸਰਬ ਧਰਮ ਕਮੇਟੀ ਬਣਾਈ ਗਈ ਜਿਸ ਵਿੱਚ ਸਵਾਮੀ ਅਗਨੀਵੇਸ਼ (ਮੁਖੀ, ਆਰੀਆ ਸਮਾਜ), ਭਾਰਤ ਦੇ ਮੁਸਲਮਾਨ ਇਮਾਮਾਂ ਦੇ ਪ੍ਰਧਾਨ, ਜਨਾਬ ਮੁਹੰਮਦ ਇਲਾਸੀ, ਜੈਨ ਮੁਖੀ (ਜਿਹਨਾਂ ਨੂੰ ਅਮਨ ਦਾ ਭਾਰਤ ਸਰਕਾਰ ਦਾ ਐਵਾਰਡ ਮਿਲਿਆ ਹੈ) ਸਵਾਮੀ ਲੋਕੇਸ਼ ਅਤੇ ਇਸਾਈ ਮਤ ਦੇ ਐਨਮੰਡ ਡੈਨੀਅਲ ਸ਼ਾਮਿਲ ਸਨ। ਇਹ ਕਮੇਟੀ 26 ਮਈ 2007 ਨੂੰ ਸਿਰਸਾ ਜਾ ਕੇ ਡੇਰਾ ਮੁਖੀ ਨੂੰ ਮਿਲੀ। ਕਈ ਘੰਟੇ ਦੀ ਵਿਚਾਰ ਮਗਰੋਂ ਇੱਕ ਚਿੱਠੀ ਤਿਆਰ ਹੋਈ। ਜਦੋਂ ਗੁਰਮੀਤ ਰਾਮ ਰਹੀਮ ਸਿੰਘ ਨੇ ਦਸਤਖ਼ਤ ਕਰ ਦਿੱਤੇ। ਇਸ ਵਿੱਚ ਉਨ੍ਹਾਂ ਸਾਫ਼ ਲਿਖ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੇ ਇਸ਼ਟ ਹਨ ਤੇ ਉਨ੍ਹਾਂ ਦੀ ਨਕਲ ਜਾਂ ਬਰਾਬਰਤਾ ਕਰਨ ਦਾ ਉਹ ਸੋਚ ਵੀ ਨਹੀਂ ਸਕਦੇ। ਅੱਗੇ ਇਹ ਵੀ ਲਿਖ ਦਿੱਤਾ ਕਿ ਉਨ੍ਹਾਂ ਕਾਰਨ ਜੇ ਕੋਈ ਅਵੱਗਿਆ ਮੰਨੀ ਜਾਂਦੀ ਹੈ ਤਾਂ ਉਹ ਉਸਦੀ ਖ਼ਿਮਾ ਮੰਗਦੇ ਹਨ। ਇਹ ਚਿੱਠੀ ਲੈ ਕੇ ਸਾਰੀ ਕਮੇਟੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਅੰਮ੍ਰਿਤਸਰ ਜਾ ਕੇ ਮਿਲੀ। ਲੰਬੀ ਮੀਟਿੰਗ ਹੋਈ। ਕਮੇਟੀ ਦੇ ਸਾਰੇ ਮੈਂਬਰਾਂ ਨੇ ਇਸ ਸਪਸ਼ਟੀਕਰਨ ਤੇ ਮੁਆਫ਼ੀਨਾਮੇ ਨੂੰ ਸਵੀਕਾਰ ਕਰਨ ਦੀ ਪ੍ਰੇਰਨਾ ਕੀਤੀ। ਪਰ ਉਨ੍ਹਾਂ ਦੇ ਸੁਝਾਅ ਨੂੰ ਪ੍ਰਵਾਨਗੀ ਨਹੀਂ ਮਿਲੀ। ਸਵਾਮੀ ਅਗਨੀਵੇਸ਼ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਜਦ ਹਾਲਾਤ ਨਾਰਮਲ ਹੋ ਜਾਣਗੇ ਤਾਂ ਉਹ ਡੇਰਾ ਮੁਖੀ ਨੂੰ ਨਾਲ ਲੈ ਕੇ ਅਕਾਲ ਤਖ਼ਤ 'ਤੇ ਆਉਣਗੇ। ਇਸ ਇਤਿਹਾਸਕ ਅਵਸਰ ਤੇ ਇਹ ਮਸਲਾ ਹੱਲ ਨਾ ਹੋ ਸਕਿਆ। ਪਾਠਕਾਂ ਨੂੰ ਪਤਾ ਹੈ ਕਿ ਇਸ ਮਗਰੋਂ ਤਲਖ਼ੀ ਕਾਇਮ ਰਹੀ ਤੇ ਵਾਤਾਵਰਣ ਵਿਗੜਦਾ ਰਿਹਾ। ਅੱਜ ਸਵਾਲ ਇਹ ਹੈ ਕਿ ਵੱਖ ਵੱਖ ਡੇਰੇ, ਅਦਾਰੇ ਕਿਵੇਂ ਨਾਲ ਜੋੜਨ ਦਾ ਲਾਭ ਹੈ। ਮੈਂ ਦਾਦ ਦਿੰਦਾ ਹਾਂ ਬਾਬਾ ਗੁਰਿੰਦਰ ਸਿੰਘ ਰਾਧਾ ਸਵਾਮੀ ਮੁਖੀ ਦੇ ਉਪਰਾਲੇ ਦੀ ਉਹਨਾਂ ਕਿਵੇਂ ਆਪ ਉਠੇ ਵਿਵਾਦ ਨੂੰ ਹੱਲ ਕਰ ਲਿਆ ਸੀ। ਉਹ ਆਪ ਲੀਡਰਾਂ ਦੇ ਘਰ ਗਏ, ਉਹ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਗਏ ਅਤੇ ਜੋ ਮੋਰਚਾ ਤਿਆਰ ਹੋ ਰਿਹਾ ਸੀ, ਉਹ ਵਾਪਿਸ ਹੋ ਗਿਆ। ਮੈਂ ਇੱਥੇ ਇਹ ਵੀ ਦਸ ਦੇਵਾਂ ਕਿ 1978 ਵਿੱਚ ਨਿਰੰਕਾਰੀ ਕਾਂਡ ਅੰਮ੍ਰਿਤਸਰ ਹੋਇਆ ਸੀ। 1980 ਵਿੱਚ ਬਾਬਾ ਗੁਰਬਚਨ

ਸਿੰਘ ਦਾ ਕਤਲ ਹੋ ਗਿਆ ਸੀ। ਨਵੇਂ ਬਾਬਾ ਹਰਦੇਵ ਸਿੰਘ ਨੇ ਪਿਛਲੇ 34 ਸਾਲਾਂ ਤੋਂ ਕੋਈ ਐਸਾ ਸ਼ਬਦ ਨਹੀਂ ਵਰਤਿਆ ਜਾਂ ਕਾਰਵਾਈ ਨਹੀਂ ਕੀਤੀ ਕਿ ਕੋਈ ਤਲਖੀ ਹੋ ਸਕੇ। ਸ਼ਾਂਤ ਮਾਹੌਲ ਰੱਖਣ ਵਿੱਚ ਉਨ੍ਹਾਂ ਕਾਰਵਾਈ ਕੀਤੀ ਹੈ। ਸਿਖ ਸਮਾਜ ਵਿੱਚ ਭਾਵਨਾਤਮਕ ਏਕਤਾ ਕਿਵੇਂ ਹੋਈ, ਜੋ ਗੁਰੂ ਨਾਨਕ ਨਾਮਲੇਵਾ ਹਨ, ਉਹਨਾਂ ਨਾਲ ਕਿਵੇਂ ਸੰਪਰਕ ਹੋਵੇ। ਇਸ ਬਾਰੇ ਕੀ ਕੀਤਾ ਜਾਵੇ, ਸਮੇਂ ਦੀ ਮੰਗ ਹੈ। ਸਿਖ ਸੰਗਤ ਨੂੰ ਅਤੇ ਗੁਰੂ ਗ੍ਰੰਥ ਸਾਹਿਬ ਦੀ ਵਿਸ਼ਵ ਮਾਨਤਾ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਬਾਬਾ ਸਿਰੀ ਚੰਦ ਦੇ ਉਦਾਸੀ, ਨਿਰਮਲੇ, ਨਾਮਧਾਰੀ, ਸਿੰਧੀ ਕਿਵੇਂ ਹਾਲੀ ਵੀ ਧਨ ਗੁਰੂ ਨਾਨਕ ਕਹਿੰਦੇ ਹਨ। ਹਰ ਇੱਕ ਨੂੰ ਗੁਰੂ ਦੇ ਲੜ ਲਾਉਣ ਲਈ ਉਪਰਾਲੇ ਹੋਣ। ਵਿਵਾਦਾਂ ਨੂੰ ਸੁਲਝਾਉਣ ਦਾ ਉਪਰਾਲਾ ਕਰਨਾ ਜ਼ਾਰੀ ਰੱਖਣਾ ਚਾਹੀਦਾ ਹੈ। ਬਾਕੀ ਧਰਮਾਂ ਵਿੱਚ ਇਹੋ ਜਿਹੀਆਂ ਕਈ ਮਿਸਾਲਾਂ ਹਨ।

(ਚਾਰ ਸਾਲਾਂ ਬਾਅਦ ਨਵਾਂ ਮਾਫ਼ੀਨਾਮਾ ਪੰਜ ਸਿੰਘ ਸਾਹਿਬਾਨਾਂ ਨੇ ਪ੍ਰਵਾਨ ਕਰਕੇ ਮੁੜ ਵਾਪਸ ਲੈ ਲਿਆ। ਜੇਕਰ ਇਹ ਪ੍ਰਕ੍ਰਿਆ ਉਦੋਂ ਕਰ ਲਈ ਜਾਂਦੀ ਤਾਂ ਇਹ ਹਾਲਾਤ ਪੈਦਾ ਨਾ ਹੁੰਦੇ) -ਸੰਪਾਦਕ

# ਡੇਰਿਆਂ ਦਾ ਚੋਣਾਂ 'ਤੇ ਪ੍ਰਭਾਵ

ਪੰਜਾਬ ਵਿਚ ਅਸੈਂਬਲੀ ਦੀਆਂ ਚੋਣਾਂ ਵਿੱਚ ਜੋ ਨਤੀਜੇ ਨਿਕਲੇ ਸਨ ਉਸ ਬਾਰੇ ਸਾਰੇ ਪਾਠਕ ਭਲੀ ਪ੍ਰਕਾਰ ਜਾਣਦੇ ਹਨ। ਅਕਾਲੀ ਭਾਜਪਾ ਸਰਕਾਰ ਹੋਂਦ ਵਿਚ ਆਈ ਤੇ ਉਸ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣੇ। ਇਨ੍ਹਾਂ ਨਤੀਜਿਆਂ ਬਾਰੇ ਬੜੇ ਪ੍ਰਮਾਣ ਆਏ, ਪੱਤਰਕਾਰਾਂ ਅਤੇ ਰਾਜਸੀ ਮਾਹਿਰਾਂ ਨੇ ਇਸ ਬਾਰੇ ਵਿਚਾਰ ਲਿਖੇ ਹਨ। ਇਹ ਠੀਕ ਹੈ ਚੋਣਾਂ ਕੇਵਲ ਸਮਾਜ ਦਾ ਰਾਜਸੀ ਪੱਖ ਦਰਸਾਉਂਦੀਆਂ ਹਨ ਤੇ ਇਸ ਦਾ ਅਭਿਆਸ ਵੀ ਰਾਜਸੀ ਪੱਖ ਤੋਂ ਕੀਤਾ ਜਾਂਦਾ ਹੈ।

ਪਰ ਮੈਂ ਇਸ ਚੋਣ ਨਤੀਜੇ ਨੂੰ ਸਿਖ ਧਰਮ ਦੇ ਸਿਧਾਂਤ ਵਿੱਰੁਧ ਖਤਰੇ ਦਾ ਅਲਾਰਮ ਸਮਝਦਾ ਹਾਂ। ਇਸ ਵਿਸ਼ੇ 'ਤੇ ਸਾਡੇ ਧਾਰਮਿਕ ਆਗੂਆਂ ਜਾਂ ਸਾਹਿਤਕਾਰਾਂ ਨੇ ਧਿਆਨ ਨਹੀਂ ਦਿੱਤਾ। ਅਕਾਲੀ ਪਾਰਟੀ ਕਿਉਂ ਜੋ ਜੇਤੂ ਹੋ ਕੇ ਸਰਕਾਰ ਚਲਾਉਣ ਲੱਗ ਗਈ ਹੈ, ਉਸ ਦੇ ਆਗੂਆਂ ਨੇ ਵੀ ਇਸ ਦਾ ਉਲੇਖ ਨਹੀਂ ਕੀਤਾ, ਵੈਸੇ ਵੀ ਅਕਾਲੀ ਦਲ ਕਦੇ ਸਰਵੇਖਣ ਕਰਨ ਦਾ ਜਾਂ ਸੈਮੀਨਾਰ ਕਰਕੇ ਵਿਚਾਰ ਚਰਚਾ ਕਰਨ ਵਿਚ ਵਿਸ਼ਵਾਸ ਨਹੀਂ ਰੱਖਦਾ। ਚੋਣ ਨਤੀਜਾ ਇਕ ਵੱਡੀ ਚੁਣੌਤੀ ਸੀ, ਉਸ ਬਾਰੇ ਇਕ ਖਾਸ ਬੈਠਕ ਦੀ ਲੋੜ ਸੀ। ਪਰ ਸਰਕਾਰ ਵਿਚ ਆ ਕੇ ਹੁਣ ਵਕਤ ਵੀ ਨਹੀਂ ਹੈ ਕਿ ਕਿਸੇ ਖਾਸ ਪਹਿਲੂ 'ਤੇ ਵਿਚਾਰ ਕਰ ਸਕਣ। ਪੰਜਾਬ ਨੂੰ ਆਮ ਕਰਕੇ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ ਮਾਝਾ, ਦੁਆਬਾ ਤੇ ਮਾਲਵਾ। ਹਾਲਾਂਕਿ ਪੁਆਧੀ ਤੇ ਕੁਝ ਪਹਾੜੀ ਖਾਸ ਕਰਕੇ ਹੁਸ਼ਿਆਰਪੁਰ ਤੇ ਪਠਾਨਕੋਟ ਦਾ ਇਲਾਕਾ ਵੱਖਰੀ ਦਿੱਖ ਰੱਖਦੇ ਹਨ। ਮੈਂ ਕਿਉਂ ਜੋ ਪਟਿਆਲਾ ਹੀ ਰਿਹਾ ਹਾਂ ਮੈਨੂੰ ਮਾਲਵੇ ਵਿਚ ਵਸਦੇ ਸਿਖਾਂ ਬਾਰੇ ਵਧੇਰੇ ਜਾਣਕਾਰੀ ਹੈ। ਮੈਂ ਆਮ ਵੇਖਿਆ ਹੈ ਕਿ ਮਲਵਈ ਸਿਖ ਹਰ ਮੜ੍ਹੀ, ਮਸਾਣ ਜਾਂ ਦੇਵੀ ਦੀ ਪੂਜਾ ਕਰਦੇ ਹਨ, ਬਾਵਜੂਦ ਸਿਖ ਹੋਣ ਕਰਕੇ। ਕਿਧਰੇ ਵੀ ਕੋਈ ਧਾਰਮਿਕ ਇਕੱਠ ਚਾਹੇ ਪਹਾੜਾਂ ਦੇ ਮੰਦਰਾਂ ਵਿਚ ਹੋਵੇ, ਕਿਸੇ ਮਜ਼ਾਰ 'ਤੇ ਹੋਵੇ, ਗੁੱਗਾ ਪੀਰ ਹੋਵੇ, ਮਾਲਵੇ ਦੇ ਸਿਖਾਂ ਦੀਆਂ ਵਹੀਰਾਂ ਉਥੇ ਪੁੱਜਦੀਆਂ ਹਨ। ਇਸ ਬਾਰੇ ਅਸੀਂ ਕਦੇ ਵਿਚਾਰ ਨਹੀਂ

ਕੀਤਾ ਕਿ ਇਹ ਕਮਜ਼ੋਰੀ ਕਿਉਂ ਹੈ? ਮਾਲਵੇ 'ਤੇ ਸਿਖ ਰਾਜੇ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਆਦਿ ਰਾਜ ਕਰਦੇ ਸੀ। ਉਹ ਸਾਰੀ ਪਰਜਾ ਦੀ ਖੁਸ਼ੀ ਜਾਂ ਬਾਕੀ ਰਾਜਿਆਂ ਨਾਲ ਦੋਸਤੀ ਰੱਖਣ ਕਾਰਨ ਆਪਣੇ ਆਪ ਨੂੰ ਹਿੰਦੂ ਰੀਤੀਆਂ ਨਾਲ ਜੋੜਦੇ ਰਹੇ। ਹਰ ਹਿੰਦੂ ਰੀਤੀ ਨੂੰ ਉਹ ਆਪ ਕਰਦੇ ਤੇ ਇਸ 'ਤੇ ਖ਼ਰਚ ਕਰਦੇ। ਪਟਿਆਲੇ ਸ਼ਹਿਰ ਦੇ ਚੋਹਾਂ ਪਾਸੇ ਮੰਦਰ ਬਣਵਾਏ ਗਏ। ਕਾਲੀ ਦੇਵੀ ਦਾ ਮੰਦਰ ਸਥਾਪਿਤ ਕੀਤਾ। ਹਰਿਦੁਆਰ, ਬਨਾਰਸ, ਅਲਾਹਾਬਾਦ ਵਿਚ ਰਾਜਿਆਂ ਨੇ ਵੱਡੇ-ਵੱਡੇ ਘਰ ਬਣਵਾਏ। ਹਰ ਪਹਾੜ 'ਤੇ ਪਰਗਟੀ ਦੇਵੀ ਨੂੰ ਮੱਥਾ ਟੇਕਿਆ। ਇਸ ਦਾ ਅਸਰ ਪਰਜਾ 'ਤੇ ਪੈਣਾ ਲਾਜ਼ਮੀ ਸੀ। ਇਸ ਬਾਰੇ ਕਦੇ ਵੱਖਰੀ ਚਰਚਾ ਕਰਾਂਗਾ। ਪਰ ਅੱਜ ਜਦੋਂ ਇਨ੍ਹਾਂ ਚੋਣਾਂ ਵਿਚ ਜੋ ਵਾਪਰਿਆ ਹੈ ਉਸ ਵੱਲ ਝਾਤੀ ਮਾਰੋ ਤਾਂ ਸਾਨੂੰ ਮੂੰਹ ਵਿਚ ਉਂਗਲ ਪਾ ਕੇ ਸੋਚਣ ਤੇ ਮਜ਼ਬੂਰ ਹੋਣਾ ਪਏਗਾ। ਆਉ ਇਸ 'ਤੇ ਪੜਚੋਲ ਕਰੀਏ।

ਸਰਸਾ (ਹਰਿਆਣਾ) ਵਿਚ ਇਕ ਡੇਰਾ ਹੈ ਜਿਸ ਦਾ ਨਾਂ 'ਸੱਚਾ ਸੌਦਾ' ਹੈ ਤੇ ਇਸ ਦੇ ਮੁਖੀ ਇਕ ਸਿਖ ਹਨ, ਜਿਨ੍ਹਾਂ ਨੇ ਆਪਣਾ ਨਾਂ ਗੁਰਮੀਤ ਰਾਮ ਰਹੀਮ ਸਿੰਘ ਰੱਖਿਆ ਹੈ। ਧਾਰਮਿਕ ਡੇਰਾ ਹੋਣ ਕਰਕੇ ਇਥੋਂ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਜਾਂਦਾ ਹੈ। ਸਾਰੇ ਧਰਮਾਂ ਦਾ ਸਤਿਕਾਰ ਹੈ ਤੇ ਸ਼ਰਧਾਲੂ ਵੀ ਲੱਖਾਂ ਦੀ ਗਿਣਤੀ ਵਿਚ ਆਉਂਦੇ ਹਨ। ਬਹੁਤੇ ਸਿਖ ਮਾਲਵੇ ਤੋਂ ਹਨ। ਬੜੇ ਚਿਰ ਤੋਂ ਡੇਰਾ ਸਾਰੇ ਲੀਡਰਾਂ ਤੋਂ ਸਤਿਕਾਰ ਲੈਂਦਾ ਚਲਾ ਆ ਰਿਹਾ ਹੈ। ਪ੍ਰਕਾਸ਼ ਸਿੰਘ ਬਾਦਲ ਇਸ ਡੇਰੇ ਵਿਚ ਅਕਸਰ ਜਾਂਦੇ ਰਹੇ ਹਨ। ਸਾਰੇ ਅਕਾਲੀ ਤੇ ਕਾਂਗਰਸੀ ਨੇਤਾ ਜਾ ਕੇ ਨਮਸਕਾਰ ਕਰਦੇ ਹਨ। ਹਰ ਕੋਈ ਸੋਚਦਾ ਸੀ ਕਿ ਉਸ ਨੂੰ ਅਸ਼ੀਰਵਾਦ ਮਿਲ ਰਿਹਾ ਹੈ। ਡੇਰੇ ਦੇ ਸ਼ਰਧਾਲੂਆਂ ਨੂੰ ਪ੍ਰੇਮੀ ਆਖਦੇ ਹਨ। ਇਨ੍ਹਾਂ ਨੇ ਹਰ ਪਿੰਡ ਵਿਚ ਆਪਣੀ ਵੱਖਰੀ ਸੰਸਥਾ ਬਣਾਈ ਹੋਈ ਹੈ। ਬੜੀ ਵਿਉਂਤ ਨਾਲ ਇਹ ਸੰਸਥਾ ਦਾ ਪ੍ਰਬੰਧਕ ਢਾਂਚਾ ਕਾਇਮ ਹੈ। ਚੋਣਾਂ ਵਿਚ ਇਸ ਡੇਰੇ ਨੇ ਪਹਿਲੀ ਵਾਰ ਹੁਕਮ(ਫਤਵਾ) ਜਾਰੀ ਕੀਤਾ ਕਿ ਵੋਟ ਕਾਂਗਰਸ ਉਮੀਦਵਾਰਾਂ ਨੂੰ ਪਾਏ ਜਾਣ। ਇਸ ਦਾ ਅਸਰ ਜਾਦੂ ਵਾਂਗ ਹੋਇਆ। ਮਾਲਵਾ ਹਮੇਸ਼ਾ ਅਕਾਲੀ ਪਾਰਟੀ ਦੇ ਨਾਲ ਰਿਹਾ ਹੈ। 1952 ਵਿਚ ਜਦ ਪਹਿਲੀ ਵਾਰ ਭਾਰਤ ਵਿਚ ਚੋਣਾਂ ਹੋਈਆਂ ਤਾਂ ਪੈਪਸੂ ਵਿਚ ਅਕਾਲੀ ਸਰਕਾਰ ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਦੀ ਅਗਵਾਈ ਵਿਚ ਬਣੀ। ਹਰ ਚੋਣਾਂ ਵਿਚ ਅਕਾਲੀ ਜਿੱਤਦੇ ਰਹੇ। ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਇਸ ਡੇਰੇ ਦੇ ਹੁਕਮ ਅੱਗੇ ਸਾਰੇ ਸਿਖ ਸ਼ਰਧਾਲੂ

ਅਕਾਲੀ ਉਮੀਦਵਾਰਾਂ ਨੂੰ ਪਿੱਠ ਵਿਖਾ ਗਏ। ਮੈਂ ਇਹ ਸਵਾਲ ਪੁੱਛਦਾ ਹਾਂ ਸਾਰੇ ਸਿਖ ਆਗੂਆਂ ਨੂੰ ਕੀ ਉਹ ਇਸ ਵੰਗਾਰ ਨੂੰ ਪਛਾਣਦੇ ਹਨ ਜਾਂ ਨਹੀਂ? ਕੀ ਆਮ ਸਿਖ ਹੁਣ ਕਿਸੇ ਵਿਅਕਤੀ ਜਾਂ ਡੇਰੇ ਦੇ ਵੱਸ ਆ ਚੁੱਕਾ ਹੈ? ਬੜੀ ਗੰਭੀਰ ਸਮੱਸਿਆ ਹੈ। ਦਮਦਮਾ ਸਾਹਿਬ ਤਖ਼ਤ ਮਾਲਵੇ ਦਾ ਹੈ। ਹਰ ਪਾਸੇ ਨਗਰ ਕੀਰਤਨਾਂ ਦੀ ਭਰਮਾਰ ਹੈ। ਗੁਰਦੁਆਰਾ ਹਰ ਪਿੰਡ ਦੇ ਹਰ ਹਿੱਸੇ ਵਿਚ ਹੈ। ਪਰ ਸਿਖ ਹੁਕਮ ਮੰਨ ਰਿਹਾ ਹੈ ਇਕ ਡੇਰੇ ਦਾ। ਕਿੱਧਰ ਗਿਆ ਸਾਡਾ ਸਿਧਾਂਤ, "ਗੁਰੂ ਮਾਨਿਓ ਗ੍ਰੰਥ"। ਕੀ ਹੋ ਗਿਆ ਹੈ ਸਾਡੀ ਸਮਝ ਨੂੰ, ਕੀ ਵਿਸ਼ਵਾਸ ਦੀ ਕਮੀ ਹੈ? ਮੈਂ ਮੰਨਦਾ ਹਾਂ ਅਕਾਲ ਤਖ਼ਤ ਨੇ ਕਦੇ ਵੋਟ ਪਾਉਣ ਬਾਰੇ ਆਦੇਸ਼ ਨਹੀਂ ਦਿੱਤੇ, ਕਦੇ ਗੁਰਦੁਆਰੇ ਚੋਂ ਵੋਟਾਂ ਪਾਉਣ ਬਾਰੇ ਅਪੀਲ ਨਹੀਂ ਹੁੰਦੀ, ਪਰ ਇਸ ਦਾ ਇਹ ਮਤਲਬ ਨਹੀਂ ਕਿ ਸਿਖਾਂ ਨੂੰ ਕੋਈ ਹੋਰ ਆ ਕੇ ਹੁਕਮ ਦੇ ਕੇ ਲਾਮਬੰਦ ਆਪਣੀ ਮਰਜ਼ੀ ਨਾਲ ਕਰ ਲਵੇ। ਇਸ ਮੋੜ ਨੂੰ ਵੱਡੀ ਚੁਣੌਤੀ ਮੰਨੋ। ਸਾਡੇ ਕਈ ਲੀਡਰ ਤਾਂ ਵੱਖਵਾਦ ਦੇ ਨਾਹਰੇ ਲਾਉਂਦੇ ਹਨ। ਕਦੇ ਆਪਣੀ ਪਛਾਣ ਦੇ ਮੁੱਦੇ ਤੇ ਬੜੇ ਭਾਸ਼ਣ ਕਰਦੇ ਹਨ। ਹਰ ਰੋਜ਼ ਨਵੇਂ ਵਿਵਾਦ ਖੜ੍ਹੇ ਕਰਨ ਲਈ ਤਤਪਰ ਰਹਿੰਦੇ ਹਨ। ਕੀ ਇਸ ਆਈ ਚੁਣੌਤੀ ਤੋਂ ਉਹ ਅਵੇਸਲੇ ਹੋ ਗਏ ਹਨ? ਮੈਂ ਤਾਂ ਸਮਝਦਾ ਹਾਂ ਇਸ ਬਾਰੇ ਅਕਾਲ ਤਖ਼ਤ ਅਤੇ ਹੋਰ ਜਥੇਦਾਰ ਸਾਹਿਬਾਨ ਤੇ ਧਾਰਮਿਕ ਆਗੂਆਂ ਦੀ ਤੁਰੰਤ ਬੈਠਕ ਵਿਚਾਰ ਲਈ ਬੁਲਾਈ ਜਾਵੇ। ਤੁਹਾਡੀ ਸਾਖ ਨੂੰ ਖੋਰਾ ਲੱਗ ਗਿਆ ਹੈ। ਐਵੇਂ ਰੋਜ਼ ਸਮਾਗਮਾਂ ਵਿਚ ਵਕਤ ਜ਼ਾਇਆ ਨਾ ਕਰੋ। ਇਹ ਧਾਰਮਿਕ ਮਸਲਾ ਹੈ। ਕੀ ਸਿਖ ਤੁਹਾਡੀ ਪਕੜ ਤੋਂ ਬਾਹਰ ਜਾ ਰਿਹਾ ਹੈ? ਪਤਿਤਪੁਣਾ ਤਾਂ ਸਾਨੂੰ ਖਾ ਹੀ ਰਿਹਾ ਹੈ। ਉਸ ਬਾਰੇ ਤਾਂ ਅਸੀਂ ਚੁੱਪ ਸਾਧ ਰੱਖੀ ਹੈ। ਪਰ ਇਹ ਨਵਾਂ ਮਸਲਾ ਪੂਰਾ ਧਿਆਨ ਮੰਗਦਾ ਹੈ। ਅੱਜ ਇਕ ਡੇਰੇ ਨੇ ਆਪਣੀ ਧਾਕ ਜਮਾ ਕੇ ਤੁਹਾਨੂੰ ਚੈਲੇਂਜ ਕੀਤਾ ਹੈ। ਕੱਲ੍ਹ ਕੋਈ ਹੋਰ ਡੇਰਾ ਏਦਾਂ ਕਰਨ ਲੱਗ ਪਿਆ ਤਾਂ ਕੀ ਹਸ਼ਰ ਹੋਵੇਗਾ ਸਾਡਾ। ਧਰਮ ਤੇ ਸਿਆਸਤ ਇਕੱਠਾ ਦੇ ਸਿਧਾਂਤ ਦਾ ਅਸੀਂ ਰੋਜ਼ ਪਾਠ ਵਾਂਗੂ ਸਿਖਾਂ ਨੂੰ ਪੜ੍ਹਾਉਂਦੇ ਹਾਂ। ਹੁਣ ਕੀ ਹੋ ਗਿਆ ਇਸ ਸਿਧਾਂਤ ਨੂੰ ? ਮੈਂ ਅਕਾਲੀ ਉਮੀਦਵਾਰਾਂ ਦੇ ਘੱਟ ਜਿੱਤਣ ਦਾ ਵਾਵੇਲਾ ਨਹੀਂ ਪਾ ਰਿਹਾ। ਗੱਲ ਸਿਧਾਂਤ ਦੀ ਹੈ ਜੋ ਸਿਖ ਪੰਥਕ ਹੁਕਮ ਤੇ ਜਾਨ ਵਾਰਦਾ ਸੀ। ਅੱਜ ਕਿੱਧਰ ਚੱਲ ਪਿਆ ਹੈ। ਖਤਰੇ ਦਾ ਬਿਗੁਲ ਵਜ ਚੁੱਕਾ ਹੈ।

# ਅੰਮ੍ਰਿਤਸਰੀਆਂ ਦਾ ਅਰੁਨ ਜੇਤਲੀ ਵਿਰੁਧ .ਗਲਤ ਫੈਸਲਾ

ਸਾਰੇ ਭਾਰਤੀਆਂ ਨੇ ਆਪਣੀ ਮਰਜ਼ੀ ਅਨੁਸਾਰ ਲੋਕ ਸਭਾ ਦੀਆਂ ਚੋਣਾਂ ਵਿਚ ਫੈਸਲਾ ਇਕੋ ਪਾਰਟੀ ਦੀ ਸਰਕਾਰ ਬਣਾਉਣ ਦਾ ਦੇ ਦਿੱਤਾ ਹੈ, ਕੋਲੀਸ਼ਨ ਸਰਕਾਰਾਂ ਦੇ ਕਾਰਨ ਹੋਏ ਨੁਕਸਾਨ ਨੂੰ ਵੇਖ ਕੇ ਇਕੋ ਪਾਰਟੀ ਤੇ ਇਕ ਲੀਡਰ ਨੂੰ ਪੰਜ ਸਾਲ ਰਾਜ ਕਰਨ ਦਾ ਹੱਕ ਦੇ ਦਿੱਤਾ ਹੈ। ਸ੍ਰੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਦੀ ਪਦਵੀ ਲੈ ਲਈ ਹੈ। ਬਾਵਜੂਦ ਭਾਜਪਾ ਦੀ ਪੂਰਨ ਬਹੁਸੰਮਤੀ ਹੋਣ ਤੇ ਮੋਦੀ ਨੇ ਕਈ ਸਾਥੀ ਗਰੁਪਾਂ ਦੇ ਵਜ਼ੀਰ ਲੈ ਲਏ ਹਨ। ਪਰ ਇਹ ਹਰ ਇਕ ਨੂੰ ਪਤਾ ਹੈ ਕਿ ਦੇਸ਼ ਨੇ ਇਸ ਵਾਰ ਸਿੱਧਾ ਪ੍ਰਧਾਨ ਮੰਤਰੀ ਚੁਣਿਆ ਹੈ, ਭਾਵੇਂ ਇਸ ਬਾਰੇ ਵਿਧਾਨਿਕ ਤੌਰ ਤੇ ਪਾਰਟੀ ਦੇ ਚੁਣੇ ਗਏ ਲੀਡਰ ਵਜੋਂ ਹੀ ਪ੍ਰਧਾਨ ਮੰਤਰੀ ਬਣਿਆ ਹੈ। ਸਾਰੇ ਭਾਰਤ ਵਿਚ ਮੋਦੀ ਲਹਿਰ ਮੰਨੀ ਗਈ ਹੈ। ਪਰ ਮੈਂ ਜੋ ਪੜਚੋਲ ਕਰਨ ਲੱਗਾ ਹਾਂ ਉਹ ਹੈ ਕਿ ਇਸ ਲਹਿਰ ਦਾ ਸਮਰਥਨ ਕਰਨ ਵਿਚ ਅੰਮ੍ਰਿਤਸਰ ਦੇ ਸ਼ਹਿਰੀ ਕਿਵੇਂ ਪਿੱਛੇ ਰਹਿ ਗਏ ਹਨ। ਇਸ ਸ਼ਹਿਰ ਵਿਚ ਬੜੇ ਪੜ੍ਹੇ ਲਿਖੇ ਤੇ ਉਘੇ ਵਪਾਰੀ ਰਹਿੰਦੇ ਹਨ। ਇਸ ਸ਼ਹਿਰ ਦੀ ਸਦੀਆਂ ਤੋਂ ਮਹੱਤਤਾ ਰਹੀ ਹੈ। ਇਸ ਸ਼ਹਿਰ ਦੇ ਮਸਲੇ ਵੀ ਬਾਕੀ ਪੰਜਾਬ ਤੋਂ ਵੱਖਰੇ ਹਨ। ਬਾਰਡਰ ਤੋਂ 20 ਮੀਲ ਦੂਰ ਹੈ, ਇਸ ਕਰਕੇ ਇਥੇ ਡਿਵੈਲਪਮੈਂਟ ਹਰ ਪੱਖੋਂ ਥੋੜ੍ਹੀ ਸੀ, ਕੋਈ ਵੱਡੀ ਇੰਡਸਰਟੀ ਤਾਂ ਕੀ ਆਉਣੀ ਸੀ, ਜੋ ਪਹਿਲਾਂ ਇਥੇ ਸਨ, ਉਹ ਵੀ ਬੰਦ ਹੋ ਗਈਆਂ ਹਨ। ਹਰ ਕੋਈ ਬਾਰਡਰ ਦਾ ਡਰ ਇਸ ਦਾ ਕਾਰਨ ਦੱਸਦਾ ਹੈ। ਇਸ ਦੇ ਉਲਟ ਲਾਹੌਰ ਸ਼ਹਿਰ ਜੋ ਬਾਰਡਰ ਤੋਂ ਕੇਵਲ ਤਿੰਨ ਮੀਲ ਦੂਰ ਹੈ, ਹੋਰ ਵੱਧਦਾ ਜਾ ਰਿਹਾ ਹੈ, ਇਸ ਦੀ ਆਬਾਦੀ 60 ਲੱਖ ਤੋਂ ਉਪਰ ਹੈ। ਪਾਕਿਸਤਾਨ ਦਾ ਹਰ ਅਮੀਰ ਇਥੇ ਕੋਠੀ ਬਣਾਉਂਦਾ ਹੈ। ਕੋਈ ਬਾਰਡਰ ਦਾ ਡਰ ਨਹੀਂ ਹੈ। ਅੰਮ੍ਰਿਤਸਰ ਵਾਲਿਆਂ ਨੂੰ ਸਭ ਤੋਂ ਵੱਧ ਲੋੜ ਭਾਰਤ ਪਾਕਿਸਤਾਨ ਵਿਚ ਟਰੇਡ ਦੀ ਲੋੜ ਹੈ। ਹਰ ਇਕ ਚਾਹੁੰਦਾ ਹੈ ਟਰੇਡ ਦਾ ਰਾਹ ਖੁੱਲ੍ਹੇ, ਇਥੋਂ ਹੀ ਮਾਲ ਪਾਕਿਸਤਾਨ ਦੇ ਰਸਤੇ ਅਫਗਾਨਿਸਤਾਨ, ਈਰਾਨ ਤੇ ਮੱਧ ਏਸ਼ੀਆ ਵਿਚ ਜਾਵੇ। ਇਸ ਨਾਲ ਹਰ ਪੱਖੋਂ ਅੰਮ੍ਰਿਤਸਰ ਪੂਰੀ ਤਰੱਕੀ

ਕਰੇਗਾ। ਭਾਰਤ ਦੇ ਸਾਰੇ ਵੱਡੇ ਕਾਰਖਾਨੇ ਵਾਲੇ ਤੇ ਵਪਾਰੀ ਇਥੇ ਦਫਤਰ ਤੇ ਗੁਦਾਮ ਬਣਾ ਲੈਣਗੇ। ਟਰਾਂਸਪੋਰਟ ਵਿਚ ਵਾਧਾ ਹੋਵੇਗਾ। ਇਸ ਸ਼ਹਿਰ ਦੀ ਹਾਲਾਤ ਹਰ ਪੱਖੋਂ ਸੁਧਾਰ ਮੰਗਦੀ ਹੈ। ਸ਼ਹਿਰ ਅੰਦਰ ਜਾਕੇ ਮਨ ਸੰਤੁਸ਼ਟ ਨਹੀਂ ਹੁੰਦਾ। ਇਸ ਦੀ ਸਾਰੀ ਕਾਇਆ ਕਲਪ ਕੇਵਲ ਭਾਰਤ ਸਰਕਾਰ ਦੀ ਆਰਥਕ ਮਦਦ ਨਾਲ ਹੋ ਸਕਦੀ ਹੈ। ਪੰਜਾਬ ਸਰਕਾਰ ਨਹੀਂ ਕਰ ਸਕਦੀ। ਸੜਕਾਂ, ਪੁਲ, ਸੀਵਰੇਜ, ਪਾਣੀ ਲਈ ਫੰਡ ਕਿਥੋਂ ਆਏਗਾ? ਇਥੇ ਜੋ ਏਅਰਪੋਰਟ ਬਣਿਆ ਹੈ, ਮੈਂ ਉਸ ਦੀ ਪਾਰਲੀਮੈਂਟ ਕਮੇਟੀ ਦਾ ਮੈਂਬਰ ਸੀ। ਮੈਂ ਹਮੇਸ਼ਾ ਸਿੱਧੀਆਂ ਫਲਾਈਟਾਂ ਲਈ ਅਵਾਜ਼ਾਂ ਉਠਾਉਂਦਾ ਸੀ। ਜਦ ਪਹਿਲਾ ਜਹਾਜ਼ ਇਥੋਂ ਟਰਾਂਟੋ ਗਿਆ ਸਰਕਾਰ ਨੇ ਮੈਨੂੰ ਵੀ ਉਸ ਵਿਚ ਭੇਜਿਆ ਸੀ। ਅੱਜ ਇਥੋਂ ਫਲਾਈਟਾਂ ਬੰਦ ਹੋ ਗਈਆਂ ਹਨ। ਭਾਰਤ ਸਰਕਾਰ ਹੀ ਇਸ ਹਵਾਈ ਅੱਡੇ ਨੂੰ ਅੰਤਰਰਾਸ਼ਟਰੀ ਉਡਾਣਾ ਦਾ ਘਰ ਬਣਾ ਸਕਦੀ ਹੈ। ਇਥੋਂ ਹੀ ਲੋੜ ਹੈ ਕਿ ਹਰ ਕਿਸਮ ਦੀ ਐਕਸਪੋਰਟ ਹੋਵੇ। ਇਸ ਦੀ ਸਹੂਲਤ ਇਥੇ ਕੀਤੀ ਜਾਵੇ। ਕਿਸਾਨ ਨੂੰ ਜੋ ਇਸ ਜ਼ਿਲ੍ਹੇ ਵਿਚ ਹਨ, ਉਨ੍ਹਾਂ ਨੂੰ ਬਾਰਡਰ ਦੀ ਔਖਿਆਈ ਹੈ। ਉਸ ਲਈ ਸਪੈਸ਼ਲ ਅਲਾਉਂਸ ਦੀ ਲੋੜ ਹੈ। ਭਾਰਤ ਸਰਕਾਰ ਨੇ ਪਹਾੜੀ ਰਾਜਾਂ ਨੂੰ ਇੰਡਸਟਰੀ ਲਗਾਉਣ ਦੀ ਜੋ ਸਹੂਲਤ ਦਿੱਤੀ ਹੈ, ਉਸ ਕਰਕੇ ਪੰਜਾਬ ਦੀ ਇੰਡਸਟਰੀ ਵੀ ਕਾਲਕਾ ਅਤੇ, ਜੰਮੂ ਨੇੜੇ ਚਲੀ ਗਈ ਹੈ। ਅੱਜ ਲੋੜ ਹੈ ਕਿ ਭਾਰਤ ਸਰਕਾਰ ਬਾਰਡਰ ਤੇ ਇੰਡਸਟਰੀ ਲਗਾਉਣ ਵਾਲੇ ਨੂੰ ਇਹ ਉਹੀ ਸਹੂਲਤ ਦੇਵੇ। ਇਹ ਮੈਂ ਇਸ ਲਈ ਲਿਖਿਆ ਹੈ ਕਿ ਹਰ ਸ਼ਹਿਰੀ ਨੂੰ ਇਸ ਬਾਰੇ ਪਤਾ ਹੋਵੇ ਕਿ ਉਨ੍ਹਾਂ ਦਾ ਫੈਸਲਾ ਕੇਵਲ ਭਾਰਤ ਸਰਕਾਰ ਹੀ ਕਰ ਸਕਦੀ ਹੈ। ਪੰਜਾਬ ਸਰਕਾਰ ਕੋਲ ਕੋਈ ਅਖਤਿਆਰ ਨਹੀਂ ਹੈ। ਇਸ ਲਈ ਲੋੜ ਹੈ ਉਸ ਵਿਅਕਤੀ ਦੀ ਜੋ ਕੇਂਦਰ ਵਿਚ ਸਰਕਾਰ ਤੋਂ ਇਹ ਕਰਵਾ ਸਕੇ। ਸ਼ਹਿਰ ਦੀ ਕਿਸਮਤ ਸਮਝੋ ਕਿ ਕਿਵੇਂ ਅਰੁਣ ਜੇਤਲੀ ਭਾਜਪਾ ਉਮੀਦਵਾਰ ਵਜੋਂ ਇਥੇ ਪੁਜ ਗਿਆ ਸੀ। ਉਸ ਦੀ ਸ਼ਖਸੀਅਤ ਤੇ ਕੀਤੇ ਕੰਮਾਂ ਬਾਰੇ ਹਰ ਕੋਈ ਵਾਕਫ ਹੈ। ਫਿਰ ਚੋਣਾਂ ਤੋਂ ਕੁਝ ਦਿਨ ਪਹਿਲਾਂ ਨਰਿੰਦਰ ਮੋਦੀ ਆਪ ਆ ਕੇ ਜੇਤਲੀ ਬਾਰੇ ਐਲਾਨ ਕਰਕੇ ਗਏ ਕਿ ਉਹ ਉਨ੍ਹਾਂ ਦਾ ਭਰੋਸੇਯੋਗ ਸਲਾਹਕਾਰ ਹੈ। ਮੈਂ ਅੰਮ੍ਰਿਤਸਰ ਕਈ ਦਿਨ ਰਿਹਾ ਸੀ ਹਰ ਕੋਈ ਜੇਤਲੀ ਦੀ ਯੋਗਤਾ ਬਾਰੇ ਕਾਇਲ ਹੈ। ਪਰ ਸ਼ਹਿਰੀਆਂ ਨੇ ਕੀ ਸੋਚ ਕੇ ਫੈਸਲਾ ਦਿੱਤਾ, ਉਹ ਭੁਲ ਗਏ ਕਿ ਚੋਣ ਪਾਰਲੀਮੈਂਟ ਦੀ ਸੀ, ਇਸ ਨੂੰ ਅਸੈਂਬਲੀ ਦੀ ਸਮਝ ਬੈਠੇ, ਕਈ ਔਕੜਾਂ ਜੋ ਲੋਕਲ ਸਨ ਉਨ੍ਹਾਂ ਨੂੰ ਅੱਗੇ ਰੱਖ ਲਿਆ। ਜੋ ਸਟੇਟ ਦੇ ਮਸਲੇ ਸਨ, ਉਹ ਉਨ੍ਹਾਂ ਦੇ ਮਨ ਵਿਚ ਪਹਿਲੇ ਆ ਗਏ, ਭੁਲ ਗਏ ਕਿ ਸਮਾਂ ਹੋਰ ਹੈ,

ਆਪਣੇ ਵੱਡੇ ਮਸਲੇ ਹੱਲ ਕਰਵਾਉਣ ਦਾ ਇਦਾਂ ਲੱਗਿਆ ਉਹ ਬੇਫਿਕਰ ਹਨ ਕਿ ਸ਼ਹਿਰ ਦੀਆਂ ਮੁਸ਼ਕਲਾਂ ਹੱਲ ਹੋਣ? ਨੈਸ਼ਨਲ ਤੇ ਸਟੇਟ ਦੇ ਅਖਤਿਆਰਾਂ ਦੇ ਫਰਕ ਨੂੰ ਸਮਝ ਨਾ ਸਕੇ। ਮੈਂ ਦਾਦ ਦਿੰਦਾ ਹਾਂ ਪੇਂਡੂ ਲੋਕਾਂ ਦੀ ਕਿ ਉਹ ਸਿਆਣਪ ਨਾਲ ਆਪਣੇ ਭਵਿੱਖ ਨੂੰ ਸਮਝ ਗਏ।

ਮੈਨੂੰ ਯਾਦ ਹੈ ਜਦ ਪੰਜਾਬੀ ਸੂਬਾ ਬਣਿਆ ਤਾਂ ਪਹਿਲਾ ਚੁਣਾਓ 1967 ਵਿਚ ਹੋਇਆ ਗਿਆਨੀ ਗੁਰਮੁਖ ਸਿੰਘ ਮੁਸਾਫਰ ਅੰਮ੍ਰਿਤਸਰ ਤੋਂ ਐਮ.ਐਲ.ਏ. ਹਾਰ ਗਏ, ਸੋਚੋ ਉਹ ਮੁਖ ਮੰਤਰੀ ਸੀ, ਅਕਾਲ ਤਖ਼ਤ ਦਾ ਸਾਬਕਾ ਜਥੇਦਾਰ, ਪੰਜਾਬ ਕਾਂਗਰਸ ਦਾ ਪ੍ਰਧਾਨ, ਫਰੀਡਮ ਫਾਈਟਰ, ਵਿਦਵਾਨ, ਕਵੀ, ਲੇਖਕ ਪਰ ਸ਼ਹਿਰੀਆਂ ਨੇ ਆਪਣਾ ਲਾਭ ਨਾ ਸੋਚਿਆ ਤੇ ਉਸ ਨੂੰ ਹਰਾ ਦਿੱਤਾ, ਅੱਜ ਮੈਂ ਜਦ ਤੁਹਾਡੇ ਇਸ ਵਾਰ ਪਾਰਲੀਮੈਂਟ ਦੇ ਫੈਸਲੇ ਬਾਰੇ ਸੋਚਦਾ ਹਾਂ ਤਾਂ ਇਹੋ ਕਹਿ ਸਕਦਾ ਹਾਂ ਕਿ ਹਰ ਇਕ ਨੂੰ ਹਕ ਹੈ ਆਪਣੇ ਵੋਟ ਪਾਉਣ ਦਾ ਪਰ ਸਵਾਲ ਇਹ ਹੈ ਕਿ ਇਸ ਦੇ ਜੋ ਪਰਿਣਾਮ ਹਨ, ਉਸ ਤੇ ਕੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ? ਘਰ ਆਈ ਵਸਤੂ ਨੂੰ ਮੋੜਨ ਵਕਤ ਕੀ ਸੋਚ ਆਈ। ਮੈਂ ਇਹ ਵੀ ਯਕੀਨ ਰੱਖਦਾ ਹਾਂ ਕਿ ਬਾਵਜੂਦ ਤੁਹਾਡੇ ਫੈਸਲੇ ਦੇ ਅਰੁਣ ਜੇਤਲੀ ਨੂੰ ਜੋ ਅੱਜ ਰੁਤਬਾ ਮਿਲਿਆ ਹੈ, ਉਹ ਅੰਮ੍ਰਿਤਸਰ ਦੀ ਪੂਰੀ ਮਦਦ ਕਰਨਗੇ। ਅੱਜ ਸਾਰਾ ਭਾਰਤ ਉਨ੍ਹਾਂ ਦੀ ਉਚੀ ਪਦਵੀ ਤੋਂ ਉਮੀਦਾਂ ਲਾਈ ਬੈਠਾ ਹੈ। ਪ੍ਰਧਾਨ ਮੰਤਰੀ ਨੇ ਸਭ ਤੋਂ ਮਹੱਤਵਪੂਰਨ ਮਹਿਕਮੇ ਅਰੁਨ ਜੇਤਲੀ ਨੂੰ ਦਿੱਤੇ ਹਨ। ਉਨ੍ਹਾਂ ਦੀ ਦਿਆਨਤਦਾਰੀ ਅਤੇ ਲਿਆਕਤ ਤੇ ਹਰ ਕੋਈ ਮਾਣ ਕਰਦਾ ਹੈ। ਉਹ ਪੰਜਾਬ ਦੀ ਆਰਥਕ ਹਾਲਤ ਤੋਂ ਜਾਣੂ ਹਨ। ਅਸੀਂ ਇਹ ਦੁਆ ਕਰੀਏ ਕਿ ਮੋਦੀ ਸਰਕਾਰ ਭਾਰਤ ਦੀ ਆਨ-ਸ਼ਾਨ ਨੂੰ ਵਧਾਏ। ਪੰਜਾਬ ਦੀਆਂ ਲੋੜਾਂ ਵੱਲ ਉਚੇਚਾ ਧਿਆਨ ਦੇਵੇ।

# ਜਾਟ ਤੇ ਜੱਟਾਂ ਨੂੰ ਪਛੜੀਆਂ ਸ਼੍ਰੇਣੀਆਂ ਦਾ ਦਰਜਾ

ਵੋਟਾਂ ਲੈਣ ਖਾਤਰ ਕੀ ਕੁਝ ਕਰਨਾ ਪੈਂਦਾ ਹੈ। ਵੱਡੇ ਵੱਡੇ ਸਿਆਸੀ ਲੀਡਰ ਐਸੇ ਐਲਾਨ ਕਰਦੇ ਹਨ ਕਿ ਦੇਸ਼ ਸਮਾਜ ਦਾ ਹਿੱਤ ਪਿੱਛੇ ਛੱਡ ਦਿੱਤਾ ਜਾਂਦਾ ਹੈ। ਹਰਿਆਣਾ ਵਿਚ ਭੂਪਿੰਦਰ ਸਿੰਘ ਹੁੱਡਾ ਨੇ ਸਾਰਾ ਜ਼ੋਰ ਲਗਾਕੇ 2014 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤ ਸਰਕਾਰ ਤੇ ਦਬਾਅ ਪਾ ਕੇ ਇਹ ਪਾਸ ਕਰਵਾ ਦਿੱਤਾ ਕਿ ਜਾਟ ਕੌਮ ਬੈਕਵਰਡ ਕਲਾਸ ਵਿਚ ਦਰਜ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਹੁਣ ਬਾਕੀ ਪਿਛੜੀ ਸ਼੍ਰੇਣੀਆਂ ਨਾਲ ਸਰਕਾਰੀ ਨੌਕਰੀਆਂ, ਵਿਦਿਅਕ ਅਦਾਰੇ ਆਦਿ ਵਿਚ ਰਿਜ਼ਰਵੇਸ਼ਨ ਮਿਲੇਗੀ। ਹਰਿਆਣਾ ਵਿਚ ਅੱਜ ਤਕ ਜਾਟਾਂ ਦਾ ਰਾਜ ਰਿਹਾ ਹੈ। ਮੁਖ ਮੰਤਰੀ, ਵਜ਼ੀਰ, ਅਫਸਰ ਸਾਰੇ ਜਾਟ ਕੌਮ ਤੋਂ ਹੁੰਦੇ ਹਨ। ਜ਼ਮੀਨ ਦੇ ਮਾਲਕ ਜਾਟ ਹਨ। ਪਰ ਕਮਾਲ ਹੈ ਸਿਆਸਤ ਦੇ ਰਾਜ ਭਾਗ ਦੇ ਮਾਲਕ ਨੂੰ ਰਾਖਵੇਂ ਹੱਕ ਦਿੱਤੇ ਗਏ। ਇਸ ਦਲੀਲ ਤੇ ਕਿ ਇਹ ਸਮਾਜ ਵਿਚ ਪਛੜੇ ਹੋਏ ਹਨ ਤੇ ਇਨ੍ਹਾਂ ਨੂੰ ਵਧੇਰੇ ਸਹੂਲਤ ਦੀ ਲੋੜ ਹੈ। ਪਰ ਕਮਾਲ ਹੈ ਕੁਦਰਤ ਦਾ ਜਾਂ ਆਮ ਲੋਕਾਂ ਦੀ ਜ਼ਮੀਰ ਦੀ ਆਵਾਜ਼ ਦਾ ਕਿ ਚੋਣਾਂ ਵਿਚ ਹੁੱਡਾ ਸਾਹਿਬ ਦਾ ਇਹ ਕਰਿਸ਼ਮਾ ਫੇਲ੍ਹ ਹੋ ਗਿਆ। ਉਮੀਦ ਸੀ ਸਾਰੇ ਖ਼ੁਸ਼ ਹੋ ਕੇ ਕਾਂਗਰਸ ਦਾ ਧੰਨਵਾਦ ਕਰਨਗੇ ਤੇ ਇਤਨੀ ਵੱਡੀ ਪ੍ਰਾਪਤੀ ਤੇ ਵੋਟਾਂ ਉਨ੍ਹਾਂ ਨੂੰ ਪਾਉਣਗੇ। ਹੋਇਆ ਉਲਟ, 10 ਸੀਟਾਂ ਵਿਚੋਂ ਕਾਂਗਰਸ 9 ਹਾਰ ਗਈ ਹੈ।

ਜਦ ਹਰਿਆਣਾ ਵਿਚ ਜਾਟਾਂ ਦਾ ਇਹ ਅੰਦੋਲਨ ਚੱਲ ਰਿਹਾ ਸੀ ਤਾਂ ਪੰਜਾਬ ਦੇ ਵੱਡੇ ਲੀਡਰਾਂ ਨੇ ਮੰਗ ਰੱਖ ਦਿੱਤੀ ਕਿ ਪੰਜਾਬ ਵਿਚ ਜੱਟ ਸਿਖਾਂ ਨੂੰ ਵੀ ਬੈਕਵਰਡ ਘੋਸ਼ਿਤ ਕੀਤਾ ਜਾਵੇ। ਸਭ ਤੋਂ ਪਹਿਲਾਂ ਇਹ ਮੰਗ ਕੈਪਟਨ ਅਮਰਿੰਦਰ ਸਿੰਘ ਨੇ ਰੱਖੀ ਸੀ ਤੇ ਤੁਰੰਤ ਕਈ ਜੱਟ ਸਰਦਾਰਾਂ ਨੇ ਬਿਆਨਾਂ ਦੀ ਝੜੀ ਲਾ ਦਿੱਤੀ ਕਿ ਹਰਿਆਣਾ ਦੇ ਨਾਲ ਹੀ ਪੰਜਾਬ ਵਿਚ ਵੀ ਜੱਟਾਂ ਨੂੰ ਇਹ ਸਹੂਲਤ ਦਿੱਤੀ ਜਾਵੇ। ਇਥੋਂ ਤਕ ਰੌਲਾ ਪਾਇਆ ਗਿਆ ਕਿ ਅਕਾਲੀ ਪਾਰਟੀ ਵੀ ਮਜਬੂਰ ਹੋ ਗਈ ਇਸ ਮੰਗ ਦਾ

ਸਮਰਥਨ ਕਰਨ ਲਈ।

ਮੈਂ ਇਸ ਵਿਚਾਰ ਦਾ ਧਾਰਨੀ ਹਾਂ ਕਿ ਅਸੀਂ ਕਿਸੇ ਵੀ ਮਸਲੇ ਤੇ ਵਿਚਾਰਾਂ ਦੀ ਚਰਚਾ ਨਹੀਂ ਕਰਦੇ। ਵੱਡੇ ਵੱਡੇ ਵਿਦਵਾਨ ਤੇ ਲਿਖਾਰੀ ਜਾਂ ਪੱਤਰਕਾਰ ਵਕਤ ਤੇ ਚੁੱਪ ਧਾਰਨ ਕਰ ਲੈਂਦੇ ਹਨ। ਅੱਜ ਵਿਸ਼ਵ ਭਰ ਵਿਚ ਇਕ ਸਵਾਲ ਤੇ ਲੇਖ ਆ ਰਹੇ ਹਨ ਕਿ 1980 ਦੇ ਦਹਾਕੇ ਵਿਚ ਜਦ ਪੰਜਾਬ ਖ਼ੂਨ ਦੀ ਹੋਲੀ ਵਿਚ ਤਬਾਹ ਹੋ ਰਿਹਾ ਸੀ, ਸਾਡੇ ਬੁੱਧੀਜੀਵੀ ਕਿਉਂ ਚੁੱਪ ਰਹੇ? ਬੜੇ ਖੋਜੀ ਹੁਣ ਇਹ ਵੀ ਲਿਖ ਰਹੇ ਹਨ ਕਿ ਸਿਖ ਲੀਡਰ ਤੇ ਧਾਰਮਿਕ ਆਗੂ ਵੀ ਮੋਨਧਾਰੀ ਬੈਠੇ ਸਨ। ਦੂਜੀ ਲੋੜ ਹਮੇਸ਼ਾਂ ਰਹੀ ਹੈ ਕਿ ਅਸੀਂ ਪੋਸਟ ਮਾਰਟਮ ਭਾਵ ਹੋਏ ਸਾਕੇ ਤੇ ਉਸ ਦੀ ਘੋਖ ਨਹੀਂ ਕਰਦੇ । ਇਸ ਨਾਲ ਅਸੀਂ ਨਫਾ ਨੁਕਸਾਨ ਜਾਨਣ ਤੋਂ ਵਾਂਝੇ ਰਹਿ ਜਾਂਦੇ ਹਾਂ। ਇਤਿਹਾਸ ਦੇ ਪੰਨੇ ਖਾਲੀ ਛੱਡ ਦਿੰਦੇ ਹਾਂ।

ਪੰਜਾਬ ਦੀ ਵੰਡ ਤੋਂ ਪਹਿਲਾਂ ਜੋ ਲੋਕ ਪੱਛਮੀ ਪੰਜਾਬ ਖਾਸ ਕਰਕੇ ਰਾਵਲਪਿੰਡੀ ਦੇ ਇਲਾਕੇ ਵਿਚੋਂ ਆਏ ਸਨ, ਉਹ ਜਾਣਦੇ ਸਨ ਕਿ ਉਸ ਸਮਾਜ ਵਿਚ ਹਿੰਦੂ ਤੇ ਸਿਖ ਸਾਰੇ ਖੱਤਰੀ, ਅਰੋੜੇ, ਬ੍ਰਾਹਮਣ ਆਦਿ ਜਾਤਾਂ ਦੇ ਸਨ। ਮੁਸਲਮਾਨ ਜੱਟ ਤੇ ਦੂਜੀਆਂ ਜਾਟਾਂ ਦੇ ਸਨ। ਉਸ ਵਕਤ ਜ਼ਾਤਪਾਤ ਦਾ ਬੜਾ ਅਸਰ ਸੀ। ਮੁਸਲਮਾਨ, ਜਾਤਾਂ ਨੂੰ ਆਪਣੇ ਤੋਂ ਹੇਠਾਂ ਸਮਝਦੇ ਸੀ। ਇਥੋਂ ਤਕ ਕਿ ਬਰਤਨ ਨੂੰ ਵੀ ਹੱਥ ਲਗਾਣ ਤੋਂ ਮਨ੍ਹਾ ਹੁੰਦਾ ਸੀ। ਇਹ ਲੋਕ ਦੇਸ਼ ਦੀ ਵੰਡ ਕਾਰਨ ਇਧਰ ਆ ਗਏ ਸੀ। ਇਥੇ ਉਨ੍ਹਾਂ ਨੂੰ ਹੈਰਾਨੀ ਹੋਈ ਕਿ ਸਾਰੇ ਮਹਾਰਾਜੇ ਰਾਜੇ ਅਫਸਰ ਜੱਟ ਸਿਖ ਹਨ। ਜਿਸ ਜ਼ਾਤ ਨੂੰ ਉਹ ਆਪਣੇ ਬਰਾਬਰ ਦਾ ਦਰਜਾ ਨਹੀਂ ਸਨ ਦਿੰਦੇ, ਉਹ ਹੁਕਮਰਾਨ ਸਾਹਮਣੇ ਬੈਠੇ ਸਨ। ਹੌਲੀ ਹੌਲੀ ਸਾਰੇ ਆਏ ਰੀਫਿਊਜ਼ੀ ਇਹ ਸਮਝ ਗਏ ਕਿ ਜੱਟਾਂ ਦੇ ਰਾਜ ਵਿਚ ਸਮਾਜ ਦੀ ਬਣਤਰ ਵੱਖਰੀ ਹੈ। ਜੱਟ ਆਪਣੇ ਆਪ ਨੂੰ ਉਚੀ ਜ਼ਾਤ ਸਮਝਦੇ ਸੀ। ਉਧਰੋਂ ਆਏ ਰੀਫਿਊਜ਼ੀਆਂ ਨੂੰ ਭਾਪਾ ਕੌਮ ਦਾ ਨਾਂ ਦੇ ਦਿੱਤਾ ਗਿਆ। ਸਕੂਲ ਤੇ ਕਾਲਜਾਂ ਵਿਚ ਭਾਪਿਆਂ ਦੇ ਮੁੰਡੇ ਕੁੜੀਆਂ ਇੱਦਾਂ ਮਹਿਸੂਸ ਹੋਣ ਲੱਗ ਗਈਆਂ ਕਿ ਉਹ ਛੋਟੀ ਜ਼ਾਤ ਦੇ ਹਨ। ਮਨਾਂ ਤੇ ਪਰਭਾਵ ਸੁਭਾਵਿਕ ਸੀ। ਇਕ ਪਾਸੇ ਜੱਟ ਰਾਜੇ ਤੇ ਅਫਸਰ। ਫਿਰ ਜੱਟ ਸਰਦਾਰਾਂ ਦੇ ਬੱਚੇ ਬੜੀ ਆਕੜ ਨਾਲ ਰਹਿੰਦੇ ਸੀ। ਬਚਪਨ ਦਾ ਇਹ ਅਹਿਸਾਸ ਸਭ ਦੇ ਮਨਾਂ ਤੇ ਸਦੀਵੀ ਰਹਿ ਗਿਆ ਸੀ।

ਅੱਜ ਜਦ ਜੱਟ ਭਰਾ ਆਪਣੇ ਆਪ ਨੂੰ ਸਮਾਜ ਦਾ ਪਛੜਿਆ ਅੰਗ ਕਰਾਉਣ ਦੀ ਮੰਗ ਕਰ ਰਹੇ ਹਨ ਤਾਂ ਫਿਰ ਉਨ੍ਹਾਂ ਸਾਰੇ ਪਰਿਵਾਰਾਂ ਦੇ ਲੋਕ ਜੋ 1947 ਵਿਚ ਆਏ, ਇਹ ਸੋਚ ਕੇ ਕਿ ਸਮਾਜ ਵਿਚ ਉਹ ਦੂਜੀ

ਸਤਰ ਤੇ ਹਨ, ਉਨ੍ਹਾਂ ਦੀ ਕੀ ਸੋਚ ਹੋ ਜਾਵੇਗੀ? ਮੈਂ ਸੋਚਦਾ ਹਾਂ ਕਿ ਦੁਨੀਆਂ ਭਰ ਵਿਚ ਹਰ ਗ਼ਰੀਬ ਵੀ ਸਮਾਜ ਵਿਚ ਉੱਚਾ ਸਥਾਨ ਮੰਗਦਾ ਹੈ, ਸਮਾਜਕ ਬਰਾਬਰਤਾ ਦੀ ਉਮੀਦ ਰੱਖਦਾ ਹੈ। ਵਿਦੇਸ਼ਾਂ ਵਿਚ ਦਲਿਤ ਪਰਿਵਾਰ ਦੇ ਲੋਕ ਵੀ ਉੱਚੀਆਂ ਜਾਤਾਂ ਨਾਲ ਨਾਂ ਲਿਖ ਕੇ ਚੜ੍ਹਤ ਵਿਚ ਰਹਿੰਦੇ ਹਨ। ਮੈਂ ਤਾਂ ਧਾਰਨੀ ਹਾਂ ਕਿ ਸਾਡੇ ਵਿਚ ਉੱਚੀ ਨੀਵੀਂ ਜ਼ਾਤ ਹੈ ਹੀ ਨਹੀਂ। ਸਭ ਬਰਾਬਰ ਹਨ।

ਪਰ ਵਿਖੇੜਾ ਹੁਣ ਸਰਕਾਰੀ ਐਲਾਨ ਕਰਵਾਉਣ ਵਿਚ ਅਸੀਂ ਆਪ ਪਾ ਰਹੇ ਹਾਂ। ਕੀ ਜੱਟ ਲੜਕੇ ਕਾਲਜਾਂ ਯੂਨੀਵਰਸਿਟੀਆਂ ਵਿਚ ਬੈਕਵਰਡ ਕਹਿਵਾਉਣ ਦੀ ਖ਼ੁਸ਼ੀ ਲੈਣਗੇ? ਪੰਜਾਬ ਵਿਚ ਜੱਟ ਕੌਮ ਦੀ ਸਰਦਾਰੀ ....... ਹੈ। ਸਾਰੇ ਮੁਖ ਮੰਤਰੀ, ਵਜ਼ੀਰ, ਅਫਸਰ ਇਨ੍ਹਾਂ ਵਿਚੋਂ ਹਨ। ਸਾਰੇ ਐਮ.ਪੀ. , ਐਮ.ਐਲ.ਏ. ਇਨ੍ਹਾਂ ਵਿਚੋਂ ਹਨ। ਵੱਡੇ ਜ਼ਿਮੀਦਾਰ ਸਾਰੇ ਜੱਟ ਹਨ। ਫਿਰ ਬੈਕਵਰਡ ਕਿੱਥੇ ਰਹਿ ਗਏ। ਕਿਹੜੀ ਘਾਟ ਹੈ ਜੋ ਉਹ ਮਹਿਸੂਸ ਕਰਦੇ ਹਨ। ਨੌਕਰੀਆਂ ਵਿਚ ਵੇਖ ਲਵੋ, ਜ਼ਮੀਨਾਂ ਦੀ ਮਾਲਕੀ ਵੇਖ ਲਵੋ। ਕੀ ਹੋਰ ਲੋੜ ਹੈ? ਸਿਆਸੀ ਲੀਡਰ ਆਪਣੀਆਂ ਵੋਟਾਂ ਖਾਤਰ ਇਹ ਨਾਹਰੇ ਦੇ ਕੇ ਵਰਗਲਾ ਰਹੇ ਹਨ। ਸਾਰੇ ਲੋਕ ਗੀਤ ਜੱਟਾਂ ਦੀ ਸਰਦਾਰੀ ਦੇ ਹਨ। ਫਿਲਮਾਂ ਡਰਾਮੇ ਜੱਟ ਕੌਮ ਦੀ ਉਸਤਤ ਦੇ ਹਨ। ਕੀ ਲੋੜ ਪੈ ਗਈ ਹੈ ਕਿ ਜ਼ਾਤਪਾਤ ਨੂੰ ਹੋਰ ਤਿੱਖਾ ਕਰਨ ਦੀ? ਪੰਜਾਬ ਤਰੱਕੀ ਕਰੇ ਸਾਰੇ ਇਸ ਦਾ ਲਾਭ ਉਠਾਉਣ। ਇਕ ਵਰਗ ਨਹੀਂ ਹਰ ਇਕ ਇਸ ਦਾ ਵਾਸੀ ਖ਼ੁਸ਼ ਰਹੇ। ਜੋ ਇਹ ਨਾਹਰੇ ਲਗਾ ਰਹੇ ਹਨ, ਉਹ ਤੁਹਾਡਾ ਭਲਾ ਨਹੀਂ ਲੋਚਦੇ, ਸਗੋਂ ਵੋਟਾਂ ਦੀ ਸਿਆਸਤ ਖੇਡ ਰਹੇ ਹਨ। ਸਮਾਜ ਇਕੱਠਾ ਰਹੇ ਇਸ ਵਿਚ ਹੋਰ ਤਰੇੜਾਂ ਨਾ ਪੈਣ। ਕਦੇ ਸੋਚੋ ਕਿਥੇ ਤੁਹਾਨੂੰ ਘਾਟ ਪਈ ਹੈ। ਹਰ ਥਾਂ ਤੁਹਾਡੀ ਸਰਦਾਰੀ ਹੈ। ਪਿੱਛੇ ਰਹਿ ਗਏ ਕਹਾਉਣਾ ਤੁਹਾਡੀ ਰਗ ਵਿਚ ਹੀ ਨਹੀਂ ਹੈ। ਤੁਸੀਂ ਇਤਿਹਾਸ ਰਚਦੇ ਹੋ। ਮੱਲਾਂ ਮਾਰੀਆਂ ਬਜ਼ੁਰਗਾਂ ਨੇ। ਕਿਹੋ ਜਿਹੇ ਗ਼ਲਤ ਨਾਹਰੇ ਤੁਹਾਨੂੰ ਦੇਣਾ ਚਾਹੁੰਦੇ ਹਨ ਇਹ ਲੀਡਰ। ਸਮੁੱਚਾ ਪੰਜਾਬ ਤਰੱਕੀ ਕਰੇ।ਅਸੀਂ ਸਾਰੇ ਇਕੱਠੇ ਇਕੋ ਸਤਰ ਤੇ ਅੱਗੇ ਵਧੀਏ। ਗੁਰੂ ਤਾਂ ਸਾਨੂੰ ਜ਼ਾਤ ਪਾਤ ਤੋਂ ਉੱਪਰ ਕਰਕੇ ਗਿਆ ਹੈ।

# ਕੀ ਸੰਦੇਸ਼ ਦਿੰਦਾ ਹੈ ਸ੍ਰੀ ਅਨੰਦਪੁਰ ਸਾਹਿਬ?

ਜਿਧਰ ਵੀ ਦੇਖੋ ਹਰ ਪਾਸੇ ਸ੍ਰੀ ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਸੰਬੰਧੀ ਬੜੀ ਭਖਵੀਂ ਤੇ ਦਿਲਚਸਪ ਚਰਚਾ ਹੋ ਰਹੀ ਹੈ। ਪੰਜਾਬ ਸਰਕਾਰ ਨੇ ਪੂਰੇ ਜ਼ੋਰ ਸ਼ੋਰ ਨਾਲ ਇਸ ਨੂੰ ਅਦੁੱਤੀ ਸਮਾਗਮ ਰਾਹੀਂ ਪੇਸ਼ ਕੀਤਾ। ਸਿਖ ਪੰਥ ਲਈ ਤਾਂ ਇਹ ਸਿਲਸਿਲਾ 1969 ਤੋਂ ਹੀ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ 500 ਵੇਂ ਜਨਮ ਉਤਸਵ ਨਾਲ ਆਰੰਭ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦਾ 300 ਵਾਂ ਪ੍ਰਕਾਸ਼ ਉਤਸਵ ਬੜੀ ਸ਼ਾਨੋ ਸ਼ੌਕਤ ਨਾਲ 1966  ਵਿਚ ਮਨਾਇਆ ਗਿਆ ਸੀ। ਉਸੇ ਸਾਲ ਪੰਜਾਬੀ ਸੂਬੇ ਦੀ ਹੋਂਦ ਵੀ ਸਾਹਮਣੇ ਆਈ ਸੀ। ਸ਼੍ਰੋਮਣੀ ਅਕਾਲੀ ਦਲ ਦੀਆਂ ਬੜੀਆਂ ਸਰਕਾਰਾਂ ਨੇ ਇਸ ਵਿਚ ਬੜੀ ਦਿਲਚਸਪੀ ਵਿਖਾਈ ਸੀ। ਕਮਾਲ ਅਸਲ ਵਿਚ ਇਹ ਹੈ ਕਿ ਹਰ ਇਕ ਸ਼ਤਾਬਦੀ ਪ੍ਰੋਗਰਾਮ 'ਤੇ ਸ਼੍ਰੋਮਣੀ ਅਕਾਲੀ ਪਾਰਟੀ ਦੀ ਸਰਕਾਰ ਹੀ ਉਸ ਵੇਲੇ ਪੰਜਾਬ ਵਿਚ ਕੰਮ ਕਰ ਰਹੀ ਸੀ।

ਗੁਰੂ ਗੋਬਿੰਦ ਸਿੰਘ ਦੇ 300 ਵੇਂ ਪ੍ਰਕਾਸ਼ ਉਤਸਵ ਤੋਂ ਬਾਅਦ ਗੁਰੂ ਅਮਰ ਦਾਸ, ਗੁਰੂ ਨਾਨਕ ਦੇਵ ਦਾ 500ਵਾਂ ਜਨਮ ਉਤਸਵ, ਅੰਮ੍ਰਿਤਸਰ ਦਾ ਸਥਾਪਨਾ ਦਿਵਸ, 1999 ਵਿਚ ਖਾਲਸੇ ਦਾ 300ਵਾਂ ਸਾਲਾ ਜਨਮ ਦਿਵਸ ਤੇ ਫਿਰ 2004 ਵਿਚ ਸ੍ਰੀ ਆਦਿ ਗ੍ਰੰਥ ਗੁਰੂ ਗ੍ਰੰਥ ਸਾਹਿਬ ਦਾ ਸਥਾਪਨਾ ਦਿਵਸ ਬੜੀ ਸੱਜ ਧੱਜ ਨਾਲ ਮਨਾਇਆ ਗਿਆ ਅਤੇ ਅਖੀਰ ਵਿਚ 2008 ਨੂੰ ਹਜ਼ੂਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਦਾ ਇਸ ਧਰਤੀ ਤੋਂ ਜਾਣਾ ਅਤੇ ਗੁਰੂ ਗ੍ਰੰਥ ਨੂੰ ਗੁਰਿਆਈ ਦੇਣਾ ਆਦਿ ਵੀ ਮਨਾਇਆ ਗਿਆ ਸੀ। ਇਸੇ ਦੌਰਾਨ 2001 ਨੂੰ ਅੰਮ੍ਰਿਤਸਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ 200 ਸਾਲਾ ਤਾਜਪੋਸ਼ੀ ਵੀ ਬੜੇ ਜਾਹੋ ਜਲਾਲ ਅਤੇ ਉਤਸ਼ਾਹ ਨਾਲ ਮਨਾਈ ਗਈ ਸੀ। ਇਹ ਜਾਣਕਾਰੀ ਪਾਠਕਾਂ ਨੂੰ ਭਲੀ ਭਾਂਤ ਹੋਵੇਗੀ ਕਿ ਦੋਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਕੀਰਤਪੁਰ ਸਾਹਿਬ ਰਹਿੰਦੇ ਸੀ ਅਤੇ ਸੱਤਵੇਂ ਗੁਰੂ ਸ਼੍ਰੀ ਗੁਰੂ ਹਰਿ ਰਾਏ ਸਾਹਿਬ ਅਤੇ ਹਰ ਰਾਏ ਸਾਹਿਬ ਨੇ ਹੀ ਸ਼੍ਰੀ ਕੀਰਤਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ।

ਗੁਰੂ ਤੇਗ ਬਹਾਦਰ ਵੀ ਇਕ ਬਲਵਾਨ ਯੋਧਾ ਸਨ, ਜਿਨ੍ਹਾਂ ਨੇ ਮੀਰੀ ਪੀਰੀ ਦੇ ਮਾਲਕ ਅਤੇ ਅਕਾਲ ਤਖ਼ਤ ਦੇ ਸਿਰਜਣਹਾਰ ਆਪਣੇ ਪਿਤਾ ਗੁਰੂ ਹਰਗੋਬਿੰਦ ਤੋਂ ਸ਼ਸਤਰ ਵਿਦਿਆ ਪ੍ਰਾਪਤ ਕੀਤੀ ਸੀ। ਉਨ੍ਹਾਂ ਆਨੰਦਪੁਰ ਸਾਹਬ ਵਿਖੇ ਐਸੀ ਥਾਂ ਚੁਣੀ ਜੋ ਫ਼ੌਜੀ ਨੁਕਤੇ ਨਿਗਾਹ ਨਾਲ ਠੀਕ ਹੋਵੇ ਕਿਉਂਕਿ ਉਨ੍ਹਾਂ ਨੂੰ ਇਹ ਪਤਾ ਸੀ ਕਿ ਮੁਗਲ ਸਰਕਾਰ ਸਿਖਾਂ ਵਿਰੁੱਧ ਦੇਰ ਸਵੇਰ ਯੁੱਧ ਕਰੇਗੀ। ਇਕ ਪਾਸੇ ਸਤਲੁਜ ਦਰਿਆ ਤੇ ਪਿੱਛੇ ਸ਼ਿਵਾਲਕ ਪਹਾੜੀਆਂ, ਇਹ ਚੱਕ ਨਾਨਕੀ ਹੀ ਅਸਲ ਵਿਚ ਸ੍ਰੀ ਆਨੰਦਪੁਰ ਸਾਹਿਬ ਬਣਿਆ। ਉਸ ਸਮੇਂ ਸ਼ਹਿਰ ਵਿਚ ਵਸੋਂ ਹੋਣ ਲੱਗੀ ਸੀ ਅਤੇ ਹੌਲੀ-ਹੌਲੀ ਇਸ ਦੀ ਉਸਾਰੀ ਵੀ ਆਰੰਭ ਹੋਈ। ਇਸੇ ਸ਼ਹਿਰ ਵਿਚ ਹੀ ਕਸ਼ਮੀਰੀ ਪੰਡਤ ਨੌਵੇਂ ਗੁਰੂ ਸਾਹਿਬ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਲਈ ਦਿੱਲੀ ਗਏ ਸਨ। ਇਥੇ ਹੀ ਭਾਈ ਜੈਤਾ 1675 ਵਿਚ ਉਨ੍ਹਾਂ ਦੀ ਸੇਧ ਲੈ ਕੇ ਆਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਉਮਰ ਉਸ ਸਮੇਂ ਸਿਰਫ਼ 9 ਕੁ ਸਾਲ ਦੀ ਸੀ।

ਇਸੇ ਹੀ ਧਰਤੀ 'ਤੇ 24 ਸਾਲ ਲਗਾ ਕੇ 1699 ਵਿਚ ਖਾਲਸੇ ਦੀ ਸਾਜਨਾ ਹੋਈ ਸੀ। ਅੰਮ੍ਰਿਤ ਦਾ ਬਾਟਾ ਇਥੇ ਆਨੰਦਪੁਰ ਸਾਹਿਬ ਦੀ ਪਾਵਨ ਧਰਤੀ 'ਤੇ ਤਿਆਰ ਹੋਇਆ ਸੀ। ਪੰਜ ਪਿਆਰੇ ਇਸੇ ਹੀ ਸ਼ਹਿਰ ਵਿਚ ਸਜੇ ਸਨ। ਆਨੰਦਪੁਰ ਸਾਹਿਬ ਵਿਚ ਚਾਰ ਕਿਲ੍ਹੇ ਗੁਰੂ ਸਾਹਿਬ ਨੇ ਬਣਵਾਏ ਸਨ। ਅੱਜ ਮੁੜ ਉਨ੍ਹਾਂ ਦੀ ਉਸਾਰੀ ਹੋ ਰਹੀ ਹੈ। ਭਾਈ ਬਚਿੱਤਰ ਸਿੰਘ ਦਾ ਹਾਥੀ ਨਾਲ ਮੁਕਾਬਲਾ ਇਥੇ ਹੀ ਹੋਇਆ ਸੀ। ਸੋ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਸ ਧਰਤੀ ਨਾਲ ਬਹੁਤ ਸਾਰੀਆਂ ਇਤਿਹਾਸਕ ਯਾਦਾਂ ਜੁੜੀਆਂ ਹੋਈਆਂ ਹਨ। ਬਲਕਿ ਇਹ ਆਨੰਦਪੁਰ ਸਾਹਿਬ ਦੀ ਧਰਤੀ ਹੈ ਜਿਸ ਨੇ ਇਤਿਹਾਸ ਸਿਰਜਿਆ। ਇਸ ਸਥਾਪਨਾ ਦਿਵਸ ਦੇ ਸ਼ੁੱਭ ਮੌਕੇ 'ਤੇ ਪ੍ਰਧਾਨ ਮੰਤਰੀ ਨੇ ਨਤਮਸਤਕ ਹੋਣਾ ਸੀ ਪਰ ਉਨ੍ਹਾਂ ਦੇ ਪਹਿਲਾਂ ਹੀ ਤੈਅ ਹੋਏ ਰੁਝੇਵਿਆਂ ਕਰਕੇ ਉਨ੍ਹਾਂ ਦੀ ਥਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਹਾਜ਼ਰੀ ਭਰੀ, ਸਿਖਾਂ ਲਈ ਇਹ ਅਤਿਅੰਤ ਖੁਸ਼ੀ ਦਾ ਮੁਕਾਮ ਹੈ ਕਿ ਜਿੰਨੀਆਂ ਵੀ ਸ਼ਤਾਬਦੀਆਂ ਮਨਾਈਆਂ ਗਈਆਂ ਹਨ, ਉਦੋਂ ਉਸ ਸਮੇਂ ਦੇ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੇ ਸਹਿਯੋਗੀ ਇਨ੍ਹਾਂ ਵਿਚ ਜ਼ਰੂਰ ਸ਼ਾਮਲ ਹੋਏ ਸਨ।

ਵੱਡੇ ਇਕੱਠ, ਵੱਡੇ ਨਗਰ ਕੀਰਤਨ ਤਾਂ ਸਜੇ ਪਰ ਲੋੜ ਹੈ ਸਾਨੂੰ ਇਹ ਦੱਸਣ ਦੀ ਕਿ ਆਨੰਦਪੁਰ ਸਾਹਿਬ ਦਾ ਸੰਦੇਸ਼ ਕੀ ਹੈ? ਇਹ ਬੜਾ

ਵਿਲੱਖਣ ਅਤੇ ਰਮਨੀਕ ਸਥਾਨ ਹੈ। ਇਥੇ ਜੋ ਕੁਝ ਵੀ ਵਾਪਰਿਆ ਉਹ ਧਰਤੀ 'ਤੇ ਹੋਰ ਕਿਧਰੇ ਵੀ ਨਹੀਂ ਹੋਇਆ। ਮੈਂ ਸਮਝਦਾ ਹਾਂ ਕਿ ਧਾਰਮਿਕ ਆਗੂ ਅਤੇ ਸਰਕਾਰ ਵਿਉਂਤ ਨਾਲ ਪ੍ਰਚਾਰ ਇਹ ਕਰੇ ਕਿ ਪਹਿਲਾ ਸੰਦੇਸ਼ ਜੋ ਵਿਸ਼ਵ ਲਈ ਹੈ, ਉਹ ਇਹ ਹੈ ਕਿ ਹਰ ਇਕ ਨੂੰ ਆਪਣੇ ਧਾਰਮਿਕ ਵਿਚਾਰਾਂ ਅਨੁਸਾਰ ਪ੍ਰਮਾਤਮਾ ਨੂੰ ਮੰਨਣ ਦਾ ਹੱਕ ਹੋਵੇ ਪਰ ਅੱਜ ਫਿਰਕੂ ਝਗੜੇ ਹਰ ਥਾਂ ਹਨ। ਹਰ ਮੱਤ ਆਪਣੀ ਸਰਦਾਰੀ ਚਾਹੁੰਦਾ ਹੈ ਪਰ ਇਹ ਗੁਰੂ ਤੇਗ ਬਹਾਦੁਰ ਸਾਹਿਬ ਹੀ ਹਨ ਜੋ ਇਕੋ ਗੁਰੂ ਸਾਹਿਬ ਹੋਏ ਜਿਨ੍ਹਾਂ ਨੇ ਕਿਸੇ ਹੋਰ ਧਰਮ ਦੀ ਰੱਖਿਆ ਖ਼ਾਤਰ ਆਪਣੀ ਕੁਰਬਾਨੀ ਦਿੱਤੀ ਸੀ। ਅੱਜ ਇਸ ਸਿਧਾਂਤ ਦੇ ਪ੍ਰਚਾਰ ਦੀ ਬੜੀ ਸਖ਼ਤ ਲੋੜ ਹੈ। ਦੂਜਾ ਸੰਦੇਸ਼ ਭਾਰਤ ਦੀ ਏਕਤਾ ਦਾ ਹੈ। ਸੈਂਕੜੇ ਸਾਲ ਇਸਲਾਮ ਮੱਤ ਦਾ ਭਾਰਤ 'ਤੇ ਰਾਜ ਸੀ। ਉਨ੍ਹਾਂ ਭਾਰਤ ਦੀ ਸਭਿਅਤਾ ਤੇ ਏਕਤਾ ਦਾ ਖੰਡਨ ਕਰ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਨੇ 1699 ਵਿਚ ਸਾਰਾ ਭਾਰਤ ਆਨੰਦਪੁਰ ਸਾਹਿਬ ਦੀ ਇਸ ਧਰਤੀ 'ਤੇ ਬੁਲਾਇਆ। ਪਹਿਲੀ ਵਾਰ ਵੱਡੀ ਗਿਣਤੀ ਵਿਚ ਲੋਕ ਇਥੇ ਆਏ। ਕੌਮੀ ਏਕਤਾ ਦੇ ਨਜ਼ਾਰੇ ਪੇਸ਼ ਹੋਏ।

ਕਿਸੇ ਨੂੰ ਪਤਾ ਹੀ ਨਹੀਂ ਕਿ ਉਥੇ ਕਿਵੇਂ ਲੱਖਾਂ ਦਾ ਇਕੱਠ ਹੋ ਗਿਆ। ਉੜੀਸਾ, ਕਰਨਾਟਕਾ, ਗੁਜਰਾਤ ਵਰਗੇ ਸੂਬਿਆਂ ਤੋਂ ਲੋਕ ਆਏ ਅਤੇ ਤੁਸੀਂ ਵੇਖੋ ਕਿ ਇਸ ਆਪਸੀ ਏਕਤਾ ਦੀ ਮਿਸਾਲ ਹੀ ਸੀ ਪੰਜ ਪਿਆਰਿਆਂ ਦੀ ਸਾਜਨਾ। ਇਹ ਵੀ ਵਿਸ਼ਵ ਇਤਿਹਾਸ ਵਿਚ ਇਕ ਨਿਵੇਕਲੀ ਯਾਦ ਸੀ। ਅੱਜ ਤੱਕ ਸਿਖ ਇਸ ਦਾ ਪ੍ਰਚਾਰ ਹੀ ਨਹੀਂ ਕਰ ਸਕੇ। ਉਨ੍ਹਾਂ ਪੰਜ ਪਿਆਰਿਆਂ ਵਿਚ ਚਾਰ ਬਾਹਰਲੇ ਸੂਬਿਆਂ ਤੋਂ ਸਨ ਅਤੇ ਇਕ ਪੰਜਾਬ ਦੀ ਧਰਤੀ ਤੋਂ ਸੀ। ਇਹ ਹੈ ਸੰਦੇਸ਼ ਜੋ ਸਾਰਾ ਦੇਸ਼ ਲਵੇ। ਤੀਜਾ ਸੰਦੇਸ਼ ਹੈ ਬਰਾਬਰਤਾ ਦਾ, ਇਹ ਪਹਿਲੀ ਵਾਰ ਸੀ ਜਦੋਂ ਉਚ-ਨੀਚ ਖ਼ਤਮ ਕਰ ਕੇ ਅਛੂਤ ਪਛੜੀ ਸ਼੍ਰੇਣੀ ਨੂੰ ਉਚ ਕੁਲ ਦੇ ਬਰਾਬਰ ਬੈਠਣ ਅਤੇ ਖਲੋਣ ਦਾ ਵੀ ਹੱਕ ਅਨੰਦਪੁਰ ਸਾਹਿਬ ਦੀ ਇਸ ਕਰਮਾਂ ਭਰੀ ਧਰਤੀ ਤੋਂ ਹੀ ਮਿਲਿਆ ਸੀ। ਪੰਜ ਪਿਆਰੇ ਵਧੇਰੇ ਕਰਕੇ ਉਨ੍ਹਾਂ ਪੱਛੜੀਆਂ ਸ਼੍ਰੇਣੀਆਂ ਵਿਚੋਂ ਸਨ ਪਰ ਅੰਮ੍ਰਿਤ ਛਕਣ ਵੇਲੇ ਹਰ ਕੋਈ ਇਕੋ ਬਾਟੇ ਵਿਚੋਂ ਅੰਮ੍ਰਿਤ ਦਾ ਘੁੱਟ ਭਰਦਾ ਹੈ। ਇਸ ਨੂੰ ਵੱਡੇ ਪੱਧਰ 'ਤੇ ਪ੍ਰਚਾਰਨ ਦੀ ਲੋੜ ਹੈ। ਚੌਥਾ ਸੰਦੇਸ਼ ਹੈ ਸ਼ਕਤੀ ਦਾ। ਇਸ ਧਰਤੀ 'ਤੇ ਖੰਡਾ ਜੋ ਸ਼ਕਤੀ ਦਾ ਪ੍ਰਤੀਕ ਹੈ ਉਹ ਗੁਰੂ ਗੋਬਿੰਦ ਸਿੰਘ ਨੇ ਲਹਿਰਾਇਆ।

ਖੰਡੇ 'ਚ ਹੀ ਅੰਮ੍ਰਿਤ ਬਣਿਆ ਅਤੇ ਫਿਰ ਚਿੜੀਆਂ ਤੋਂ ਬਾਜ ਬਣ

ਗਏ ਅਤੇ ਫਿਰ ਗਿੱਦੜਾਂ ਤੋਂ ਸ਼ੇਰ। ਇਸ ਸ਼ਕਤੀ ਨੇ ਹੀ ਮੁਗਲ ਫੌਜ ਨੂੰ ਜ਼ਬਰਦਸਤ ਹਾਰ ਦਿੱਤੀ ਸੀ ਅਤੇ ਇਸੇ ਸ਼ਕਤੀ ਨਾਲ ਹੀ ਬੰਦਾ ਸਿੰਘ ਬਹਾਦਰ 1709 ਵਿਚ ਪੰਜਾਬ ਦਾ ਬਾਦਸ਼ਾਹ ਬਣ ਗਿਆ ਸੀ। ਇਸ ਦੇ ਨਾਲ ਹੀ ਕੁਰਬਾਨੀ ਦਾ ਸੰਦੇਸ਼ ਵੀ ਅਨੰਦਪੁਰ ਸਾਹਿਬ ਤੋਂ ਹੀ ਮਿਲਦਾ ਹੈ। ਗੁਰੂ ਤੇਗ ਬਹਾਦੁਰ ਨੇ ਆਪ ਪਹਿਲ ਕੀਤੀ। ਦਿੱਲੀ ਜਾ ਕੇ ਬਲੀਦਾਨ ਦਿੱਤਾ। ਗੁਰੂ ਗੋਬਿੰਦ ਸਿੰਘ ਨੇ ਇਸੇ ਧਰਤੀ ਸਦਕਾ ਆਪਣੇ ਚਾਰੇ ਸਾਹਿਬਜ਼ਾਦੇ ਕੁਰਬਾਨ ਕਰ ਦਿੱਤੇ। ਮਾਤਾ ਕੁਰਬਾਨ ਹੋਈ ਅਤੇ ਸਿੰਘਾਂ ਦੀਆਂ ਕੁਰਬਾਨੀਆਂ ਨਾਲ ਇਤਿਹਾਸ ਭਰਿਆ ਹੋਇਆ ਹੈ। ਇਨ੍ਹਾਂ ਸੰਦੇਸ਼ਾਂ ਨੂੰ ਵਿਸ਼ਵ ਵਿਚ ਪੁਜਦਾ ਕਰੀਏ। ਕੇਵਲ ਜਲੂਸ ਦੀਵਾਨਾਂ ਤਕ ਨਾ ਰਹਿ ਜਾਈਏ। ਮੈਨੂੰ ਖੁਸ਼ੀ ਹੈ ਕਿ ਮੇਰੇ ਸੁਝਾਅ 'ਤੇ ਆਨੰਦਪੁਰ ਸਾਹਿਬ ਵਿਚ 77 ਫੁੱਟ ਉੱਚਾ ਖੰਡਾ ਸਥਾਪਤ ਹੋ ਗਿਆ ਹੈ। ਸ਼ਕਤੀ ਦਾ ਪ੍ਰਤੀਕ ਇਹ ਖੰਡਾ ਹਰ ਥਾਂ ਨਜ਼ਰ ਆਏਗਾ। ਲੇਜ਼ਰ ਸ਼ੋਅ ਜਾਂ ਲਾਈਟ ਐਂਡ ਸਾਊਂਡ ਸ਼ੋਅ ਇਥੇ ਸਥਾਈ ਤੌਰ 'ਤੇ ਵਿਖਾਏ ਜਾਣਗੇ। ਅੱਜ ਦੇ ਯੁੱਗ ਵਿਚ ਪ੍ਰਚਾਰ ਦੇ ਸਾਰੇ ਵਸੀਲੇ ਵਰਤ ਕੇ ਆਪਣੇ ਇਤਿਹਾਸ ਅਤੇ ਵਿਰਸੇ ਨੂੰ ਉਜਾਗਰ ਕਰਨ ਦੀ ਲੋੜ ਹੈ।

# ਸਿਖਾਂ ਵਿਚ ਧਾਰਮਿਕ ਏਕਤਾ ਜ਼ਰੂਰੀ

ਦਿੱਲੀ ਵਿਚ ਇਕ ਸੈਮੀਨਾਰ "ਸਿਖਾਂ ਵਿਚ ਧਾਰਮਿਕ ਏਕਤਾ ਜ਼ਰੂਰੀ" ਵਿਸ਼ੇ 'ਤੇ ਹੋਇਆ ਜਿਸ ਵਿਚ ਉਘੇ ਵਿਦਵਾਨ ਸ਼ਾਮਲ ਸਨ। ਕੇਸ ਸੰਭਾਲ ਸੰਸਥਾ ਵੱਲੋਂ ਇਕ ਉਪਰਾਲਾ ਕੀਤਾ ਗਿਆ, ਸਾਰਾ ਦਿਨ ਸਿਖ ਏਕਤਾ ਕਿਵੇਂ ਹੋਵੇ 'ਤੇ ਕਈ ਵਖਿਆਨ ਹੋਏ, ਮੈਂ ਵੀ ਆਪਣੇ ਵਿਚਾਰ ਰੱਖੇ। ਅੱਜ ਤੱਕ ਇਕ ਬੁਨਿਆਦੀ ਮਸਲਾ ਹੀ ਠੀਕ ਤਰੀਕੇ ਨਾਲ ਅਸੀਂ ਸਪਸ਼ਟ ਨਹੀਂ ਕਰ ਪਾਏ। ਏਕਤਾ ਤੋਂ ਕੀ ਭਾਵ ਹੈ। ਆਮ ਕਰਕੇ ਇਕੋ ਖਿਆਲ ਸੋਚਿਆ ਜਾਂਦਾ ਹੈ ਕਿ ਸਿਆਸੀ ਏਕਤਾ ਹੋਵੇ। ਹਰ ਸਟੇਜ ਤੋਂ ਜਦ ਸਿਧਾਂਤ ਦੀ ਵਿਆਖਿਆ ਹੁੰਦੀ ਹੈ ਤਾਂ ਧਰਮ ਤੇ ਸਿਆਸਤ ਦਾ ਸੁਮੇਲ ਦੱਸਿਆ ਜਾਂਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਏਕਤਾ ਸਿਆਸੀ ਵੀ ਤੇ ਧਾਰਮਿਕ ਵੀ ਹੋਵੇ। ਅੱਜ ਦੇ ਯੁੱਗ ਵਿਚ ਰਾਜਸੀ ਵਿਚਾਰਾਂ ਦੀ ਅਜ਼ਾਦੀ ਹਰ ਇਕ ਨੂੰ ਹੈ, ਮਿਸਲਾਂ ਦਾ ਸਮਾਂ ਸਿਖ ਇਤਿਹਾਸ ਦਾ ਸੁਹਾਵਣਾ ਤੇ ਚੜ੍ਹਤ ਵਾਲਾ ਸੀ। ਮਿਸਲ ਸਰਦਾਰ ਵੱਖ ਵੱਖ ਇਲਾਕਿਆਂ ਦੇ ਹੁਕਮਰਾਨ ਸਨ, ਉਨ੍ਹਾਂ ਨੇ ਮੁਗਲ ਰਾਜ ਦੇ ਜ਼ੁਲਮ ਬੰਦ ਕੀਤੇ ਤੇ ਪੰਜਾਬ ਨੂੰ ਅਜ਼ਾਦ ਕਰਵਾਇਆ, ਉਨ੍ਹਾਂ ਵਿਚ ਏਕਤਾ ਵੱਡੀ ਲੋੜ ਸੀ, ਇਸ ਲਈ ਉਹ ਅਕਾਲ ਤਖ਼ਤ 'ਤੇ ਇੱਕਠੇ ਹੋ ਕੇ ਆਪਣੇ ਝਗੜੇ ਨਜਿੱਠਦੇ ਸਨ। 1780 ਵਿਚ ਮਿਸਲ ਸਰਦਾਰ ਦਿੱਲੀ 'ਤੇ ਕਾਬਜ ਹੋਏ ਪਰ ਛੇਤੀ ਉਥੋਂ ਵਾਪਸ ਆ ਗਏ। ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਆਪਣੇ ਵਸ ਵਿਚ ਕਰਕੇ ਪੰਜਾਬ ਦਾ ਰਾਜ ਕਾਇਮ ਕੀਤਾ ਤੇ 1801 ਵਿਚ ਰਾਜ ਤਿਲਕ ਲੈ ਲਿਆ। ਉਸ ਸਮੇਂ ਪਟਿਆਲਾ, ਨਾਭਾ, ਫਰੀਦਕੋਟ, ਜੀਂਦ ਮਿਸਲਾਂ ਵਿਰੁੱਧ ਹੋ ਗਈਆਂ ਤੇ ਅੰਗਰੇਜ਼ਾਂ ਨਾਲ ਮਿਲ ਗਈਆਂ, ਏਕਤਾ ਨਾ ਹੋ ਸਕੀ। ਫਿਰ 1849 ਵਿਚ ਅੰਗਰੇਜ਼ ਰਾਜ ਆ ਗਿਆ ਤੇ ਸਿਖ ਉਥੇ ਸਮਾਂ ਕੱਟਦੇ ਰਹੇ। 1900 ਵਿਚ ਏਕਤਾ ਹੋਈ ਤੇ ਖਾਲਸਾ ਕਾਲਜ ਤੇ ਸਕੂਲ ਕਾਇਮ ਹੋਏ। ਫਿਰ ਏਕਤਾ ਹੋਈ ਤੇ ਮਹੰਤ ਕੱਢ ਕੇ ਗੁਰਦੁਆਰੇ ਅਜ਼ਾਦ ਕਰਵਾਏ ਗਏ। 1925 ਵਿਚ ਸ਼ੋ੍ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ ਤੇ ਸ਼ੋ੍ਮਣੀ ਅਕਾਲੀ ਦਲ ਹੋਂਦ ਵਿਚ ਆਇਆ।

ਏਕਤਾ ਦਾ ਪੂਰਾ ਨਜ਼ਾਰਾ ਸੀ। 1936 ਵਿਚ ਪਹਿਲੀ ਵਾਰ ਅਸੈਂਬਲੀ ਤੇ ਸੈਂਟਰਲ ਅਸੈਂਬਲੀ ਬਣੀਆਂ ਤੇ ਚੋਣਾਂ ਹੋਈਆਂ, ਕਈ ਸਿਖ ਉਮੀਦਵਾਰ ਖੜ੍ਹੇ ਹੋਏ, ਕਈ ਨਵੇਂ ਗਰੁੱਪ ਵੀ ਉੱਭਰੇ, ਪਰ ਅਕਾਲੀ ਪਾਰਟੀ ਦਾ ਪੂਰਾ ਜ਼ੋਰ ਰਿਹਾ। 1942 ਵਿਚ ਅਕਾਲੀਆਂ ਦਾ ਇਕ ਧੜਾ ਕਾਂਗਰਸ ਨਾਲ ਜਾ ਮਿਲਿਆ, 1945 ਵਿਚ ਮੁੜ ਚੋਣਾਂ ਹੋਈਆਂ ਅਕਾਲੀ ਜਿੱਤੇ ਪਰ ਕਈ ਧੜੇ ਵੱਖ ਲੜੇ। ਜੇ ਕੋਈ ਇਤਿਹਾਸਿਕ ਸਿਖ ਏਕਤਾ ਦਾ ਪ੍ਰਤੱਖ ਸਬੂਤ ਹੈ ਤਾਂ ਉਹ ਦੇਸ਼ ਦੀ ਆਜ਼ਾਦੀ ਤੇ ਵੰਡ ਸਮੇਂ ਸਾਰੇ ਸਿਖ ਲੀਡਰ ਅਕਾਲ ਤਖ਼ਤ ਤੇ ਫਿਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਇੱਕਠੇ ਹੋਏ, ਸਭ ਨੇ ਪਾਕਿਸਤਾਨ ਵਿਰੁੱਧ ਮਤਾ ਪਾਸ ਕੀਤਾ, ਕਈ ਸਕੀਮਾਂ ਉਸ ਵਕਤ ਪੰਥਕ ਨਾਹਰੇ ਬਣੇ। ਅਜ਼ਾਦ ਪੰਜਾਬ ਦੀ ਮੰਗ ਵੀ ਆਈ, ਇਹ ਇਤਿਹਾਸਿਕ ਫੈਸਲਾ ਸਿਖ ਏਕਤਾ ਕਰਕੇ ਲੀਡਰਾਂ ਨੇ ਲਿਆ ਕਿ ਅਸੀਂ ਭਾਰਤ ਨਾਲ ਰਹਾਂਗੇ, ਤੇ ਉਸ ਅਨੁਸਾਰ ਪਾਕਿਸਤਾਨ ਤੋਂ ਸਿਖ ਨਿਕਲ ਕੇ ਭਾਰਤ ਆਏ।

1947 ਪਿਛੋਂ ਇਹੋ ਜਹੀ ਰਾਜਸੀ ਏਕਤਾ ਨਜ਼ਰ ਨਹੀਂ ਆਈ। ਹਰ ਚੋਣ ਵਿਚ ਅਕਾਲੀ-ਕਾਂਗਰਸ ਕਮਿਊਨਿਸਟ ਉਮੀਦਵਾਰ ਸਿਖਾਂ ਵਿਚ ਆਏ, ਅੱਜ ਤੱਕ ਰਾਜਸੀ ਏਕਤਾ ਕਿਸੇ ਮਸਲੇ 'ਤੇ ਨਜ਼ਰ ਨਹੀਂ ਆਈ। 1966 ਵਿਚ ਜਦ ਪੰਜਾਬੀ ਸੂਬੇ ਦੀ ਮੰਗ ਭਾਰਤ ਸਰਕਾਰ ਨੇ ਪਰਵਾਨ ਕਰਕੇ ਪੰਜਾਬ ਨੂੰ ਵੰਡ ਦਿੱਤਾ ਤਾਂ ਇਸ ਦਾ ਹਰਿਆਣਾ ਤੇ ਹਿਮਾਚਲ ਦੇ ਸਿਖਾਂ ਨੇ ਡਟ ਕੇ ਵਿਰੋਧ ਕੀਤਾ, ਪੰਜਾਬ ਵਿਚ ਵੀ ਸਿਖ ਕਦੇ ਅਕਾਲੀ ਕਦੇ ਕਾਂਗਰਸ ਸਰਕਾਰ ਨੂੰ ਕਾਇਮ ਕਰਦੇ ਹਨ, ਕਿਹੜੀ ਰਾਜਸੀ ਏਕਤਾ ਅਸੀਂ ਸਾਹਮਣੇ ਰੱਖਦੇ ਹਾਂ ? ਪੰਜਾਬ ਤੋਂ ਬਾਹਰ ਹਰ ਸੂਬੇ ਵਿਚ ਸਿਖ ਵਸਦੇ ਹਨ, ਉਹ ਉਥੋਂ ਦੀਆਂ ਰਾਜਸੀ ਪਾਰਟੀਆਂ ਨਾਲ ਜੁੜਦੇ ਹਨ। ਸਿਖ ਕੀ ਕਰਨ ਉਨ੍ਹਾਂ ਆਪਣੀ ਮਦਦ ਉਨ੍ਹਾਂ ਰਾਜਸੀ ਲੀਡਰਾਂ ਤੋਂ ਲੈਣੀ ਹੈ। ਮੈਂ ਦੇਸ਼ ਭਰ ਵਿਚ ਘੁੰਮਦਾ ਰਿਹਾ ਹਾਂ, ਮਿਨਾਰਟੀ ਕਮਿਸ਼ਨ ਦੇ ਚੇਅਰਮੈਨ ਹੋਣ ਕਰਕੇ ਹਰ ਸੂਬੇ ਵਿਚ ਸਿਖਾਂ ਨੂੰ ਮਿਲਿਆ, ਉਹ ਹਰ ਖੇਤਰੀ ਪਾਰਟੀ ਵਿਚ ਸ਼ਾਮਿਲ ਹਨ। ਜੋ ਸਿਖ ਵਿਦੇਸ਼ਾਂ ਵਿਚ ਵਸਦੇ ਹਨ, ਉਹ ਉਥੋਂ ਦੀਆਂ ਪਾਰਟੀਆਂ ਵਿਚ ਸ਼ਾਮਿਲ ਹਨ। ਜਦੋਂ ਕੈਨੇਡਾ ਵਿਚ ਚੋਣਾਂ ਹੋਈਆਂ, 32 ਸਿਖ ਉਮੀਦਵਾਰ ਸਨ ਵੱਖ ਵੱਖ ਪਾਰਟੀਆਂ ਵੱਲੋਂ, ਉਨ੍ਹਾਂ ਵਿਚੋਂ 8 ਜਿੱਤੇ, ਵੱਖੋ ਵੱਖ ਟਿਕਟਾਂ 'ਤੇ। ਇੰਗਲੈਂਡ ਵਿਚ ਸਿਖ ਲੇਬਰ, ਕੰਨਜ਼ਰਵੇਟਿਵ ਤੇ ਲਿਬਰਲ ਪਾਰਟੀਆਂ ਵਿਚ ਹਨ। ਭਾਵ ਇਹ ਹੈ ਕਿ ਹਰ ਸਿਖ ਆਜ਼ਾਦੀ ਨਾਲ ਆਪਣੀ ਵੋਟ ਪਾਉਂਦਾ ਹੈ। ਕਿਧਰੇ

ਅੱਜ ਤੱਕ ਨਹੀਂ ਹੋਇਆ ਕਿ ਸਾਰੇ ਸਿਖ ਇਕ ਰਾਜਸੀ ਪਾਰਟੀ ਨਾਲ ਖੜ੍ਹੇ ਹੋਏ ਹੋਣ। ਇਸ ਨਾਲ ਇਹ ਵਿਚਾਰ ਸਾਫ ਹੈ ਕਿ ਸਿਖਾਂ ਵਿਚ ਕਿਸੇ ਪ੍ਰਕਾਰ ਦੀ ਰਾਜਸੀ ਏਕਤਾ ਦੀ ਸੰਭਾਵਨਾ ਹੀ ਨਹੀਂ। ਅਸੀਂ ਜਿਸ ਏਕਤਾ ਦੀ ਮੰਗ ਕਰਦੇ ਹਾਂ। ਹਰ ਕੋਈ ਏਕਤਾ ਦਾ ਨਾਅਰਾ ਦਿੰਦਾ ਹੈ ਪੰਥ ਇੱਕਠਾ ਹੋਵੇ, ਪਰ ਦੱਸਦੇ ਨਹੀਂ ਕੀ ਏਜੰਡਾ ਹੈ, ਕੀ ਚਾਹੁੰਦੇ ਹੋ, ਮੇਰੇ ਵਿਚਾਰ ਵਿਚ ਕਈ ਮੁੱਦੇ ਹਨ, ਜਿਸ 'ਤੇ ਸਾਰੇ ਇੱਕਠੇ ਹੋ ਸਕਦੇ ਹਨ। ਵੱਖ-ਵੱਖ ਰਾਜਸੀ ਵਿਚਾਰ ਵਾਲੇ ਵੀ ਇੱਕ ਥਾਂ ਬੈਠ ਕੇ ਸਿਖ ਮਸਲੇ 'ਤੇ ਵਿਚਾਰ ਕਰ ਸਕਦੇ ਹਾਂ। ਬਦਕਿਸਮਤੀ ਇਹ ਹੈ ਕਿ ਅੱਜ ਤੱਕ ਕਿਸੇ ਸੰਸਥਾ ਨੇ ਕੋਈ ਇਹੋ ਜਿਹਾ ਇੱਕਠ ਹੀ ਨਹੀਂ ਬੁਲਾਇਆ। ਪਿਛਲੇ 50 ਸਾਲ ਵਿਚ ਸਿਖ ਮਸਲੇ ਤੇ ਇਕਸੁਰਤਾ ਲਿਆਉਣ ਲਈ ਕੋਈ ਉਪਰਾਲਾ ਨਹੀਂ ਹੋਇਆ। ਅਕਾਲ ਤਖ਼ਤ ਵੱਲੋਂ ਹੁਕਮਨਾਮੇ ਤਾਂ ਨਿਕਲਦੇ ਹਨ ਪਰ ਏਕਤਾ ਦੀ ਮੀਟਿੰਗ ਕਦੇ ਨਹੀਂ ਹੋਈ। ਐਸ.ਜੀ.ਪੀ.ਸੀ. ਨੂੰ ਸਿਰਮੌਰ ਸਿਖ ਸੰਸਥਾ ਮੰਨਦੇ ਹਾਂ। ਉਥੇ ਵਸੀਲੇ ਵੀ ਹਨ ਪਰ ਇਸ ਬਾਰੇ ਐਕਸ਼ਨ ਨਹੀਂ ਹੈ। ਦਿੱਲੀ ਸਿਖ ਗੁਰਦੁਆਰਾ ਕਮੇਟੀ ਹੀ ਐਸ.ਜੀ.ਪੀ.ਸੀ. ਵਿਰੁੱਧ ਖੜ੍ਹੀ ਹੈ। ਏਕਤਾ ਦੇ ਨਾਅਰੇ ਲਾਉਣ ਵਾਲੇ ਪਹਿਲਾਂ ਗੁਰਦੁਆਰਾ ਕਮੇਟੀਆਂ ਨੂੰ ਹੀ ਇੱਕ ਸੁਰ ਵਿਚ ਲਿਆਉਣ। ਇੱਕਠੇ ਬੈਠ ਕੇ ਸਿਖੀ ਪ੍ਰਚਾਰ ਦਾ ਏਜੰਡਾ ਬਣਾਉਣ। ਹਰ ਇਕ ਜ਼ੁੰਮੇ ਕੰਮ ਸੌਂਪਿਆ ਹੋਵੇ। ਇਹ ਏਕਤਾ ਜਦ ਹੋ ਗਈ ਤਾਂ ਠੀਕ ਆਰੰਭ ਹੋਵੇਗਾ। ਰਹਿਤ ਮਰਿਯਾਦਾ ਬਾਰੇ ਏਕਤਾ ਦੂਜਾ ਮਸਲਾ ਹੈ, ਤਖ਼ਤਾਂ 'ਤੇ ਇਕ ਮਰਿਯਾਦਾ ਏਜੰਡਾ ਹੈ। ਵੱਡੀ ਏਕਤਾ ਸਿਖ ਸੰਪਰਦਾਵਾਂ ਵਿਚ ਹੋਣੀ ਚਾਹੀਦੀ ਹੈ, ਗੁਰੂ ਨਾਨਕ ਨਾਮ ਲੇਵਾ ਕਰੋੜਾਂ ਹਨ, ਅਸੀਂ ਉਨ੍ਹਾਂ ਦੀ ਕਦਰ ਨਹੀਂ ਕਰਦੇ, ਕੌਣ ਗਲੇ ਲਾਵੇਗਾ। ਨਿਰਮਲੇ, ਨਾਮਧਾਰੀ ਪੂਰੀ ਤਰ੍ਹਾਂ ਸਿਖੀ ਵਿਚ ਰੰਗੇ ਹਨ। ਬਾਬਾ ਸ੍ਰੀ ਚੰਦ ਦੇ ਉਦਾਸੀ ਮਤ ਵਾਲੇ ਗੁਰੂ ਨਾਨਕ ਦਾ ਜਸ ਗਾਉਂਦੇ ਹਨ। ਸਿੰਧੀ ਕੇਵਲ ਗੁਰੂ ਨਾਨਕ ਦੇਵ ਨੂੰ ਹੀ ਆਪਣਾ ਇਸ਼ਟ ਮੰਨਦੇ ਹਨ। ਅਸੀਂ ਡਰਦੇ ਹਾਂ ਕਿਧਰੇ ਗੁਰਦੁਆਰਾ ਕਮੇਟੀ 'ਤੇ ਉਹ ਕਬਜ਼ਾ ਨਾ ਕਰ ਜਾਣ। ਉਹ ਡਰਦੇ ਹਨ ਕਿ ਉਨ੍ਹਾਂ ਦੇ ਧਾਰਮਿਕ ਅਸਥਾਨ 'ਤੇ ਅਸੀਂ ਕਾਬਜ਼ ਨਾ ਹੋ ਜਾਈਏ। ਕੌਣ ਇਹ ਦੁਬਿਧਾ ਦੂਰ ਕਰੇਗਾ? ਵਿਦੇਸ਼ਾਂ ਦੇ ਸਿਖਾਂ ਲਈ ਪਗੜੀ ਦਾ ਮਸਲਾ, ਸਿਖ ਸਿਧਾਂਤ ਤੇ ਉਨ੍ਹਾਂ ਦੀ ਰੱਖਿਆ, ਬਲੈਕ ਲਿਸਟ ਕਿਵੇਂ ਖਤਮ ਹੋਵੇ, ਇਸ ਲਈ ਸਾਰੀਆਂ ਪਾਰਟੀਆਂ ਦੇ ਸਿਖ ਮੈਂਬਰ ਪਾਰਲੀਮੈਂਟ ਨੂੰ ਅਕਾਲ ਤਖ਼ਤ 'ਤੇ ਬੁਲਾਇਆ ਜਾਵੇ, ਉਨ੍ਹਾਂ ਜ਼ੁੰਮੇ ਲਗਾਓ ਕਿ ਅਨੰਦ ਮੈਰਿਜ ਐਕਟ ਪਾਸ ਕਰਾਉਣ ਦੇ ਨਾਲ ਧਾਰਾ 25 ਦੀ ਤਰਮੀਮ ਕਰਵਾਉਣ

ਤਾਂ ਜੋ ਸਿਖ ਵੱਖਰਾ ਧਰਮ ਦੀ ਮਾਨਤਾ ਹੋਵੇ। ਸਿਖ ਪਾਰਲੀਮੈਂਟ ਮੈਂਬਰਾਂ ਵਿਚ ਏਕਤਾ ਕੌਮ ਦੇ ਮਸਲੇ ਹੱਲ ਕਰਵਾਏਗੀ। ਏਕਤਾ ਦੀ ਲੋੜ ਹੈ, ਪੰਜਾਬੀ ਬੋਲੀ ਨੂੰ ਯੋਗ ਸਥਾਨ ਦਿਵਾਉਣ ਲਈ। ਸੂਬਿਆਂ ਦੇ ਸਿਖ ਐਮ.ਐਲ.ਏ. ਬੁਲਾਓ ਤੇ ਉਨ੍ਹਾਂ ਜ਼ੁੰਮੇ ਲਗਾਓ ਕਿ ਆਪਣੇ ਸੂਬੇ ਦੀ ਸਰਕਾਰ 'ਤੇ ਅਸਰ ਪਾਉਣ। ਬੜੇ ਮਸਲੇ ਹਨ ਜਿਹਨਾਂ ਲਈ ਯੋਗ ਇੱਕਠ ਹੋਣ, ਬੁਲਾਏ ਕੌਣ ? ਸ਼੍ਰੋਮਣੀ ਕਮੇਟੀ ਨਿਰਪੱਖ ਹੋ ਕੇ ਅੱਗੇ ਆਵੇ। ਸਿਖ ਵਿਦਵਾਨਾਂ ਦੀ ਕਦੇ ਮੀਟਿੰਗ ਨਹੀਂ ਹੋਈ, ਗੁਰਦੁਆਰਾ ਪ੍ਰਬੰਧ ਲਈ ਚੋਣਾਂ ਦਾ ਤਰੀਕਾ ਬੜਾ ਨੁਕਸਾਨ ਕਰ ਰਿਹਾ ਹੈ। ਵਿਦੇਸ਼ਾਂ ਵਿਚ ਲੜਾਈਆਂ ਹੋ ਰਹੀਆਂ ਹਨ। ਇਸ 'ਤੇ ਏਕਤਾ ਹੋਵੇ, ਵਿਚਾਰ ਦੀ ਲੋੜ ਹੈ।

ਏਕਤਾ ਏਕਤਾ ਕਹੀ ਜਾਣਾ ਕੋਈ ਯੋਗ ਉਪਰਾਲਾ ਨਾ ਕਰਨਾ, ਕਦ ਤੱਕ ਆਪਣੇ ਆਪ ਨੂੰ ਧੋਖਾ ਦਿੰਦੇ ਰਹਾਂਗੇ। ਅੱਜ ਸਿਖ ਇਸ ਮਸਲੇ ਨੂੰ ਪਹਿਲਾਂ ਸਮਝਣ, ਹਵਾਈ ਕਿਲ੍ਹੇ ਨਾ ਉਸਾਰੋ। ਜੋ ਹੋ ਹੀ ਨਹੀਂ ਸਕਦਾ ਉਸ 'ਤੇ ਕਿਉਂ ਨਹੀਂ ਮੁੜ ਸੋਚਦੇ। ਯਹੂਦੀਆਂ ਦੀ ਮਿਸਾਲ ਹੀ ਲੈ ਲਵੋ, ਕਿਵੇਂ ਇੱਕਠੇ ਹਨ, ਇਜ਼ਰਾਈਲ ਉਨ੍ਹਾਂ ਦਾ ਦੇਸ਼ ਹੈ, ਉਥੇ ਰਾਜਸੀ ਨਿਯਮ ਕਿਵੇਂ ਕਾਇਮ ਹੈ। ਪਰ ਏਕਤਾ ਵਿਸ਼ਵ ਭਰ ਵਿਚ ਹੈ। ਸਾਨੂੰ ਖੁੱਲ੍ਹ ਕੇ ਆਪਣੇ ਵਿਚਾਰ ਦੇਣੇ ਚਾਹੀਦੇ ਹਨ।

# ਚੰਡੀਗੜ੍ਹ ਵਿਚ ਪੰਜਾਬੀਅਤ ਅਣਡਿੱਠ

ਚੰਡੀਗੜ੍ਹ ਵਿਚ ਇਕ ਸਮਾਗਮ ਹੋਇਆ, ਬੜੀ ਸ਼ਾਨ ਸੀ। ਡਾ. ਮਨਮੋਹਨ ਸਿੰਘ, ਪ੍ਰਧਾਨ ਮੰਤਰੀ ਨੇ ਇਸ ਦੀ ਪ੍ਰਧਾਨਗੀ ਕੀਤੀ। ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਤੇ ਭੁਪਿੰਦਰ ਸਿੰਘ ਹੁੱਡਾ, ਮੁੱਖ ਮੰਤਰੀ ਹਰਿਆਣਾ ਉਨ੍ਹਾਂ ਨਾਲ ਖੜ੍ਹੇ ਸਜ ਰਹੇ ਸਨ। ਉਥੇ ਪ੍ਰਧਾਨ ਮੰਤਰੀ ਨੇ ਚੰਡੀਗੜ੍ਹ ਦੇ ਯੂ.ਟੀ. ਦੇ ਅਫਸਰਾਂ ਨੂੰ ਸ਼ਾਬਾਸ਼ ਦਿੱਤੀ ਕਿ ਉਨ੍ਹਾਂ ਨੇ ਚੰਡੀਗੜ੍ਹ ਵਿਚ ਵਸਦੇ ਝੁੱਗੀ ਵਾਲਿਆਂ ਨੂੰ ਪਿੰਡਾਂ ਵਿਚ 20 ਹਜ਼ਾਰ ਘਰ ਬਣਾ ਕੇ ਦਿੱਤੇ ਹਨ। ਉਨ੍ਹਾਂ ਬੇਘਰਾਂ ਨੂੰ ਉਥੇ ਮਾਲਕਾਨਾ ਕਾਗਜ਼ ਵੰਡੇ। ਕਿਤਨੀ ਵੱਡੀ ਪ੍ਰਾਪਤੀ ਹੈ, ਭਾਰਤ ਸਰਕਾਰ ਦੀ ਕਿ ਗਰੀਬਾਂ ਨੂੰ ਪੱਕੇ ਮਕਾਨ ਦਿੱਤੇ ਜਾ ਰਹੇ ਹਨ। ਕਦੇ ਕਿਸੇ ਪੰਜਾਬ ਦੇ ਲੀਡਰ ਜਾਂ ਪੰਜਾਬ ਦਾ ਦਰਦ ਰੱਖਣ ਵਾਲੇ ਨੇ ਇਸ ਦਾ ਅਨੁਭਵ ਹੀ ਨਹੀਂ ਕੀਤਾ। ਹਰ ਸਾਲ ਚੰਡੀਗੜ੍ਹ ਦੁਆਲੇ ਵਸਦੇ ਪਿੰਡਾਂ ਵਿਚ ਸਰਕਾਰ ਕਿਸਾਨਾਂ ਤੋਂ ਜ਼ਮੀਨ ਲੈ ਕੇ ਉਥੇ ਯੂ.ਪੀ., ਬਿਹਾਰ, ਬੰਗਲਾ ਦੇਸ਼ ਦੇ ਆਏ ਲੋਕਾਂ ਨੂੰ ਵਸਾ ਰਹੀ ਹੈ। ਇਹ ਪਿੰਡ ਉਹ ਹਨ ਜੋ ਪਹਿਲਾਂ ਰੋਪੜ ਜ਼ਿਲ੍ਹੇ ਵਿਚ ਹੁੰਦੇ ਸਨ। 1966 ਵਿਚ ਜਦ ਵੱਡੀ ਐਜੀਟੇਸ਼ਨ ਪਿਛੋਂ ਪੰਜਾਬੀਆਂ ਨੇ ਹਰਿਆਣਾ ਅਤੇ ਹਿਮਾਚਲ ਬਣਾ ਕੇ ਦੇ ਦਿੱਤੇ, ਉਸ ਸਮੇਂ ਚੰਡੀਗੜ੍ਹ ਨੂੰ ਸਾਂਝਾ ਰੱਖ ਲਿਆ ਗਿਆ ਕਿ ਇਸ ਦਾ ਫੈਸਲਾ ਹਾਲੀਂ ਨਹੀਂ ਕੀਤਾ ਜਾ ਸਕਦਾ। ਇਸ ਦੇ ਦੁਆਲੇ ਸਾਰੇ ਪਿੰਡ, ਜਿਨ੍ਹਾਂ ਵਿਚ ਸਿਖਾਂ ਦੀ ਅਬਾਦੀ ਹੈ, ਨਾਲ ਲਗਾ ਦਿੱਤੇ ਤਾਂ ਜੋ ਸ਼ਹਿਰੀਆਂ ਦੀਆਂ ਲੋੜਾਂ ਨੂੰ ਪੂਰਾ ਕਰ ਸਕਣ। ਕਾਨੂੰਨ ਅਨੁਸਾਰ ਚੰਡੀਗੜ੍ਹ ਇਕ ਅਮਾਨਤ ਹੈ ਭਾਰਤ ਸਰਕਾਰ ਕੋਲ, ਇਸ ਵਿਚ ਆਬਾਦੀ ਦਾ ਵਾਧਾ ਕਰਨ ਦਾ ਅਧਿਕਾਰ ਨਹੀਂ ਹੈ। ਸਰਕਾਰ ਨੇ ਇਸ ਵਿਚ ਸਾਰੇ ਅਫਸਰ ਡੈਪੂਟੇਸ਼ਨ ਤੇ ਲਏ ਤਾਂ ਜੋ ਆਪਣਾ ਪੱਕਾ ਕਾਡਰ ਨਾ ਬਣਾ ਸਕਣ। ਗਵਰਨਰ ਪੰਜਾਬ ਇਸ ਦਾ ਮੁੱਖੀ ਹੈ। ਉਸ ਦੇ ਨਾਲ ਇਕ ਐਡਵਾਈਜ਼ਰ (ਭਾਵ ਮੁੱਖ ਮੰਤਰੀ) ਦਿੱਲੀ ਸਟੇਟ ਤੋਂ ਹਮੇਸ਼ਾ ਆਉਂਦਾ ਹੈ। ਹਾਈ ਕੋਰਟ ਸਾਂਝੀ ਹੈ। ਪੰਜਾਬ ਯੂਨੀਵਰਸਿਟੀ ਹੁਣ ਪੰਜਾਬ ਨੂੰ ਦਿੱਤੀ ਗਈ ਹੈ। ਹਾਲਾਂ ਕਿ ਇਸ ਕੋਲ ਵਾਈਸ ਚਾਂਸਲਰ ਜਾਂ ਸੈਨੇਟ ਬਣਾਉਣ ਦਾ ਕੋਈ ਅਧਿਕਾਰ

ਨਹੀਂ ਹੈ। ਪੰਜਾਬ ਦੀ ਹਮੇਸ਼ਾ ਮੰਗ ਰਹੀ ਹੈ ਕਿ ਚੰਡੀਗੜ੍ਹ ਇਸ ਨੂੰ ਮਿਲ ਜਾਵੇਗਾ। 1985 ਵਿਚ ਰਾਜੀਵ ਲੌਂਗੋਵਾਲ ਸੰਧੀ ਅਨੁਸਾਰ ਇਹ ਪੰਜਾਬ ਨੂੰ ਮਿਲ ਜਾਣਾ ਸੀ ਪਰ ਉਸ ਵਕਤ ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਆਪਣੀ ਕੁਰਸੀ ਨੂੰ ਕਾਇਮ ਰੱਖਣ ਲਈ ਇਥੇ ਆ ਕੇ ਥਿੜ੍ਹਕ ਗਏ। ਪਿਛਲੇ 47 ਸਾਲ ਤੋਂ ਚੰਡੀਗੜ੍ਹ ਦਾ ਪਸਾਰ ਹੋ ਰਿਹਾ ਹੈ। ਜਿਥੇ ਕੇਵਲ 28 ਸੈਕਟਰ ਸਨ, ਹੁਣ 50 ਤੋਂ ਵੱਧ ਹੋ ਗਏ ਹਨ। ਇਹ ਕਰਨ ਲਈ ਆਲੇ-ਦੁਆਲੇ ਦੇ ਪਿੰਡ ਉਜਾੜੇ ਗਏ। ਉਹ ਉਥੋਂ ਉਠ ਕੇ ਪੰਜਾਬ ਦੇ ਇਲਾਕੇ ਵਿਚ ਜਾ ਕੇ ਵਸ ਗਏ। ਮੈਨੂੰ ਯਾਦ ਹੈ ਜਦ ਮੈਂ ਭਾਰਤ ਸਰਕਾਰ ਦੇ ਨੈਸ਼ਨਲ ਮਿਨਾਰਟੀਜ਼ ਕਮਿਸ਼ਨ ਦਾ ਚੇਅਰਮੈਨ ਸੀ, ਉਸ ਵਕਤ ਅੰਗਰੇਜ਼ ਸਿੰਘ, ਪ੍ਰਧਾਨ ਪਿੰਡ ਬਚਾਓ ਕਮੇਟੀ ਨੇ ਮੇਰੇ ਕੋਲ ਇਕ ਪਟੀਸ਼ਨ ਪਾਈ ਸੀ। ਮੈਂ ਉਸ ਬਾਰੇ ਚੰਡੀਗੜ੍ਹ ਐਡਮਨਿਸਟਰੇਟਰ ਨੂੰ ਨੋਟਿਸ ਭੇਜਿਆ ਕਿ ਸਾਰੇ ਕਾਗਜ਼ ਲੈ ਕੇ ਆਉਣ। ਇਹ ਕਾਨੂੰਨੀ ਮਸਲਾ ਬਣ ਗਿਆ ਕਿ ਐਡਮਨਿਸਟਰੇਟਰ ਗਵਰਨਰ ਹੈ ਤੇ ਉਸ ਨੂੰ ਕੋਈ ਵੀ ਨਹੀਂ ਬੁਲਾ ਸਕਦਾ। ਉਸ ਨੇ ਐਡਵਾਈਜ਼ਰ, ਜੋ ਇਕ ਇਸਤਰੀ ਹੁੰਦੀ ਸੀ, ਨੂੰ ਮੀਟਿੰਗ ਵਿਚ ਭੇਜਿਆ। ਉਸ ਵਕਤ ਇਨ੍ਹਾਂ ਪਿੰਡਾਂ ਵਾਲਿਆਂ ਨੂੰ ਜ਼ਮੀਨ ਬਦਲੇ ਚੰਡੀਗੜ੍ਹ ਵਿਚ ਪਲਾਟ ਜਾਂ ਮਕਾਨ ਦੇਣ ਦਾ ਫੈਸਲਾ ਹੋਇਆ ਸੀ। ਚੰਡੀਗੜ੍ਹ ਦੇ ਅਫਸਰਾਂ ਨੇ ਬੜੀ ਵਿਉਂਤ ਨਾਲ ਪੰਜਾਬੀ ਬੋਲਦੇ ਪਿੰਡ ਖ਼ਤਮ ਕਰ ਦਿੱਤੇ ਹਨ। ਚੰਡੀਗੜ੍ਹ ਸ਼ਹਿਰ ਵਿਚ ਮਜ਼ਦੂਰੀ ਦੀ ਭਾਲ ਵਿਚ ਹਜ਼ਾਰਾਂ ਪਰਿਵਾਰ ਆ ਕੇ ਵਸ ਗਏ, ਉਨ੍ਹਾਂ ਨੇ ਝੁੱਗੀਆਂ ਬਣਾ ਕੇ ਬੜੀ ਸਰਕਾਰੀ ਥਾਂ ਮੱਲ ਲਈ ਸੀ। ਸ਼ਹਿਰ ਨੂੰ ਸੁੰਦਰ ਰੱਖਣ ਦੇ ਬਹਾਨੇ ਸਰਕਾਰ ਨੇ ਯੋਜਨਾ ਬਣਾ ਦਿੱਤੀ ਕਿ ਉਨ੍ਹਾਂ ਸਾਰਿਆਂ ਨੂੰ ਪਿੰਡਾਂ ਵਿਚ ਪੱਕੇ ਮਕਾਨ ਬਣਾ ਕੇ ਦਿੱਤੇ ਜਾਣਗੇ। ਜਿਹੜੇ ਪਿੰਡ ਬਚ ਗਏ, ਉਨ੍ਹਾਂ ਵਿਚ ਕਿਸਾਨਾਂ ਤੋਂ ਹੋਰ ਜ਼ਮੀਨ ਸਰਕਾਰ ਨੇ ਲੈ ਲਈ ਤੇ ਉਥੇ ਸਰਕਾਰ ਦੇ ਖ਼ਰਚ ਤੇ ਮਕਾਨ ਬਣਾ ਦਿੱਤੇ ਗਏ। ਇਸ ਨਾਲ ਹੁਣ ਯੂ.ਟੀ. ਦੇ ਹਰ ਪਿੰਡ ਵਿਚ ਗ਼ੈਰ ਪੰਜਾਬੀਆਂ ਦੀ ਵਸੋਂ ਵੱਧ ਰਹੀ ਹੈ। ਕਿਧਰ ਗਿਆ ਉਹ ਸੁਪਨਾ ਕਿ "ਫੁੱਲ ਗੁਲਾਬ ਦਾ, ਚੰਡੀਗੜ੍ਹ ਪੰਜਾਬ ਦਾ"। ਜਦ ਯੂ.ਟੀ. ਦੀ ਆਬਾਦੀ ਸਾਰੀ ਗ਼ੈਰ ਪੰਜਾਬੀ ਹੋ ਰਹੀ ਹੈ, ਕੌਣ ਕਹੇਗਾ ਕਿ ਉਹ ਪੰਜਾਬ ਵਿਚ ਜਾਵੇਗਾ। ਵਿਚਾਰੇ ਪੇਂਡੂ ਕਿਸਾਨ ਲੜ ਲੜਕੇ ਥੱਕ ਗਏ ਹਨ। ਕਿਸੇ ਪੰਜਾਬ ਦੇ ਲੀਡਰ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ। ਉਹ ਉਥੋਂ ਹਿਜਰਤ ਕਰਕੇ ਪੰਜਾਬ ਜਾ ਵਸੇ ਹਨ। ਮੈ ਗ਼ਰੀਬਾਂ ਨੂੰ ਮਕਾਨ ਦੇਣ ਦੇ ਹੱਕ ਵਿਚ ਹਾਂ। ਪਰ ਅਜੀਬ ਫਾਰਮੂਲਾ ਹੈ ਕਿ ਪਹਿਲਾਂ ਚੰਡੀਗੜ੍ਹ ਸ਼ਹਿਰ ਵਿਚ ਝੁੱਗੀਆਂ ਪਾਉਣ ਵਕਤ

ਅੱਖਾਂ ਮੀਚ ਲਵੋ ਫਿਰ ਉਨ੍ਹਾਂ ਨੂੰ ਉਥੋਂ ਹਟਾਉਣ ਲਈ ਮਕਾਨ ਦੇਵੋ। ਇਹ ਸਕੀਮ ਹਰ ਗ਼ਰੀਬ ਲਈ ਹੋਵੇ ਨਾ ਕਿ ਕੇਵਲ ਜੋ ਜ਼ਬਰਦਸਤੀ ਸਰਕਾਰੀ ਜ਼ਮੀਨ ਦੇ ਮਾਲਕ ਬਣ ਕੇ ਬਹਿ ਜਾਣ, ਉਨ੍ਹਾਂ ਲਈ ਹੀ। ਮੈਨੂੰ ਯਾਦ ਹੈ ਕਿ ਇਕ ਵਾਰ ਚੰਡੀਗੜ੍ਹ ਮਾਰਕੀਟ ਕਮੇਟੀ ਨੂੰ ਪੰਜਾਬੀ ਵਿਚ ਕੰਮ ਕਰਨ ਤੋਂ ਯੂ.ਟੀ. ਸਰਕਾਰ ਨੇ ਰੋਕ ਦਿੱਤਾ ਸੀ। ਇਹ ਮਸਲਾ ਮੈਂ ਮਿਨਾਰਟੀ ਕਮਿਸ਼ਨ ਵਿਚ ਲਿਆਂਦਾ ਸੀ। ਮੈਂ ਇਕ ਵਾਰ ਆਪਣੇ ਵੱਲੋਂ ਇਹ ਸੁਝਾਅ ਭਾਰਤ ਸਰਕਾਰ ਨੂੰ ਭੇਜਿਆ ਸੀ ਕਿ ਚੰਡੀਗੜ੍ਹ ਵਿਚ ਹਿੰਦੀ ਦੇ ਨਾਲ ਪੰਜਾਬੀ ਨੂੰ ਦੂਜੀ ਜ਼ਬਾਨ ਮੰਨ ਲਿਆ ਜਾਵੇ। ਮਿਨਾਰਟੀ ਜ਼ਬਾਨਾਂ ਨੂੰ ਕਈ ਸਟੇਟਾਂ ਵਿਚ ਇਹ ਦਰਜਾ ਮਿਲ ਚੁੱਕਾ ਹੈ। ਪੰਜਾਬ ਸਰਕਾਰ ਨੇ ਹੀ ਇਹ ਸੁਝਾਅ ਰੱਦ ਕਰ ਦਿੱਤਾ ਕਿ ਉਹ ਯੂ.ਟੀ ਨੂੰ ਪੰਜਾਬੀ ਇਲਾਕਾ ਮੰਨਦੇ ਹਨ, ਇਸ ਲਈ ਉਹ ਮਿਨਾਰਟੀ ਬੋਲੀ ਵਾਲਾ ਰਸਤਾ ਨਹੀਂ ਮੰਨ ਸਕਦੇ। ਇਸ ਦਾ ਨਤੀਜਾ ਇਹ ਹੈ ਕਿ ਯੂ.ਟੀ. ਵਿਚ ਕੇਵਲ ਅੰਗਰੇਜ਼ੀ ਤੇ ਹਿੰਦੀ ਹੈ, ਪੰਜਾਬੀ ਕਿਧਰੇ ਨਹੀਂ। ਦਿੱਲੀ ਸ਼ਹਿਰ ਵਿਚ ਮੈਂ ਮਿਨਾਰਟੀ ਕਮਿਸ਼ਨ ਵਲੋਂ ਭਾਰਤ ਸਰਕਾਰ ਤੋਂ 2003 ਵਿਚ ਪੰਜਾਬ ਨੂੰ ਦੂਜੀ ਜ਼ਬਾਨ ਦਾ ਦਰਜਾ ਦਿਵਾਇਆ ਸੀ। ਅੱਜ ਸਾਰੀਆਂ ਸੜਕਾਂ ਤੇ ਪੰਜਾਬੀ ਵਿਚ ਨਾਂ ਲਿਖੇ ਹੋਏ ਹਨ। ਪਰ ਚੰਡੀਗੜ੍ਹ ਵਿਚ ਕਿਧਰੇ ਇਹ ਨਹੀਂ ਹੈ। ਸਕੂਲਾਂ ਵਿਚ ਪੰਜਾਬੀ ਪੜ੍ਹਾਈ ਦਾ ਬੁਰਾ ਹਾਲ ਹੈ। ਮੈਂ ਦਾਦ ਦਿੰਦਾ ਹਾਂ ਪਵਨ ਬਾਂਸਲ ਦੀ ਉਹ ਹਮੇਸ਼ਾ ਪੰਜਾਬੀ ਬੋਲੀ ਨੂੰ ਯੂ.ਟੀ. ਵਿਚ ਵਧਾਉਣ ਦੀ ਗੱਲ ਕਰਦੇ ਹਨ। ਉਨ੍ਹਾਂ ਰੇਲ ਵਿਭਾਗ ਵਿਚ ਪੁਛਗਿੱਛ ਸੇਵਾ ਵਿਚ ਅੰਗਰੇਜ਼ੀ, ਹਿੰਦੀ ਦੇ ਨਾਲ ਪੰਜਾਬੀ ਬੋਲੀ ਵਿਚ ਇਹ ਸੁਵਿਧਾ ਜਾਰੀ ਕੀਤੀ ਹੈ। ਪੰਜਾਬੀ ਬੋਲੀ ਫਿਰਕੂ ਮੰਗ ਨਹੀਂ ਹੈ ਪਰ ਇਸ ਲਈ ਕੋਈ ਹੁੰਗਾਰਾ ਨਹੀਂ ਮਿਲ ਰਿਹਾ।

ਮੈਂ ਫਿਰਕੂ ਨਜ਼ਰੀਆ ਨਹੀਂ ਅਪਣਾਉਂਦਾ ਪਰ ਸਿਖਾਂ ਦੀ ਹੱਕੀ ਮੰਗ ਲਈ ਪਾਰਲੀਮੈਂਟ ਵਿਚ ਜੂਝਦਾ ਰਿਹਾ ਹਾਂ। ਜਦ ਦੀ ਪੰਜਾਬ ਯੂਨੀਵਰਸਿਟੀ 1947 ਵਿਚ ਬਣੀ ਹੈ ਕੇਵਲ ਇਕ ਵਾਰ ਵਾਈਸ ਚਾਂਸਲਰ ਸਿਖ ਬਣਿਆ ਹੈ, ਉਹ ਵੀ ਵਕਤੀ ਸਮੇਂ ਲਈ ਜਸਟਿਸ ਤੇਜਾ ਸਿੰਘ ਬਣਾਏ ਗਏ ਸਨ। ਹਰ ਵਾਰ ਮੈਂ ਚਾਂਸਲਰ ਸਾਹਿਬ ਨੂੰ ਲਿਖ ਕੇ ਭੇਜਦਾ ਹਾਂ। ਕਈ ਨਾਂ ਵੀ ਲਿਖੇ ਹਨ। ਪਰ ਅੱਜ ਤੱਕ ਯੋਗ ਉਮੀਦਵਾਰ ਲੱਭਿਆ ਨਹੀਂ, ਭਾਰਤ ਸਰਕਾਰ ਨੂੰ। ਪੰਜਾਬ ਸਰਕਾਰ ਇਸ ਬਾਰੇ ਕਦੇ ਲਿਖਦੀ ਹੀ ਨਹੀਂ। ਉਨ੍ਹਾਂ ਦਾ ਹੱਕ ਹੈ ਜਦ ਖ਼ਰਚਾ ਉਹ ਕਰਦੇ ਹਨ। ਹੋਰ ਤਾਂ ਛੱਡੋ ਜਦ 1966 ਵਿਚ ਯੂ.ਟੀ. ਬਣੀ ਕੇਵਲ ਇਕ ਵਾਰ ਸਿਖ

ਐਡਵਾਈਜ਼ਰ ਬਣਿਆ। ਉਹ ਵੀ ਜਦੋਂ ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਸਨ। ਮੁੜ ਕੇ ਵਾਰੀ ਹੀ ਨਹੀਂ ਆਈ। ਕੀ ਕਾਰਨ ਹੈ?

ਕਦੇ ਪੰਜਾਬ ਨੇ ਇਸ ਬਾਰੇ ਸੋਚਿਆ ਹੈ। ਆਪਣੇ ਹੱਕਾਂ ਲਈ ਅਵਾਜ਼ ਉਠਾਉਣੀ ਕੋਈ ਗੁਨਾਹ ਨਹੀਂ ਹੈ। ਅੱਜ ਭਾਰਤ ਵਿਚ ਮਿਨਾਰਟੀਜ਼ ਦੇ ਹੱਕਾਂ ਲਈ ਗੂੰਜ ਹੈ। ਅਸੀਂ ਵੀ ਮਿਨਾਰਟੀ ਹਾਂ। ਪਰ ਲੋੜ ਹੈ ਵਿਉਂਤ ਨਾਲ ਆਪਣੀ ਗੱਲ ਨੂੰ ਮੰਨਵਾਉਣ ਦੀ। ਜੋ ਹਾਲਾਤ ਹਨ ਮੈਂ ਸੋਚਦਾ ਹਾਂ ਕਿ ਚੰਡੀਗੜ੍ਹ ਦੇ ਪੰਜਾਬੀਆਂ ਦਾ ਕੌਣ ਬੇਲੀ ਹੈ?

# ਕਾਂਗਰਸ ਦੀ ਦੋਗਲੀ ਨੀਤੀ

ਪਾਰਲੀਮੈਂਟ ਵਿਚ ਸਭ ਤੋਂ ਵੱਧ ਚਰਚਾ ਲਿਬਰਹਾਨ ਕਮਿਸ਼ਨ ਦੀ ਬਾਬਰੀ ਮਸਜਿਦ ਢਾਹੇ ਜਾਣ ਸਬੰਧੀ ਰਿਪੋਰਟ ਬਾਰੇ ਹੋਈ। ਪਹਿਲਾਂ ਤਾਂ ਦੋ ਵਾਰੀ ਸੰਸਦ ਦੇ ਦੋਵੇਂ ਸਦਨਾਂ ਵਿਚ ਇਸ ਰਿਪੋਰਟ ਨੂੰ ਸੰਸਦ ਵਿਚ ਪੇਸ਼ ਕਰਨ ਦੀ ਮੰਗ ਨੂੰ ਲੈ ਕੇ ਰੌਲਾ ਪਿਆ। ਜਦ ਸਰਕਾਰ ਨੇ ਰਿਪੋਰਟ ਪੇਸ਼ ਕੀਤੀ ਤਾਂ ਇਸ 'ਤੇ ਪੂਰੀ ਚਰਚਾ ਕਰਨ ਲਈ ਪੂਰੇ ਦੋ ਦਿਨ ਦੋਵਾਂ ਸਦਨਾਂ ਨੂੰ ਅਲਾਟ ਕੀਤੇ ਗਏ। ਬੜੀ ਭਖ਼ਵੀਂ ਚਰਚਾ ਹੋਈ 'ਤੇ ਸਾਰੀਆਂ ਰਾਜਸੀ ਪਾਰਟੀਆਂ ਨੇ ਆਪਣੀ ਨੀਤੀ ਅਨੁਸਾਰ ਆਪਣੇ ਵਿਚਾਰ ਰੱਖੇ। ਰਾਜ ਸਭਾ ਦੇ ਮੈਂਬਰ ਹੋਣ ਕਰਕੇ ਮੈਂ 9 ਤੋਂ 10 ਦਸੰਬਰ ਨੂੰ ਹੋਈ ਚਰਚਾ ਨੂੰ ਸੁਣਿਆ ਤੇ ਆਪ ਵੀ ਇਸ ਵਿਚ ਹਿੱਸਾ ਲਿਆ।

1992 ਵਿਚ ਅਯੁੱਧਿਆ 'ਚ ਸਥਾਪਿਤ ਬਾਬਰੀ ਮਸਜਿਦ ਹਿੰਦੂ ਧਰਮ ਦੇ 'ਕਾਰ ਸੇਵਕਾਂ' ਦੀ ਮਦਦ ਨਾਲ ਢਾਹੀ ਗਈ ਸੀ। ਉਨ੍ਹਾਂ ਅਨੁਸਾਰ ਇਹ ਮਸਜਿਦ ਮੁਸਲਮਾਨ ਬਾਦਸ਼ਾਹਾਂ ਨੇ ਸ੍ਰੀ ਰਾਮ ਚੰਦਰ ਜੀ ਦੇ ਜਨਮ ਅਸਥਾਨ ਵਿਖੇ ਮੰਦਿਰ ਢਾਹ ਕੇ ਬਣਾਈ ਸੀ। ਅਜ਼ਾਦੀ ਤੋਂ ਪਹਿਲਾਂ ਹੀ ਇਥੇ ਮੁੜ ਮੰਦਿਰ ਬਣਾਉਣ ਦੀ ਆਵਾਜ਼ ਉੱਠੀ ਸੀ। ਇਸ ਬਾਰੇ ਕਚਹਿਰੀ ਵਿਚ ਮੁਕੱਦਮਾ ਵੀ ਚੱਲ ਰਿਹਾ ਸੀ। ਪੰਡਿਤ ਨਹਿਰੂ ਦੇ ਸਮੇਂ ਇਸ ਮਸਜਿਦ ਵਿਚ ਇਕ ਪਾਸੇ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਸਨ। ਮੁਸਲਮਾਨਾਂ ਨੇ ਬੜੇ ਚਿਰਾਂ ਤੋਂ ਇਸ ਮਸਜਿਦ ਵਿਚ ਨਮਾਜ ਬੰਦ ਕਰੀ ਰੱਖੀ। ਰਾਜੀਵ ਗਾਂਧੀ ਨੇ 1989 ਵਿਚ ਇਥੇ ਹੀ ਮੰਦਿਰ ਬਣਾਉਣ ਦਾ ਸਿਲਾਨਿਆਸ ਕਰਵਾ ਦਿੱਤਾ ਸੀ। ਲਾਲ ਕ੍ਰਿਸ਼ਨ ਅਡਵਾਨੀ ਨੇ ਸਾਰੇ ਭਾਰਤ ਵਿਚ ਇਸ ਮੰਦਿਰ ਅੰਦੋਲਨ ਲਈ ਰੱਥ ਯਾਤਰਾ ਕੀਤੀ। ਕਾਂਗਰਸ ਪਾਰਟੀ ਨੇ ਮਸਜਿਦ ਢਾਹੁਣ ਲਈ ਭਾਜਪਾ ਨੂੰ ਦੋਸ਼ੀ ਠਹਿਰਾਇਆ ਹੈ। ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਕਿ ਬਾਬਰੀ ਮਸਜਿਦ ਢਾਹੁਣ ਨਾਲ ਭਾਰਤ ਦੀਆਂ ਸਦੀਆਂ ਪੁਰਾਣੀ ਸਰਬ ਧਰਮ ਸਤਿਕਾਰ ਦੀ ਪ੍ਰੰਪਰਾ ਖ਼ਤਮ ਹੋ ਗਈ ਹੈ। ਦੂਜਾ ਉਨ੍ਹਾਂ ਇਹ ਕਿਹਾ ਕਿ ਚਾਹੇ ਕੋਈ ਵੀ ਬਹਾਨਾ ਹੋਵੇ, ਇਕ ਇਤਿਹਾਸਿਕ ਧਾਰਮਿਕ

ਸਥਾਨ ਨੂੰ ਢਾਹੁਣਾ ਜੁਰਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੋ ਲਿਬਰਹਾਨ ਕਮਿਸ਼ਨ ਬਣਾਇਆ ਸੀ, ਉਸ ਨੇ ਇਹ ਸਾਬਤ ਕਰਨਾ ਸੀ ਕਿ ਇਸ ਸਾਰੀ ਕਾਰਵਾਈ ਨੂੰ ਨੇਪਰੇ ਚਾੜ੍ਹਨ ਪਿੱਛੇ ਕਿਸ ਦੀ ਸਾਜਿਸ਼ ਹੈ? ਉਨ੍ਹਾਂ ਕਿਹਾ ਕਿ ਦੇਸ਼ ਦੀ ਆਤਮਾ ਨੂੰ ਮਸਜਿਦ ਡੇਗਣ ਕਰਕੇ ਦੁੱਖ ਪਹੁੰਚਿਆ ਹੈ। ਕਾਂਗਰਸ ਵੱਲੋਂ ਇਹ ਮੰਗ ਰੱਖੀ ਗਈ ਸੀ ਕਿ ਭਾਜਪਾ ਤੇ ਹਿੰਦੂ ਰਾਸ਼ਟਰਵਾਦੀ ਪਾਰਟੀਆਂ ਜਿਵੇਂ ਕਿ ਰਾਸ਼ਟਰੀ ਸੋਇਮ ਸੇਵਕ ਸੰਘ ਆਦਿ ਦੇ ਲੀਡਰਾਂ 'ਤੇ ਇਸ ਜੁਰਮ ਲਈ ਮੁਕੱਦਮਾ ਚਲਾਇਆ ਜਾਵੇ। ਚਾਰ ਦਿਨ ਪਾਰਲੀਮੈਂਟ ਵਿਚ ਇਹ ਆਵਾਜ਼ ਗੂੰਜੀ ਕਿ ਵਿਸ਼ਵ ਭਰ ਵਿਚ ਇਕ ਧਾਰਮਿਕ ਸਥਾਨ ਢਾਹੁਣ ਕਰਕੇ ਭਾਰਤ ਦੇਸ਼ ਕਲੰਕਿਤ ਹੋਇਆ ਹੈ।

ਜਦੋਂ 10 ਦਸੰਬਰ ਨੂੰ ਮੈਨੂੰ ਇਸ ਚਰਚਾ ਵਿਚ ਬੋਲਣ ਦਾ ਸਮਾਂ ਮਿਲਿਆ ਤਾਂ ਮੈਂ ਪਹਿਲਾਂ ਕਿਹਾ ਕਿ ਸਾਨੂੰ ਵੀ ਇਸ ਘਟਨਾ ਦਾ ਦੁਖ ਹੈ। ਮੈਂ ਬਿਨਾਂ ਕਿਸੇ ਲਿਹਾਜ਼ ਦੇ ਸਿੱਧਾ ਸਵਾਲ ਗ੍ਰਹਿ ਮੰਤਰੀ ਨੂੰ ਕੀਤਾ ਕਿ ਉਹ ਦੱਸਣ ਬਾਬਰੀ ਮਸਜਿਦ ਢਾਹੁਣ ਤੋਂ 8 ਸਾਲ ਪਹਿਲਾਂ ਕਿਹੜੇ ਇਤਿਹਾਸਕ ਧਾਰਮਿਕ ਸਥਾਨ ਨੂੰ ਢਾਹੁਣ ਦਾ ਵਾਕਿਆ ਹੋਇਆ ਸੀ? ਮੈਂ ਸਾਰੇ ਸਦਨ ਨੂੰ ਯਾਦ ਕਰਵਾਇਆ ਕਿ ਸਾਰੇ ਵਿਸ਼ਵ ਵਿਚ ਇਕੋ ਮਿਸਾਲੀ ਥਾਂ ਹੈ ਜਿੱਥੇ ਧਰਮ-ਨਿਰਪੱਖਤਾ ਨੂੰ ਸਹੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ, ਜੋ ਸਿਖਾਂ ਦਾ ਕੇਂਦਰ ਹੈ ਤੇ ਉਸ ਦਾ ਨੀਂਹ ਪੱਥਰ ਇਕ ਮੁਸਲਮਾਨ ਪੀਰ ਸਾਈਂ ਮੀਆਂ ਮੀਰ ਹੱਥੋਂ ਰਖਵਾਇਆ ਗਿਆ। ਮੈਂ ਸਾਰੇ ਮੈਂਬਰਾਂ, ਖਾਸ ਕਰਕੇ ਮੁਸਲਮਾਨਾਂ ਨੂੰ ਕਿਹਾ ਕਿ ਅੱਲਾ ਦਾ ਨਾਂ ਜਿੰਨੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ, ਉਹ ਕੀ ਸਾਬਤ ਕਰਦਾ ਹੈ? ਅੰਮ੍ਰਿਤਸਰ ਦੇ ਹਰੀ ਮੰਦਿਰ ਵਿਚ ਰਾਮ ਤੇ ਅੱਲ੍ਹਾ ਦੇ ਨਾਂ ਦਾ ਜਾਪ ਹੁੰਦਾ ਹੈ। ਕੋਈ ਹੋਰ ਐਸੀ ਥਾਂ, ਮੰਦਿਰ, ਮਸਜਿਦ ਜਾਂ ਚਰਚ ਦੱਸੋ ਜਿੱਥੇ ਸਾਰੇ ਧਰਮਾਂ ਦਾ ਇਕੋ ਜਿਹਾ ਸਨਮਾਨ ਹੁੰਦਾ ਹੋਵੇ। ਸਾਰਾ ਸਦਨ ਉਸ ਦਿਨ ਭਰਿਆ ਹੋਇਆ ਸੀ। ਮੈਂ ਅੱਗੇ ਚੱਲ ਕੇ ਕਿਹਾ ਕਿ ਬਾਬਰੀ ਮਸਜਿਦ ਤਾਂ 'ਕਾਰ ਸੇਵਕਾਂ' ਨੇ ਢਾਹੀ ਸੀ ਤੇ ਉਸ ਬਾਰੇ ਝਗੜਾ ਚਿਰਾਂ ਤੋਂ ਚੱਲਿਆ ਆ ਰਿਹਾ ਸੀ। ਇਸ ਤਰ੍ਹਾਂ ਇਹ ਇਕ ਵਿਵਾਦਿਤ ਥਾਂ ਸੀ। ਪਰ ਹਰਿਮੰਦਰ ਸਾਹਿਬ ਸਮੂਹ 'ਤੇ ਹਮਲਾ ਭਾਰਤੀ ਫ਼ੌਜ ਨੇ ਕੀਤਾ ਜਿਸ ਲਈ ਆਦੇਸ਼ ਕਾਂਗਰਸ ਸਰਕਾਰ ਨੇ ਦਿੱਤੇ ਸਨ। ਸਾਰੇ ਸਦਨ ਵਿਚ ਮੈਂਬਰਾਂ ਨੇ ਸ਼ੇਮ-ਸ਼ੇਮ ਦੇ ਨਾਅਰੇ ਲਾਏ। ਕੀ ਦੇਸ਼ ਦੀ ਸਰਬ ਧਰਮ ਪ੍ਰੰਪਰਾ ਉਸ ਵਕਤ ਖ਼ਤਮ ਨਹੀਂ ਹੋਈ? ਇਕ ਕਾਂਗਰਸੀ

ਮੈਂਬਰ ਨੇ ਟੋਕਿਆ ਕਿ ਹਰਿਮੰਦਰ ਸਾਹਿਬ ਨਹੀਂ ਡੇਗਿਆ ਗਿਆ। ਮੈਂ ਜਵਾਬ ਦਿੱਤਾ ਕਿ ਅਕਾਲ ਤਖ਼ਤ ਡੇਗਿਆ ਗਿਆ ਸੀ। ਜੋ ਸਾਡੇ ਲਈ ਓਨਾ ਹੀ ਮੁਤਬਰਕ ਹੈ। ਮੈਂ ਦੱਸਿਆ ਕਿ ਇਸ ਮੌਕੇ ਬੇਦੋਸ਼ੇ ਸ਼ਰਧਾਲੂ ਸੈਂਕੜਿਆਂ ਦੀ ਗਿਣਤੀ ਵਿਚ ਮਾਰੇ ਗਏ ਅਤੇ ਰੱਬ ਦੇ ਸਥਾਨ 'ਤੇ ਅੰਮ੍ਰਿਤ ਦੀ ਥਾਂ ਖ਼ੂਨ ਦੀ ਵਰਖਾ ਕੀਤੀ ਗਈ ਸੀ। ਬਾਬਰੀ ਮਸਜਿਦ ਵਕਤ ਕੋਈ ਮੁਸਲਮਾਨ ਨਹੀਂ ਮਰਿਆ ਪਰ 1984 ਦੇ ਇਸ ਹਮਲੇ ਵਿਚ 700 ਦੇ ਕਰੀਬ ਸਿਖ ਮਰਦ, ਔਰਤਾਂ ਤੇ ਬੱਚੇ ਸ਼ਹੀਦ ਹੋਏ। ਸਾਰੇ ਵਿਸ਼ਵ ਵਿਚ ਭਾਰਤ ਕਲੰਕਿਤ ਹੋਇਆ। ਜਦ ਭਾਰਤੀ ਫ਼ੌਜ ਆਪਦੇ ਦੇਸ਼ ਵਿਚ ਇਕ ਘੱਟ-ਗਿਣਤੀ ਕੌਮ ਦਾ ਪਵਿੱਤਰ ਸਥਾਨ ਢਾਹੁਣ ਗਈ ਤਾਂ ਕੀ ਭਾਰਤ ਦੀ ਆਤਮਾ ਉਦੋਂ ਨਹੀਂ ਸੀ ਦੁਖੀ?

ਮੈਨੂੰ 10 ਮਿੰਟ ਬੋਲਣ ਦਾ ਮੌਕਾ ਮਿਲਿਆ। ਮੈਂ ਸਾਬਤ ਕੀਤਾ ਕਿ ਭਾਰਤ ਵਿਚ ਜੇ ਕੋਈ ਧਰਮ ਵਿਰੁੱਧ ਕਾਰਵਾਈ ਹੋਈ ਹੈ, ਉਹ ਕਾਂਗਰਸ ਸਰਕਾਰ ਨੇ 1984 ਵਿਚ ਦਰਬਾਰ ਸਾਹਿਬ 'ਤੇ ਫ਼ੌਜ ਚਾੜ੍ਹ ਕੇ ਕੀਤੀ ਹੈ। ਪਰ ਸਾਡੀ ਸਰਕਾਰ ਸਿਆਸੀ ਲਾਭ ਲੈਣ ਲਈ ਕੇਵਲ ਬਾਬਰੀ ਮਸਜਿਦ ਦੀ ਤਾਂ ਗੱਲ ਕਰਦੀ ਰਹੀ ਹੈ। ਪਰ ਉਨ੍ਹਾਂ ਨੂੰ ਸਿਖਾਂ ਦੇ ਜਜ਼ਬਾਤ ਦੀ ਕੋਈ ਕਦਰ ਨਹੀਂ ਕਿਉਂਕਿ ਸਾਡੀ ਗਿਣਤੀ ਘੱਟ ਹੈ। ਅਖੀਰ ਵਿਚ ਮੈਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਜੋ ਬਾਬਰ ਬਾਰੇ ਹਨ, ਸੁਣਾਏ ਕਿ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ', 'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ।।' ਮੈਂ ਇਹ ਵੀ ਕਿਹਾ ਕਿ ਅਕਬਰ ਬਾਦਸ਼ਾਹ ਦੀ ਅਸੀਂ ਕਦਰ ਕਰਦੇ ਹਾਂ ਜਿਸ ਨੇ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਲਈ ਜ਼ਮੀਨ ਭੇਟ ਕੀਤੀ। ਬਾਬਰ ਤੇ ਔਰੰਗਜੇਬ ਜੋ ਮੁਗਲ ਬਾਦਸ਼ਾਹ ਸਨ, ਉਨ੍ਹਾਂ ਦੇ ਕੀਤੇ ਜ਼ੁਲਮ ਅਸੀਂ ਸਿਖ ਨਹੀਂ ਭੁੱਲ ਸਕਦੇ। ਹੁਣ ਲੋੜ ਹੈ ਕਿ ਸਿਖ ਵਿਦਵਾਨ 1984 ਵਿਚ ਹੋਈ ਇਸ ਇਤਿਹਾਸਕ ਘਟਨਾ ਨੂੰ ਲੋਕਾਂ ਅੱਗੇ ਰੱਖਣ। ਤੁਸੀਂ ਹੈਰਾਨ ਹੋਵੋਗੇ ਕਿ ਸਾਰੇ ਮੈਂਬਰ ਪਾਰਲੀਮੈਂਟ ਚਾਹੇ ਉਹ ਕਿਸੇ ਪਾਰਟੀ ਦੇ ਸਨ ਮੇਰੇ ਭਾਸ਼ਨ ਨੂੰ ਸੁਣ ਕੇ ਸਾਡੇ ਹਮਦਰਦ ਬਣੇ ਹਨ। ਸਾਰੇ ਮੈਂਬਰ ਨਵੇਂ ਸਨ। ਉਹ 1984 ਦੇ ਵਕਤ ਐਮ. ਪੀ. ਨਹੀਂ ਸਨ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਜਾਣਕਾਰੀ ਪਹਿਲੀ ਵਾਰ ਮਿਲੀ ਹੈ। ਸਾਡੇ ਪ੍ਰਚਾਰ ਦੇ ਮਾਧਿਅਮ ਹੋਰ ਤਿੱਖੇ 'ਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਕਈ ਕਹਿੰਦੇ ਹਨ ਕਿ 25 ਸਾਲ ਹੋ ਗਏ ਤਾਂ ਇਸ ਨੂੰ ਭੁੱਲ ਜਾਣਾ ਚਾਹੀਦਾ ਹੈ। ਕੀ ਅਸੀਂ ਇਸ ਨੂੰ ਭੁਲਾ ਸਕਦੇ ਹਾਂ?

# ਪਾਕਿਸਤਾਨੀ ਵਿੱਦਿਅਕ ਪੁਸਤਕਾਂ ਵਿਚ ਸਿਖ ਧਰਮ ਗਾਇਬ

ਅਸੀਂ ਹਰ ਸਮਾਂ ਸਿਖ ਮੁਸਲਮਾਨ ਦੋਸਤੀ ਪੰਜਾਬੀ ਭਾਈਚਾਰਾ ਆਦਿ ਦੀ ਰੱਟ ਲਗਾਉਂਦੇ ਹਾਂ। ਹਰ ਵਕਤ ਦੁਆ ਕਰਦੇ ਹਾਂ ਕਿ ਦੋਵੇਂ ਮੁਲਕਾਂ ਵਿਚ ਅਮਨ ਸ਼ਾਂਤੀ ਹੋਵੇ। ਪਰ ਕਦੇ ਅਸੀਂ ਹਕੀਕਤ ਵੱਲ ਵੇਖਿਆ ਨਹੀਂ। ਹਰ ਸਾਲ ਅਟਾਰੀ ਬਾਰਡਰ 'ਤੇ 15 ਅਗਸਤ ਨੂੰ ਮੋਮਬੱਤੀਆਂ ਜਗਾਉਂਦੇ ਹਾਂ, ਮੈਂ ਵੀ ਕਈ ਵਾਰ ਸ਼ਾਮਲ ਹੋਇਆ ਹਾਂ। ਹਰ ਗੁਰਪੁਰਬ 'ਤੇ ਜਥੇ ਜਾਂਦੇ ਹਨ, ਹਰ ਵਾਰ ਉਥੋਂ ਦੇ ਹੈੱਡ ਆਫ਼ ਸਟੇਟ ਨੂੰ ਮਿਲਦੇ ਹਾਂ। ਸਿਰੋਪਾ ਦਿੰਦੇ ਹਾਂ। ਮੈਂ ਲਾਹੌਰ ਗਿਆ ਸੀ। ਪੰਜਾਬ ਯੂਨੀਵਰਸਿਟੀ ਵਲੋਂ ਸੂਫੀਆਂ ਬਾਰੇ 2 ਦਿਨ ਦਾ ਅੰਤਰ ਰਾਸ਼ਟਰੀ ਸੈਮੀਨਾਰ ਰੱਖਿਆ ਸੀ। ਮੈਨੂੰ ਸਪੈਸ਼ਲ ਗੈਸਟ ਵਜੋਂ ਬੁਲਾਇਆ ਸੀ ਤੇ ਸਟੇਜ 'ਤੇ ਸੁਸ਼ੋਭਿਤ ਹੋਣ ਦਾ ਮਾਣ ਦਿੱਤਾ ਗਿਆ। ਇਸ ਸੈਮੀਨਾਰ ਵਿਚ ਪੰਜ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਤੇ ਡੀਨ ਸ਼ਾਮਲ ਸਨ। ਕਈ ਮਹਿਕਮਿਆਂ ਦੇ ਸਕਾਲਰ, ਸਾਰੀਆਂ ਸੂਫੀ ਦਰਗਾਹਾਂ ਦੇ ਜਾਨਸ਼ੀਨ ਤੇ ਤਕਰੀਬਨ 300 ਵਿਦਿਆਰਥੀ ਹਾਜ਼ਰ ਸਨ। ਡਾਕਟਰ ਮੁਜਾਹਿਦ ਕਾਮਰਨ ਵਾਈਸ-ਚਾਂਸਲਰ ਪੰਜਾਬ ਯੂਨੀਵਰਸਿਟੀ ਨੇ ਪ੍ਰਧਾਨਗੀ ਕੀਤੀ, ਬੜਾ ਸ਼ਾਨਦਾਰ ਪ੍ਰਬੰਧ ਕੀਤਾ ਗਿਆ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਡਾ. ਜਸਵਿੰਦਰ ਸਿੰਘ ਡੀਨ ਭਾਸ਼ਾਵਾਂ, ਡਾ. ਧਨਵੰਤ ਕੌਰ ਅਤੇ ਡਾ.ਨਾਸਿਰ ਨਕਵੀ ਸ਼ਾਮਲ ਸਨ। ਉਥੇ ਜਾ ਕੇ ਜੋ ਪਤਾ ਲੱਗਿਆ ਕਿ ਸਾਰੇ ਪਾਕਿਸਤਾਨ ਵਿਚ ਯੂਨੀਵਰਸਿਟੀ, ਕਾਲਜ ਤੇ ਸਕੂਲਾਂ ਦੇ ਸਿਲੇਬਸ ਵਿਚ ਕਿਧਰੇ ਵੀ ਸਿਖ ਧਰਮ ਬਾਰੇ ਕੋਈ ਜ਼ਿਕਰ ਨਹੀਂ ਹੈ। ਕਿਸੇ ਪਰਚੇ ਵਿਚ ਗੁਰੂ ਨਾਨਕ ਦੇਵ ਬਾਰੇ ਸਵਾਲ ਨਹੀਂ ਹੈ। ਕਿਧਰੇ ਵੀ ਸਿਖ ਧਰਮ ਬਾਰੇ ਕਿਸੇ ਕਿਤਾਬ ਵਿਚ ਜਾਣਕਾਰੀ ਨਹੀਂ ਦਿੱਤੀ ਜਾਂਦੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਲਾਹੌਰ ਵਿਚ 50 ਸਾਲ

ਰਿਹਾ ਸੀ, ਉਸ ਨੂੰ ਉਹ ਮੰਨਦੇ ਹੀ ਨਹੀਂ। ਇਤਿਹਾਸ ਵਿਚ ਇਸ ਨੂੰ ਕੱਢਕੇ ਰੱਖਿਆ ਹੋਇਆ ਹੈ। ਅੱਜ ਹਰ ਦੇਸ਼ ਵਿਚ ਵਿਦਿਆਰਥੀਆਂ ਨੂੰ ਵਧੇਰੇ ਗਿਆਨ ਪ੍ਰਾਪਤ ਕਰਨ ਦੀ ਚਰਚਾ ਹੈ। ਕਈ ਬਾਹਰਲੇ ਦੇਸ਼ ਦੀ ਜ਼ੁਬਾਨ ਸਿੱਖਦੇ ਹਨ। ਹੋਰ ਧਰਮਾਂ ਦਾ ਗਿਆਨ ਲੈਣਾ ਜ਼ਰੂਰੀ ਸਮਝਿਆ ਗਿਆ ਹੈ। ਪਰ ਪਾਕਿਸਤਾਨ ਵਿਚ ਕੇਵਲ ਇਸਲਾਮ ਨੂੰ ਹੀ ਪੜ੍ਹਾਇਆ ਜਾਂਦਾ ਹੈ। ਇਹ ਤੱਥ ਜਾਣ ਕੇ ਉਸ ਸੈਮੀਨਾਰ ਵਿਚ ਜਦ ਮੈਨੂੰ ਬੋਲਣ ਨੂੰ ਕਿਹਾ ਗਿਆ ਤਾਂ ਮੈਂ ਉਨ੍ਹਾਂ ਦਾ ਧੰਨਵਾਦ ਕਰਕੇ ਉਥੇ ਸਾਰੇ ਕੌੜੇ ਸੱਚ ਬੋਲ ਕੇ ਉਨ੍ਹਾਂ ਦੇ ਕੰਨ ਖੋਲ੍ਹ ਦਿੱਤੇ। ਸਾਰਾ ਸੈਮੀਨਾਰ ਪੰਜਾਬੀ ਵਿਚ ਹੀ ਕੀਤਾ ਗਿਆ। ਮੈਂ ਕਿਹਾ ਕਿ ਸਭ ਤੋਂ ਮਿੱਠੀ ਤੇ ਅਸਲ ਪੰਜਾਬੀ ਲਾਹੌਰ ਵਿਚ ਆ ਕੇ ਸੁਣਨ ਨੂੰ ਮਿਲਦੀ ਹੈ। ਪਰ ਮੈਂ ਪੁੱਛਿਆ ਕਿ ਜਦ ਦਾ ਪਾਕਿਸਤਾਨ ਬਣਿਆ ਹੈ ਪੰਜਾਬੀ ਕਿਉਂ ਖਤਮ ਕਰ ਦਿੱਤੀ ਗਈ ਹੈ। ਪੰਜਾਬੀ ਮਾਂ ਬੋਲੀ ਹੋਣ ਦੇ ਬਾਵਜੂਦ ਸਰਕਾਰੀ ਬੋਲੀ ਉਰਦੂ ਹੈ। ਕਿਧਰੇ ਪੰਜਾਬੀ ਵਿਚ ਸਰਕਾਰੀ ਕੰਮ ਕਾਜ ਨਹੀਂ ਹੈ। ਇਹ ਸਿਆਸਤ ਦੀ ਬਲੀ ਚੜ੍ਹਾ ਦਿੱਤੀ ਗਈ ਹੈ। ਹੁਣ ਪੰਜਾਬੀ ਸ਼ਾਹਮੁੱਖੀ ਲਿਪੀ ਵਿਚ ਪੜ੍ਹਾਈ ਜਾਂਦੀ ਹੈ। ਭਾਵ ਪੰਜਾਬੀ ਨੂੰ ਉਰਦੂ ਲਿਪੀ ਵਿਚ ਲਿਖਿਆ ਜਾਣਾ ਹੁੰਦਾ ਹੈ। ਸਾਰੇ ਇਮਤਿਹਾਨ ਉਰਦੂ ਤੇ ਅੰਗਰੇਜ਼ੀ ਵਿਚ ਲਏ ਜਾਂਦੇ ਹਨ। ਮੈਂ ਕਿਹਾ ਕਿ ਸਾਰੇ ਸੂਫੀ ਦਰਵੇਸ਼ ਮੁਸਲਮਾਨ ਸਨ। ਸਭ ਤੋਂ ਵੱਧ ਉਨ੍ਹਾਂ ਦੇ ਪ੍ਰਚਾਰ ਤੇ ਇਸਲਾਮ ਮਤ ਦਾ ਵਾਧਾ ਕੀਤਾ ਸੀ। ਬਾਹਰਵੀਂ ਸਦੀ ਵਿਚ ਇਹ ਈਰਾਨ ਤੋਂ ਆਏ ਤੇ ਪੰਜਾਬ ਦੀ ਧਰਤੀ 'ਤੇ ਵੱਸ ਗਏ। ਬਾਬਾ ਫਰੀਦ ਨੇ ਪੰਜਾਬੀ ਬੋਲੀ ਵਿਚ ਕਲਾਮ ਲਿਖੇ। ਮੈਂ ਉਦਾਹਰਨ ਦਿੱਤੀ ਕਿ ਸਾਰੇ ਮੁਸਲਮਾਨ ਸੂਫੀਆਂ ਬਾਰੇ ਸਾਡੇ ਪੰਜਾਬ ਵਿਚ ਜੋ ਪੰਜਾਬੀ ਐਮ.ਏ. ਜਾਂ ਬੀ.ਏ. ਦਾ ਸਿਲੇਬਸ ਹੈ। ਹਰ ਇਕ ਵਿਦਿਆਰਥੀ ਸੂਫੀਆਂ ਨੂੰ ਪੜ੍ਹਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਏ. ਪੰਜਾਬੀ ਕਰਨ ਲਈ ਫਾਰਸੀ ਜ਼ੁਬਾਨ ਦਾ ਇਕ ਪਰਚਾ ਪਾਸ ਕਰਨਾ ਪੈਂਦਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਸ਼ਾਹਮੁਖੀ ਪੜ੍ਹਾਈ ਜਾਂਦੀ ਹੈ। ਪਰ ਉਧਰਲੇ ਪੰਜਾਬ ਵਿਚ ਗੁਰਮੁੱਖੀ ਲਿਪੀ ਗਾਇਬ ਹੈ। ਅਸੀਂ ਬਾਬਾ ਫਰੀਦ ਦੇ ਨਾਂ 'ਤੇ ਮੈਡੀਕਲ ਯੂਨੀਵਰਸਿਟੀ ਬਣਾਈ ਹੈ। ਬਾਬਾ ਫਰੀਦ ਦੀ ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਸਨਮਾਨ ਹੈ। ਫਿਰ ਸੂਫੀ ਸਾਈਂ ਮੀਆਂ ਮੀਰ ਨੇ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਿਆ ਸੀ। ਸ੍ਰੀ ਗੁਰੂ ਗ੍ਰੰਥ

ਸਾਹਿਬ ਵਿਚ ਅੱਲ੍ਹਾ ਰਹੀਮ, ਕਰੀਮ ਅਨੇਕਾਂ ਵਾਰ ਆਉਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਮੱਕੇ ਗਏ ਸਨ। ਇਹ ਕੁੱਝ ਅਸੀਂ ਹੁਣ ਵੀ ਕਰ ਰਹੇ ਹਾਂ ਪਰ ਮੁਸਲਮਾਨ ਸਾਨੂੰ ਪਾਕਿਸਤਾਨ ਵਿਚ ਦੁਸ਼ਮਣ ਕਿਉਂ ਸਮਝਦੇ ਹਨ? ਕੀ ਕਾਰਨ ਹੈ? ਮੈਂ ਬੜੇ ਚੰਗੇ ਸ਼ਬਦਾਂ ਵਿਚ ਇਹ ਸਾਰੇ ਵਿਚਾਰ ਉਨ੍ਹਾਂ ਅੱਗੇ ਰੱਖੇ। ਮੈਂ ਇਹ ਵੀ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਜ਼ੀਰ ਮੁਸਲਮਾਨ ਸਨ। 50 ਸਾਲ ਵਿਚ ਕੋਈ ਐਂਟੀ ਮੁਸਲਮਾਨ ਵਾਕਿਆ ਨਹੀਂ ਹੋਇਆ। ਫਿਰ ਤਹਾਨੂੰ ਸਾਡੇ ਤੋਂ ਕਿਉਂ ਦੁਸ਼ਮਣੀ ਹੈ? ਮੈਂ ਅਪੀਲ ਕੀਤੀ ਕਿ ਯੂਨੀਵਰਸਿਟੀਆਂ ਵਿਚ ਘੱਟ ਤੋਂ ਘੱਟ ਗੁਰੂ ਨਾਨਕ ਬਾਰੇ, ਮਹਾਰਾਜਾ ਰਣਜੀਤ ਸਿੰਘ ਬਾਰੇ ਸੈਮੀਨਾਰ ਕਰਵਾਏ ਜਾਣ। ਵਿਦਿਆਰਥੀਆਂ ਨੂੰ ਇਤਿਹਾਸ ਦਾ ਪਤਾ ਤਾਂ ਲੱਗੇ। ਜੇ ਇਹ ਹੋ ਜਾਵੇ ਤਾਂ ਘੱਟ ਤੋਂ ਘੱਟ ਆਰੰਭ ਤਾਂ ਹੋਵੇਗਾ। ਮੇਰੇ ਪਿਛੋਂ ਡਾਕਟਰ ਕਾਮਰਨ ਵਾਈਸ ਚਾਂਸਲਰ ਨੇ ਭਾਸ਼ਣ ਕੀਤਾ। ਉਨ੍ਹਾਂ ਮੰਨਿਆ ਕਿ ਜੋ ਤਰਲੋਚਨ ਸਿੰਘ ਨੇ ਕਿਹਾ ਹੈ ਕਿ ਉਹ ਠੀਕ ਹੈ। ਉਨ੍ਹਾਂ ਕਿਹਾ ਕਿ ਉਹ ਹੁਣ ਸੈਮੀਨਾਰ ਇਨ੍ਹਾਂ ਵਿਸ਼ਿਆਂ 'ਤੇ ਕਰਵਾਉਣਗੇ। ਇਕ ਗੱਲ ਮੈਂ ਵੇਖੀ ਕਿ ਮੇਰਾ ਭਾਸ਼ਣ ਜੋ ਸ਼ਾਇਦ ਪਹਿਲੀ ਵਾਰ ਪਾਕਿਸਤਾਨ ਦੀ ਧਰਤੀ 'ਤੇ ਕਿਸੇ ਕੀਤਾ ਹੋਵੇ। ਸਾਰੇ ਸਰੋਤਿਆਂ ਵਲੋਂ ਤਾੜੀਆਂ ਨਾਲ ਸਵਾਗਤ ਹੋਇਆ। ਮੇਰਾ ਘੱਟ ਤੋਂ ਘੱਟ 100 ਸਕਾਲਰਾਂ ਤੇ ਵਿਦਿਆਰਥੀਆਂ ਨੇ ਧੰਨਵਾਦ ਕੀਤਾ ਕਿ ਕਿਸੇ ਨੇ ਉਨ੍ਹਾਂ ਦੀ ਗ਼ਲਤੀ ਦਾ ਜ਼ਿਕਰ ਕੀਤਾ ਹੈ। ਮੈਂ ਦੋ ਦਿਨ ਯੂਨੀਵਰਸਿਟੀ ਹੋਸਟਲ ਵਿਚ ਰਿਹਾ। ਸਾਰੇ ਮਿਲਦੇ ਰਹੇ ਤੇ ਦੋਸਤਾਨਾ ਮਾਹੌਲ ਰਿਹਾ। ਡਾਕਟਰ ਨਬੀਬੁਲ ਰਹਿਮਾਨ ਜੋ ਪੰਜਾਬੀ ਦੀ ਪ੍ਰੋਫੈਸਰ ਹੈ। ਉਸ ਦੇ ਬੁਲਾਵੇ 'ਤੇ ਮੈਂ ਉਥੇ ਗਿਆ ਸੀ, ਉਸ ਦਾ ਧੰਨਵਾਦ ਹੈ। ਮੈਂ ਮਹਿਸੂਸ ਕੀਤਾ ਕਿ ਸਾਡੀਆਂ ਯੂਨੀਵਰਸਿਟੀਆਂ ਬੜੇ ਚਿਰ ਤੋਂ ਪਾਕਿਸਤਾਨੀ ਪ੍ਰੋਫੈਸਰ ਬੁਲਾਉਂਦੀਆਂ ਹਨ ਤੇ ਸਾਹਿਤਕ ਮਸਲਿਆਂ 'ਤੇ ਚਰਚਾ ਕਰਵਾਉਂਦੀਆਂ ਹਨ। ਕਦੇ ਅੱਜ ਤੱਕ ਕਿਸੇ ਨੇ ਖੇਚਲ ਨਹੀਂ ਕੀਤੀ ਕਿ ਉਹ ਆਪਣੀ ਹਿੰਮਤ ਨਾਲ ਪਾਕਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਸਿਖ ਵਿਸ਼ੇ 'ਤੇ ਸੈਮੀਨਾਰ ਕਰਵਾਉਣ। ਸ਼੍ਰੋਮਣੀ ਕਮੇਟੀ ਕੇਵਲ ਜਿਥੇ ਭਾਸ਼ਣ ਤੱਕ ਹੀ ਸੀਮਤ ਹੈ ਕਦੇ ਸਿਖ ਧਰਮ ਦੇ ਪ੍ਰਚਾਰ ਲਈ ਕੁੱਝ ਵੀ ਉਥੇ ਜਾ ਕੇ ਨਹੀਂ ਕੀਤਾ। ਮੈਂ ਇਹ ਨਹੀਂ ਮੰਨਦਾ ਕਿ ਸਾਰੇ ਮੁਸਲਮਾਨ ਸਾਡੇ ਵਿਰੁੱਧ ਹਨ। ਪਰ ਮੌਲਵੀਆਂ ਤੇ ਕੱਟੜਪੰਥੀਆਂ ਤੋਂ ਡਰਦੇ ਹਨ। ਮੈਂ ਤਾਂ ਇਹ ਕਹਿ ਕੇ ਆਇਆਂ ਹਾਂ ਕਿ

ਲਾਹੌਰ ਵਿਚ ਮੌਲਵੀ ਤੇ ਕੱਟੜਪੰਥੀ ਨੁਮਾਇੰਦੇ ਸੱਦੇ ਜਾਣ ਉਨ੍ਹਾਂ ਨੂੰ ਅਸੀਂ ਦਲੀਲ ਨਾਲ ਕਾਇਲ ਕਰੀਏ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਅੱਲ੍ਹਾ ਦਾ ਸਤਿਕਾਰ ਅਸੀਂ ਪੂਰਾ ਕਰਦੇ ਹਾਂ। ਅੱਜ ਲੋੜ ਹੈ ਵਿਉਂਤ ਨਾਲ ਆਪਣਾ ਪੱਖ ਪੂਰਨ ਦਾ। ਲੋਕ ਸੁਣਨ ਨੂੰ ਤਿਆਰ ਹਨ। ਜੇ ਮੈਂ ਇਤਨੇ ਪੜ੍ਹੇ ਲਿਖੇ ਸਕਾਲਰਾਂ ਸਾਹਮਣੇ ਗੁਰੂ ਦੀ ਸ਼ਕਤੀ ਨਾਲ ਇਹ ਕੁੱਝ ਗਿਲਾ ਕਰਕੇ ਵਾਹ-ਵਾਹ ਖੱਟ ਲਈ ਹੈ ਫਿਰ ਅਸੀਂ ਮਸਲਾ ਹੱਲ ਕਿਉਂ ਨਹੀਂ ਕਰ ਸਕਾਂਗੇ। ਗੁਰੂ ਨਾਨਕ ਦੀ ਜਨਮ ਧਰਤੀ ਪਾਕਿਸਤਾਨ ਹੈ। ਸਿਖ ਰਾਜ ਦੀ ਰਾਜਧਾਨੀ ਲਾਹੌਰ ਸੀ। ਇਤਿਹਾਸ ਨੂੰ ਉਜਾਗਰ ਕਰਵਾਉਣਾ ਸਾਡਾ ਫਰਜ਼ ਹੈ।

# ਸਿਖੀ ਦਾ ਪ੍ਰਚਾਰ: ਪੰਜਾਬੀ ਯੂਨੀਵਰਸਿਟੀ ਦਾ ਯੋਗਦਾਨ

ਸਿਖ ਵਿਸ਼ਵ ਦੇ ਹਰ ਦੇਸ਼ ਵਿਚ ਵਸ ਰਿਹਾ ਹੈ। ਉਸ ਦੀ ਸਭ ਤੋਂ ਵੱਡੀ ਸਮੱਸਿਆ ਜੋ ਪਹਿਲਾਂ ਪੈਸਾ ਕਮਾਉਣ ਦੀ ਸੀ, ਅੱਜ ਬੱਚਿਆਂ ਨੂੰ ਸਿਖ ਵਿਰਾਸਤ ਨਾਲ ਜੋੜਨ ਦੀ ਹੈ। ਪੰਜਾਬੀ ਬੋਲੀ ਦਾ ਵਿਕਾਸ ਵੀ ਵੱਡੀ ਔਕੜ ਹੈ। ਅੰਗਰੇਜ਼ੀ ਬੋਲਣ ਵਾਲੇ ਸਿਖ ਪ੍ਰਚਾਰਕ ਨਹੀਂ ਹਨ। ਸਿਖ ਹੁਣ ਅਮੀਰ ਹੈ, ਉਸ ਕੋਲ ਸਾਧਨ ਹਨ ਪਰ ਅੱਜ ਦੇ ਯੁੱਗ ਦੇ ਵਾਤਾਵਰਣ ਵਿਚ ਸਿਖ ਬੱਚਿਆਂ ਦੀਆਂ ਧਾਰਮਿਕ ਤੇ ਸੱਭਿਆਚਾਰਕ ਲੋੜਾਂ ਦੀ ਪੂਰਤੀ ਨਹੀਂ ਹੁੰਦੀ। ਮੈਂ ਜਦ ਵੀ ਵਿਦੇਸ਼ ਜਾਂਦਾ ਹਾਂ, ਹਰ ਗੁਰਦੁਆਰੇ ਵਿਚ ਕਹਿੰਦਾ ਹਾਂ ਕਿ ਮਾਡਰਨ ਟੈਕਨਾਲੋਜੀ ਨੂੰ ਵਰਤਣ ਦੇ ਤਰੀਕੇ ਸਿੱਖੋ। ਕੰਪਿਊਟਰ, ਇੰਟਰਨੈੱਟ, ਲੈਪਟਾਪ ਦੀ ਵਰਤੋਂ ਹਰ ਵਿਦਿਆਰਥੀ ਕਰਦਾ ਹੈ। ਇਸ ਰਾਹੀਂ ਸਿਖ ਸਿਧਾਂਤ ਤੇ ਗੁਰੂ ਗਰੰਥ ਸਾਹਿਬ ਦੇ ਗਿਆਨ ਦੀ ਪ੍ਰਾਪਤੀ ਦੇ ਯਤਨ ਹੋਣੇ ਚਾਹੀਦੇ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਧਾਈ ਦੀ ਪਾਤਰ ਹੈ ਕਿ ਵਿਸ਼ਵ ਵਿਚ ਪਹਿਲੀ ਵਾਰ ਗੁਰਮਤਿ ਗਿਆਨ ਨੂੰ ਆਨਲਾਈਨ ਕਰਕੇ ਜਸ ਖੱਟਿਆ ਹੈ। ਪਟਿਆਲਾ ਵਿਚ ਇਕ ਉਚੇਚੇ ਸਮਾਗਮ ਵਿਚ ਡਾ: ਜਸਪਾਲ ਸਿਘ ਵਾਈਸ ਚਾਂਸਲਰ ਨੇ ਇਸ ਅੰਤਰਰਾਸ਼ਟਰੀ ਸੁਵਿਧਾ ਦਾ ਉਦਘਾਟਨ ਕੀਤਾ। ਇਸ ਇਤਿਹਾਸਕ ਕਾਰਜ ਲਈ ਪਿਛਲੇ ਕਈ ਸਾਲਾਂ ਤੋਂ ਯੂਨੀਵਰਸਿਟੀ ਦਾ ਗੁਰਮਤਿ ਗਿਆਨ ਵਿਭਾਗ ਤੇ ਗੁਰਮਤਿ ਸੰਗੀਤ ਚੇਅਰ ਕੰਮ ਕਰ ਰਹੇ ਸਨ। ਡਾ: ਗੁਰਨਾਮ ਸਿੰਘ, ਜੋ ਇਸ ਦੇ ਮੁਖੀ ਹਨ, ਨੇ ਵਿਸਥਾਰ ਨਾਲ ਇਹ ਪ੍ਰਗਰਾਮ ਪੇਸ਼ ਕੀਤਾ। ਮੁੱਖ ਨਿਸ਼ਾਨੀ ਵਜੋਂ ਵਿਦੇਸ਼ਾਂ ਵਿਚ ਹਰ ਥਾਂ ਬੈਠੇ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂਆਂ ਨੂੰ ਆਨਲਾਈਨ ਸਹੂਲਤ ਮੁਹੱਈਆ ਕਰ ਦਿੱਤੀ ਗਈ ਹੈ। ਮੈਂ ਉਥੇ ਕਈ ਜਾਣਕਾਰੀਆਂ ਪ੍ਰਾਪਤ ਕੀਤੀਆਂ ਕਿ ਕਿਵੇਂ ਲਾਭ ਮਿਲ ਸਕੇਗਾ। ਪਹਿਲਾਂ ਤਾਂ ਪੰਜਾਬੀ ਪੜ੍ਹਾਈ ਜਾਵੇਗੀ, ੳ, ਅ, ੲ, ਤੋਂ ਅਰੰਭ ਕਰਕੇ ਕੋਈ ਵੀ ਬਿਨਾਂ ਅਧਿਆਪਕ ਤੋਂ ਪੜ੍ਹ ਸਕੇਗਾ। ਇਥੋਂ ਤੱਕ ਵੀ ਸਹੂਲਤ ਹੈ ਕਿ

ਕੋਈ ਚਾਹੇ, ਆਪ ਕੀਰਤਨ ਕਰਨਾ ਸਿਖ ਸਕੇਗਾ, ਕੰਪਿਊਟਰ 'ਤੇ ਤੁਹਾਡੇ ਸਾਹਮਣੇ ਹਰਮੋਨੀਅਮ ਆ ਜਾਵੇਗਾ, ਸੁਰਾਂ ਦੀ ਵਰਤੋਂ ਸਿੱਖਣਾ ਆਸਾਨ ਹੈ। ਤੁਸੀਂ ਫਿਲਮ ਵਾਂਗੂ ਹਰ ਗੱਲ ਆਪ ਸਿੱਖ ਜਾਓਗੇ। ਇਸੇ ਮਰਿਆਦਾ, ਬਾਣੀ ਦਾ ਸ਼ੁੱਧ ਉਚਾਰਨ, ਕੀਰਤਨ, ਅਰਦਾਸ ਅਤੇ ਹੁਕਮਨਾਮਾ ਆਦਿ ਗੁਰਮਤਿ ਤੇ ਗੁਰਦੁਆਰਾ ਮਰਿਆਦਾ ਸੁਖੈਨ ਰੂਪ ਵਿਚ ਸਮਝਾਈ ਗਈ ਹੈ। ਮੈਂ ਇਹ ਜਾਣਦਾ ਹਾਂ ਕਿ ਵਿਸ਼ਵ ਪੱਧਰ 'ਤੇ ਇੰਟਰਨੈੱਟ ਦਾ ਬੋਲਬਾਲਾ ਹੈ ਤੇ ਸਿਖ ਵੀ ਇਹ ਵਰਤਦੇ ਹਨ। ਪਰ ਇਸ ਰਾਹੀਂ ਸਿਖ ਧਰਮ ਦੀ ਹਰ ਸ਼ਾਖਾ ਇਸ ਦਾ ਹਿੱਸਾ ਬਣ ਗਈ ਹੈ, ਕੇਵਲ ਤੁਸੀਂ ਕੁਨੈਕਸ਼ਨ ਜੋੜਨਾ ਹੈ।

ਹਰ ਗੁਰਦੁਆਰਾ ਇਸ ਦੀ ਵਰਤੋਂ ਕਰਕੇ ਸੰਗਤਾਂ ਨੂੰ ਜਾਣਕਾਰੀ ਦੇਵੇ। ਗੁਰਦੁਆਰੇ ਅੰਦਰ ਸਿਖ ਬੱਚਿਆਂ ਦਾ ਕੈਂਪ ਲਗਾ ਕੇ ਉਨ੍ਹਾਂ ਨੂੰ ਵਰਤੋਂ ਕਰਨ ਦੀ ਟ੍ਰੇਨਿੰਗ ਦਿਓ। ਬਿਨ੍ਹਾਂ ਕਿਸੇ ਫੀਸ ਤੋਂ ਭਾਵ ਮੁਫ਼ਤ ਹਰ ਕੋਈ ਐਲੀਮੈਂਟਰੀ ਕੋਰਸ ਕਰ ਸਕੇਗਾ। ਹਰ ਵਿਸ਼ੇ ਦੀ ਸਿਖਲਾਈ ਲੈਣੀ ਆਸਾਨ ਹੈ। ਇਸ ਪ੍ਰਗਰਾਮ ਵਿਚ ਸਿਖ ਟੀਚਰਜ਼ ਜਾਂ ਮਿਸ਼ਨਰੀ ਵੀ ਤਿਆਰ ਕੀਤੇ ਜਾ ਸਕਦੇ ਹਨ। ਯੂਨੀਵਰਸਿਟੀ ਤੁਹਾਨੂੰ ਰਜਿਸਟਰਡ ਕਰ ਲਵੇਗੀ, ਆਨਲਾਈਨ ਇਮਤਿਹਾਨ ਹੋ ਸਕਣਗੇ। ਉਥੇ ਬੈਠੇ ਪੰਜਾਬੀ ਯੂਨੀਵਰਸਿਟੀ ਦਾ ਸਿਲੇਬਸ ਪੜ੍ਹੋ ਤੇ ਫਿਰ ਸਟੱਡੀ ਦੀ ਸਹੂਲਤ ਆਨਲਾਈਨ ਲੈ ਕੇ ਡਿਗਰੀ ਪ੍ਰਾਪਤ ਕਰੋ। ਹਰ ਵਿਦੇਸ਼ ਦੇ ਗੁਰਦੁਆਰੇ ਨੂੰ ਅੰਗਰੇਜ਼ੀ ਪੜ੍ਹੇ ਵਿਦਵਾਨਾਂ ਦੀ ਲੋੜ ਹੈ। ਇਸ ਪ੍ਰਗਰਾਮ ਰਾਹੀਂ ਤੁਸੀਂ ਪੀ.ਐਚ.ਡੀ. ਦੀ ਡਿਗਰੀ ਵੀ ਲੈ ਸਕਦੇ ਹੋ। ਅੱਜ ਕੱਲ੍ਹ ਵੀਡੀਓ ਕਾਨਫਰੰਸ ਦੀ ਬੜੀ ਵਰਤੋਂ ਹੈ। ਉਸ ਰਾਹੀਂ ਯੂਨੀਵਰਸਿਟੀ ਵਿਦੇਸ਼ਾਂ ਵਿਚ ਕਈ ਥਾਂ ਸੈਂਟਰ ਬਣਾ ਕੇ ਵਿਦਿਆਰਥੀਆਂ ਨੂੰ ਪੜ੍ਹਾ ਸਕਦੀ ਹੈ। ਜਿਹੜੀਆਂ ਸਿਖ ਚੇਅਰਜ਼ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਹਨ, ਉਨ੍ਹਾਂ ਦਾ ਵੀ ਸੰਪਰਕ ਇਸ ਯੋਜਨਾ ਨਾਲ ਹੋਣਾ ਲਾਜ਼ਮੀ ਹੈ। ਉਨ੍ਹਾਂ ਨੂੰ ਬਿਨਾਂ ਖਰਚੇ ਤੋਂ ਏਨੀ ਸਹਾਇਤਾ ਮਿਲ ਸਕਦੀ ਹੈ। ਸਾਰੇ ਸਿਖ ਸਕਾਲਰ ਯੂਨੀਵਰਸਿਟੀ ਨਾਲ ਜੁੜ ਕੇ ਹਰ ਸਮੱਗਰੀ ਤਿਆਰ ਕਰ ਸਕਦੇ ਹਨ। ਸਿਖ ਚੇਅਰਜ਼ ਦੇ ਵਿਦਿਆਰਥੀ ਵੀਡੀਓ ਕਾਨਫਰੰਸ ਰਾਹੀਂ ਪਟਿਆਲਾ ਦੇ ਵਿਦਿਆਰਥੀਆਂ ਨਾਲ ਜੁੜ ਸਕਣਗੇ। ਇਹ ਵਿਦੇਸ਼ਾਂ ਵਿਚ ਸਿਖਾਂ ਦੀ ਮਹਾਨ ਸੇਵਾ ਹੈ। ਜਿਨ੍ਹਾਂ ਇੰਟਰਨੈੱਟ ਨੂੰ ਵਰਤੋਂ ਵਿਚ ਲਿਆਂਦਾ ਹੈ। ਬਾਹਰ ਸ਼ਰਧਾਵਾਨ ਸਿਖ ਇਸ ਵਿਸ਼ੇ 'ਤੇ ਕੰਮ ਕਰ ਰਹੇ ਹਨ, ਉਨ੍ਹਾਂ ਦੀ ਸ਼ਲਾਘਾ ਕਰਦਾ ਹਾਂ। ਹੁਣ ਸਾਰੇ ਮਿਲ ਕੇ ਯੂਨੀਵਰਸਿਟੀ ਦੇ ਇਸ ਉੱਦਮ ਨੂੰ ਵਧੇਰੇ ਵਰਤੋਂ

ਵਿਚ ਲਿਆਉਣ ਦੇ ਸੁਝਾਅ ਵੀ ਰੱਖੀਏ।

ਡਾ: ਜਸਪਾਲ ਸਿੰਘ ਆਪ ਅਮਰੀਕਾ ਅਤੇ ਕੈਨੇਡਾ ਵਿਚ ਜਾ ਕੇ ਵੇਖ ਆਏ ਹਨ ਕਿ ਕਿਵੇਂ ਅਸੀਂ ਪ੍ਰੋਗਰਾਮ ਚਲਾ ਸਕਦੇ ਹਾਂ। ਉਨ੍ਹਾਂ ਦੀ ਆਪਣੀ ਵਚਨਬੱਧਤਾ ਤੇ ਸਿਖੀ ਗਿਆਨ ਇਸ ਪ੍ਰੋਗਰਾਮ ਨੂੰ ਕਾਮਯਾਬ ਕਰਕੇ ਸਿਖ ਫਿਲਾਸਫੀ ਨੂੰ ਵਿਸ਼ਵ ਭਰ ਵਿਚ ਪਹੁੰਚਾਉਣ ਦਾ ਜਸ ਖੱਟੇਗਾ। ਇਸ ਵਕਤ ਹਰ ਸਿਖ ਨੂੰ, ਨਵੀਂ ਪੀੜ੍ਹੀ ਨੂੰ ਸਿਖੀ ਨਾਲ ਜੋੜੀ ਰੱਖਣ ਦਾ ਹਰ ਉਪਰਾਲਾ ਕਰਨ ਦੀ ਲੋੜ ਹੈ। ਅੰਗਰੇਜ਼ੀ ਪਿਛੋਂ ਫਰੈਂਚ ਤੇ ਸਪੈਨਿਸ਼ ਭਾਸ਼ਾ ਵਿਚ ਵੀ ਸਾਨੂੰ ਇਹ ਸਹੂਲਤ ਦੇਣੀ ਚਾਹੀਦੀ ਹੈ।

# ਨਮੂਨੇ ਦਾ ਸ਼ਿਵਾਲਿਕ ਕਾਲਜ

ਮੈਨੂੰ ਇਹ ਜਾਣ ਕੇ ਅਤਿ ਪ੍ਰਸੰਨਤਾ ਹੋਈ ਹੈ ਕਿ ਸ਼ਿਵਾਲਕ ਕਾਲਜ ਆਫ਼ ਐਜੂਕੇਸ਼ਨ ਆਪਣੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਪੰਜਾਬ ਦੇ ਸਿੱਖਿਆ ਜਗਤ ਵਿਚ ਅਹਿਮ ਯੋਗਦਾਨ ਪਾ ਰਿਹਾ ਹੈ। ਅਕਾਦਮਿਕ ਖੇਤਰ ਵਿਚ ਡਿਗਰੀ ਕਾਲਜਾਂ ਅਤੇ ਟੈਕਨੀਕਲ ਕਾਲਜਾਂ ਨਾਲੋਂ ਬੀ. ਐਡ. ਕਾਲਜਾਂ ਦਾ ਮਹੱਤਵ ਵਧੇਰੇ ਹੈ। ਇਹ ਕਾਲਜ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ ਯੋਗ ਅਧਿਆਪਕਾਂ ਦੇ ਨਿਰਮਾਤਾ ਹਨ। ਵਿਦਿਅਕ ਸੰਸਥਾਵਾਂ ਦੀਆਂ ਤਿੰਨ ਅਹਿਮ ਧਿਰਾਂ ਹੁੰਦੀਆਂ ਹਨ; ਪ੍ਰਬੰਧਕ, ਅਧਿਆਪਕ ਅਤੇ ਵਿਦਿਆਰਥੀ। ਇਨ੍ਹਾਂ ਤਿੰਨਾਂ 'ਚੋਂ ਸਭ ਤੋਂ ਅਹਿਮ ਭੂਮਿਕਾ ਅਧਿਆਪਕ ਦੀ ਹੁੰਦੀ ਹੈ। ਜੇਕਰ ਅਸੀਂ ਸਹੀ ਢੰਗ ਨਾਲ ਵਿਦਿਆ ਦਾ ਪ੍ਰਸਾਰ ਕਰਨਾ ਹੈ ; ਦੇਸ਼ ਨੂੰ ਵਿਕਾਸ ਦੇ ਰਾਹ ਤੋਰਨਾ ਹੈ ; ਨਵੀਂ ਪੀੜ੍ਹੀ ਨੂੰ ਭਵਿੱਖ ਦੀਆਂ ਚੁਣੌਤੀਆਂ ਨਾਲ ਜੁੜਣ ਲਈ ਤਿਆਰ ਕਰਨਾ ਹੈ; ਚੰਗੇ ਸਮਾਜ ਦੀ ਸਿਰਜਣਾ ਕਰਨੀ ਹੈ; ਸਮੇਂ ਦੀ ਸੋਚ ਮੁਤਾਬਕ ਨਵੀਂ ਪੀੜ੍ਹੀ ਨੂੰ ਲਬਰੇਜ਼ ਕਰਨਾ ਹੈ ਤਾਂ ਮਿਆਰੀ ਅਧਿਆਪਕਾਂ ਦਾ ਹੋਣਾ ਅਤਿ ਆਵਸ਼ਕ ਹੈ। ਮੈਨੂੰ ਖੁਸ਼ੀ ਹੈ ਕਿ ਤੁਹਾਡੀ ਸੰਸਥਾ ਇਸ ਦਿਸ਼ਾ 'ਚ ਸਲਾਹੁਣਯੋਗ ਕੰਮ ਕਰ ਰਹੀ ਹੈ।

ਪਿਛਲੇ 10-15 ਸਾਲ ਦੇ ਅੰਤਰਗਤ ਉੱਤਰੀ ਭਾਰਤ ਵਿਚ ਵਿਦਿਆ ਦੇ ਪ੍ਰਚਾਰ ਪ੍ਰਸਾਰ ਲਈ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਨਾਲ ਨਾਲ ਬੜੀ ਵੱਡੀ ਗਿਣਤੀ ਵਿਚ ਪ੍ਰਾਈਵੇਟ ਵਿਦਿਅਕ ਅਦਾਰੇ ਹੋਂਦ ਵਿਚ ਆਏ ਹਨ। ਵਿਸ਼ੇਸ਼ ਤੌਰ ਤੇ ਟੈਕਨੀਕਲ ਅਤੇ ਬੀ.ਐਡ. ਕਾਲਜਿਜ਼। ਸਮੇਂ ਦੀ ਮੰਗ ਅਨੁਸਾਰ ਇਨ੍ਹਾਂ ਸੰਸਥਾਵਾਂ ਦਾ ਵਿਦਿਆ ਦੇ ਪ੍ਰਚਾਰ ਪ੍ਰਸਾਰ 'ਚ ਅੱਗੇ ਆਉਣਾ ਸਵਾਗਤਯੋਗ ਸੀ। ਪਰ ਮੈਨੂੰ ਇਹ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਇਨ੍ਹਾਂ ਪ੍ਰਾਈਵੇਟ ਵਿਦਿਅਕ ਅਦਾਰਿਆਂ 'ਚੋਂ ਬਹੁਤੇ ਕੋਰਪੋਰੇਟ ਸੈਕਟਰ ਵਰਗੀ ਆਪਣੀ ਵਿਲੱਖਣਤਾ ਨੂੰ ਪ੍ਰਗਟ ਕਰਨ ਦੀ ਥਾਂ ਮਾਤਰ ਡਿਗਰੀ ਪ੍ਰਦਾਨ ਕਰਨ ਤੱਕ ਹੀ ਸੀਮਤ ਹੋ ਗਏ ਹਨ। ਫਲਸਰੂਪ ਵਿਦਿਆ ਦਾ ਪਾਸਾਰ ਤਾਂ ਹੋ ਰਿਹਾ ਹੈ ਪਰ ਮਿਆਰ ਡਿੱਗਦਾ ਜਾ ਰਿਹਾ ਹੈ। ਪੰਜਾਬ ਵਿਚ ਧੜਾ ਧੜ ਖੁੱਲ੍ਹੇ

ਇੰਜੀਨੀਅਰਿੰਗ ਅਤੇ ਬੀ.ਐਡ. ਕਾਲਜਾਂ 'ਚੋਂ ਬਹੁਤਿਆਂ ਦੀ ਮਾੜੀ ਕਾਰਗੁਜ਼ਾਰੀ ਮੇਰੀ ਇਸ ਧਾਰਨਾ ਦੀ ਪ੍ਰੋੜ੍ਹਤਾ ਕਰਦੀ ਹੈ।

ਇਸ ਸਮੇਂ ਪੰਜਾਬ ਵਿਚ ਲਗਪਗ 200 ਬੀ.ਐਡ. ਕਾਲਜ ਹਨ ਅਤੇ ਲਗਪਗ 300 ਹੋਰ ਸਰਕਾਰ ਵਲੋਂ ਐਨ.ਓ.ਸੀ./ਅਪਰੂਵਲ ਲੈਣ ਲਈ ਕਤਾਰ ਵਿਚ ਹਨ। ਪੰਜਾਬ ਦੇ ਮੌਜੂਦਾ 186 ਕਾਲਜਾਂ 'ਚ ਬੀ.ਐਡ. ਦੀਆਂ ਲਗਪਗ 28000 ਸੀਟਾਂ ਹਨ, ਜਿਨ੍ਹਾਂ 'ਚੋਂ ਕੇਵਲ 12000 ਸੀਟਾਂ ਹੀ ਭਰੀਆਂ ਗਈਆਂ ਹਨ। ਹਰਿਆਣਾ 'ਚ ਸਥਿਤੀ ਹੋਰ ਵੀ ਭਿਅੰਕਰ ਹੈ। ਹਰਿਆਣਾ 'ਚ ਲਗਪਗ 500 ਬੀ.ਐਡ. ਕਾਲਜ ਹਨ ਅਤੇ 60000 ਤੋਂ ਜ਼ਿਆਦਾ ਸੀਟਾਂ ਹਨ, ਬਹੁਤੇ ਕਾਲਜ ਆਪਣੀ ਹੋਂਦ ਬਚਾਉਣ ਲਈ ਦੂਜੇ ਰਾਜਾਂ ਤੋਂ ਵਿਦਿਆਰਥੀ ਲਿਆਉਂਦੇ ਹਨ। ਖਾਲੀ ਸੀਟਾਂ ਭਰਨ ਦੇ ਲਾਲਚ 'ਚ ਕਲਾਸਾਂ ਰੈਗੂਲਰ ਨਾ ਅਟੈਂਡ ਕਰਨ ਦੀ ਸੁਵਿਧਾ ਦਿੱਤੀ ਜਾਂਦੀ ਹੈ। ਕਈ ਵਿਦਿਆਰਥੀ ਤਾਂ ਕੇਵਲ ਇਮਤਿਹਾਨ ਦੇਣ ਆਉਂਦੇ ਹਨ। ਪਿਛਲੇ ਸਾਲ ਇਸ ਪ੍ਰਵਿਰਤੀ ਦਾ ਬੜੀ ਸਖਤਾਈ ਨਾਲ ਨੋਟਿਸ ਲੈਂਦਿਆਂ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਐਨ. ਸੀ. ਟੀ. ਈ. ਨੂੰ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲੇ ਕਾਲਜਾਂ ਵਿਰੁੱਧ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਸਨ ਅਤੇ ਉਪਰੰਤ ਐਨ. ਸੀ. ਟੀ. ਈ. ਵੱਲੋਂ 300 ਤੋਂ ਵੱਧ ਕਾਲਜਾਂ ਨੂੰ ਨੋਟਿਸ ਜਾਰੀ ਕੀਤੇ ਸਨ, ਜਿਨ੍ਹਾਂ ਕੋਲ ਨਾ ਲੋੜੀਂਦਾ ਢਾਂਚਾ ਸੀ ਅਤੇ ਨਾ ਹੀ ਨਿਯਮਾਂ ਅਨੁਸਾਰ ਤਜਰਬੇਕਾਰ ਅਤੇ ਸਿੱਖਿਅਕ ਅਧਿਆਪਕ। ਤੁਸੀਂ ਆਪ ਹੀ ਸੋਚੋ ਕਿ ਅਜਿਹੀਆਂ ਸੰਸਥਾਵਾਂ ਤੋਂ ਵਿਦਿਆ ਗ੍ਰਹਿਣ ਕਰਨ ਵਾਲੇ ਵਿਦਿਆਰਥੀਆਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ? ਪੰਜਾਬ ਦੇ ਕਈ ਬੀ.ਐਡ. ਕਾਲਜਾਂ ਦੀ ਸਥਿਤੀ ਚੰਗੀ ਨਹੀਂ। ਬਹੁਤੇ ਕਾਲਜਾਂ ਦੇ ਪ੍ਰਬੰਧਕਾਂ ਦਾ ਸਿੱਖਿਆ ਨਾਲ ਦੂਰ ਦਾ ਵੀ ਵਾਸਤਾ ਨਹੀਂ। ਮੈਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਸ਼ਿਵਾਲਕ ਕਾਲਜ ਦੇ ਪ੍ਰਬੰਧਕ ਖ਼ੁਦ ਪੜ੍ਹੇ ਲਿਖੇ ਹਨ ਅਤੇ ਇਸ ਖੇਤਰ 'ਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਪ੍ਰਤਿਬੱਧ ਹਨ। ਕਾਲਜ ਦਾ ਵਧੀਆ ਢਾਂਚਾ ਹੈ ਅਤੇ ਯੋਗਤਾ ਪ੍ਰਾਪਤ ਅਧਿਆਪਕ ਹਨ। ਵਿਦਿਆਰਥੀਆਂ ਨੂੰ ਲੋੜੀਂਦੀਆਂ ਸੁਵਿਧਾਵਾਂ ਮੁਹੱਈਆ ਹਨ। ਇਸ ਪੱਖੋਂ ਮੈਂ ਪ੍ਰਬੰਧਕ ਕਮੇਟੀ ਨੂੰ ਮੁਬਾਰਕਬਾਦ ਦੇਂਦਾ ਹਾਂ।

ਮੇਰੀ ਧਾਰਨਾ ਹੈ ਕਿ ਵਿਲੱਖਣ ਕਾਬਲੀਅਤ ਦੀ ਅੱਜ ਵੀ ਘਾਟ ਹੈ। ਲੋੜ ਹੈ ਕਿ ਅਜਿਹੇ ਅਧਿਆਪਕਾਂ ਦੀ, ਜਿਨ੍ਹਾਂ ਲਈ ਅਧਿਆਪਨ ਕਿੱਤਾ ਨਾ ਹੋ ਕੇ ਮਿਸ਼ਨ ਹੋਵੇ। ਜੋ ਆਪਣੇ ਵਿਸ਼ੇ ਖੇਤਰ ਦੇ ਗਿਆਨ ਨਾਲ ਪੂਰੀ ਤਰ੍ਹਾਂ ਲੈਸ ਹੋਣ; ਆਪਣੇ ਗਿਆਨ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣ

ਲਈ ਉਨ੍ਹਾਂ ਕੋਲ ਪ੍ਰਤਿਭਾ, ਗਿਆਨ ਦੇ ਨਾਲ ਸੰਚਾਰ ਯੋਗਤਾ ਹੋਵੇ ਅਤੇ ਸਭ ਤੋਂ ਵੱਧ ਉਨ੍ਹਾਂ ਵਿਚ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਵਿਸ਼ਵਾਸਨੀਅਤ ਅਤੇ ਆਪਾਵਾਰੂ ਰੁਚੀ ਹੋਵੇ। ਉਹ ਐਸੀ ਸ਼ਖਸੀਅਤ ਦੇ ਮਾਲਕ ਹੋਣ, ਜੋ ਵਿਦਿਆਰਥੀਆਂ ਲਈ ਰੋਲ ਮਾਡਲ ਬਣੇ।

ਇਸ ਗੱਲ ਵਿਚ ਕੋਈ ਸੰਦੇਹ ਨਹੀਂ ਕਿ ਮੌਜੂਦਾ ਸਮੇਂ ਹਜ਼ਾਰਾਂ ਅਜਿਹੇ ਨੌਜਵਾਨ ਬੇਰੁਜ਼ਗਾਰ ਹਨ, ਜਿਨ੍ਹਾਂ ਨੇ ਡਿਗਰੀ ਕਾਲਜਾਂ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਟੀਚਰ ਟ੍ਰੇਨਿੰਗ ਵਜੋਂ ਬੀ.ਐਡ./ਐਮ.ਐਡ ਆਦਿ ਕੀਤੀ ਹੋਈ ਹੈ ਪਰ ਮੇਰਾ ਮੰਨਣਾ ਹੈ ਕਿ ਪ੍ਰਤਿਭਾਵਾਨ, ਪ੍ਰਭਾਵਸ਼ਾਲੀ ਅਤੇ ਆਪਾਵਾਰੂ ਟੀਚਰਜ਼ ਦੀ ਅੱਜ ਵੀ ਘਾਟ ਹੈ। ਮੈਂ ਚਾਹੁੰਦਾ ਹਾਂ ਕਿ ਇਸ ਕਾਲਜ ਦੀ ਪ੍ਰਬੰਧਕ ਕਮੇਟੀ ਅਤੇ ਅਧਿਆਪਕ ਮਿਲ ਕੇ ਸੋਚ ਵਿਚਾਰ ਕਰੋ ਅਤੇ ਅਜਿਹੀ ਰੂਪ ਰੇਖਾ ਉਲੀਕੋ; ਅਜਿਹਾ ਸਿਸਟਮ; ਅਜਿਹੀ ਤਕਨੀਕ ਦਾ ਵਿਕਾਸ ਕਰੋ ਕਿ ਇਸ ਕਾਲਜ 'ਚ ਬੀ.ਐਡ. ਕਰਨ ਵਾਲੇ ਸਾਰੇ ਵਿਦਿਆਰਥੀ ਇਕ ਮਿਆਰੀ ਅਤੇ ਆਦਰਸ਼ਕ ਟੀਚਰ ਬਣਨ, ਜੋ ਦੂਜਿਆਂ ਲਈ ਰੋਲ ਮਾਡਲ ਹੋਣ। ਵੱਖ ਵੱਖ ਵਿਦਿਅਕ ਸੰਸਥਾਵਾਂ ਚੰਗੇ ਅਧਿਆਪਕਾਂ ਦੀ ਤਲਾਸ਼ ਲਈ ਇਸ ਕਾਲਜ ਦੇ ਦਰ 'ਤੇ ਦਸਤਕ ਦੇਣ।

ਅੱਜ ਦਾ ਯੁੱਗ ਮੁਕਾਬਲੇ ਦਾ ਯੁੱਗ ਹੈ। ਮੁਕਾਬਲੇ ਦੇ ਇਸ ਯੁੱਗ ਵਿਚ ਮਿਆਰੀ ਯੋਗਤਾ ਹੀ ਸਫਲਤਾ ਦੀ ਕਸਵੱਟੀ ਹੈ। ਮੈਂ ਇਸ ਕਾਲਜ 'ਚ ਵਿੱਦਿਆ ਗ੍ਰਹਿਣ ਕਰ ਰਹੇ, ਟੀਚਰ ਟ੍ਰੇਨਿੰਗ ਲੈ ਰਹੇ ਅਤੇ ਬਣਨ ਵਾਲੇ ਅਧਿਆਪਕਾਂ ਨੂੰ ਇਹੀ ਸਲਾਹ ਦਿਆਂਗਾ ਕਿ ਉਹ ਆਪਣੇ ਆਪ ਨੂੰ ਉਨ੍ਹਾਂ ਗੁਣਾਂ ਨਾਲ ਲਬਰੇਜ਼ ਕਰਨ, ਜੋ ਵਧੀਆ ਟੀਚਰ ਲਈ ਲੋੜੀਂਦੇ ਹਨ। ਵਿਸ਼ੇ ਦੇ ਗਿਆਨ ਦੇ ਨਾਲ ਨਾਲ ਸੰਚਾਰ ਯੋਗਤਾ ਵਿਕਸਿਤ ਕਰੋ ਅਤੇ ਇਸ ਤੋਂ ਵਧੇਰੇ ਇਕ ਅਜਿਹੇ ਅਧਿਆਪਕ ਵਰਗੀ ਸ਼ਖਸੀਅਤ ਵਿਕਸਤ ਕਰੋ ਜਿਸ ਨੂੰ ਤੁਸੀਂ ਆਦਰਸ਼ ਤਸੱਵਰ ਕਰਦੇ ਹੋ। ਆਪਣੇ ਆਪ ਨੂੰ ਸੁਚੱਜੀਆਂ ਕਦਰਾਂ ਕੀਮਤਾਂ ਨਾਲ ਸ਼ਿੰਗਾਰੋ ਤਾਂ ਜੋ ਤੁਸੀਂ ਨਵੀਂ ਪੀੜ੍ਹੀ ਨੂੰ ਵਿਦਿਆ ਦੇਣ ਦੇ ਨਾਲ ਉਨ੍ਹਾਂ ਵਿਚ ਨੈਤਿਕ ਕਦਰਾਂ ਕੀਮਤਾਂ ਪ੍ਰਦਾਨ ਕਰ ਸਕੋ। ਇਥੇ ਮੈਨੂੰ ਗੁਰੂ ਨਾਨਕ ਸਾਹਿਬ ਦੀ ਵਿੱਦਿਆ ਬਾਰੇ ਦਿੱਤੀ ਕਸੌਟੀ ਯਾਦ ਆ ਰਹੀ ਹੈ;

**ਵਿਦਿਆ ਵੀਚਾਰੀ ਤਾ ਪਰਉਪਕਾਰੀ॥**

ਸਹੀ ਅਰਥਾਂ ਵਿਚ ਵਿੱਦਿਆ ਉਹ ਹੈ ਜੋ ਵਿਦਿਆਰਥੀ ਅਤੇ ਦੂਜਿਆਂ ਵਿਚ ਪਰਉਪਕਾਰ, ਦਿਆਲਤਾ ਅਤੇ ਹਮਦਰਦੀ ਦੀ ਭਾਵਨਾ ਪੈਦਾ ਕਰਦੀ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਤੁਸੀਂ ਆਪਣੀ ਪ੍ਰਤਿਭਾ

ਅਤੇ ਯੋਗਤਾ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਰ ਪੱਖੋਂ ਸਿੱਖਿਅਤ ਅਤੇ ਉਨ੍ਹਾਂ ਦਾ ਸਰਬ ਪੱਖੀ ਵਿਕਾਸ ਕਰਕੇ ਸਮਾਜ ਦੀ ਨੁਹਾਰ ਬਦਲ ਸਕਦੇ ਹੋ।

ਇਸੇ ਤਰ੍ਹਾਂ ਅਧਿਆਪਕਾਂ ਨੂੰ ਵੀ ਮੇਰੀ ਸਲਾਹ ਹੈ ਕਿ ਉਹ ਆਪਣੇ ਆਪ ਨੂੰ ਆਪਣੇ ਵਿਸ਼ੇ ਦੇ ਖੇਤਰ ਦੇ ਗਿਆਨ ਨਾਲ ਹੋਰ ਲੈਸ ਕਰਨ ਲਈ ਨਵੀਨਤਮ ਗਿਆਨ ਨਾਲ ਜੁੜਣ ਲਈ ਪੜ੍ਹਦੇ ਰਹਿਣ। ਇਸਦੇ ਨਾਲ ਹੀ ਆਪਣੇ ਗਿਆਨ ਨੂੰ ਵਧਾਓ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ ਨਾਲ ਜਾਣੂੰ ਹੋਣ ਲਈ ਹਰ ਰੋਜ਼ ਅਖ਼ਬਾਰ ਪੜ੍ਹਨ ਦੀ ਰੁਚੀ ਵਿਕਸਤ ਕਰੋ। ਆਪਣੇ ਕਿੱਤੇ ਨੂੰ ਮਿਸ਼ਨ ਵਜੋਂ ਲੈ ਕੇ ਭਵਿੱਖ ਦੇ ਟੀਚਰਾਂ ਦੇ ਨਿਰਮਾਣ 'ਚ ਆਪਣਾ ਯੋਗਦਾਨ ਦਿਓ। ਚਾਣਕਯ ਅਨੁਸਾਰ ਟੀਚਰ ਹੀ ਸਹੀ ਅਰਥਾਂ ਵਿਚ ਰਾਸ਼ਟਰ ਦੇ ਨਿਰਮਾਤਾ ਹਨ। ਆਪਣੇ ਅਤੇ ਆਪਣੇ ਵਿਦਿਆਰਥੀਆਂ ਅੰਦਰ ਅਨੁਸਾਸ਼ਨ ਪੈਦਾ ਕਰੋ। ਆਪਣੇ ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਦੇ ਸਿਰਜਕ ਅਤੇ ਰਖਵਾਲੇ ਬਣੋ। ਯਾਦ ਰਹੇ ਕਿ ਵਧੀਆ ਵਿਦਿਅਰਥੀ ਵਧੀਆ ਅਧਿਆਪਕਾਂ ਦਾ ਪ੍ਰਤੀਬਿੰਬ ਹੋਣਗੇ। ਇਸੇ ਤਰ੍ਹਾਂ ਹੀ ਮੇਰੀ ਪ੍ਰਬੰਧਕੀ ਕਮੇਟੀ ਨੂੰ ਗੁਜ਼ਾਰਿਸ਼ ਹੈ ਕਿ ਉਹ ਹਰ ਸਾਲ ਇਸ ਅਦਾਰੇ 'ਚੋਂ ਉੱਤਮ ਟੀਚਰ ਦੀ ਚੋਣ ਕਰਕੇ ਉਸ ਨੂੰ ਸਨਮਾਨਿਤ ਕਰਨ ਦੀ ਰਵਾਇਤ ਸ਼ੁਰੂ ਕਰਨ ਅਤੇ ਸਨਮਾਨ ਦੇ ਨਾਲ ਨਾਲ ਉੱਤਮ ਟੀਚਰ ਨੂੰ ਵਿੱਤੀ ਮਦਦ ਦਿੱਤੀ ਜਾਵੇ। ਅਜਿਹਾ ਕਰਨ ਨਾਲ ਸਾਰੇ ਟੀਚਰਾਂ ਵਿਚ ਆਪਣੀ ਕਾਰਗੁਜ਼ਾਰੀ ਨੂੰ ਹੋਰ ਵਧੀਆ ਅਤੇ ਪ੍ਰਭਾਵਸ਼ਾਲੀ ਬਣਾਉਣ ਦਾ ਉਤਸ਼ਾਹ ਪੈਦਾ ਹੋਵੇਗਾ। ਇਸ ਤਰ੍ਹਾਂ ਹੀ ਕਾਲਜ ਦੇ ਢਾਂਚੇ ਵਿਚ ਆਧੁਨਿਕ ਤਕਨੀਕਾਂ ਨਾਲ ਪੜ੍ਹਾਈ ਦੀਆਂ ਹੋਰ ਸਹੂਲਤਾਂ ਮੁਹੱਈਆ ਕਰਵਾਓ ਤਾਂ ਜੋ ਢਾਂਚਾ ਅਤੇ ਅਕਾਦਮਿਕ ਕਲਚਰ ਵਜੋਂ ਇਹ ਸੰਸਥਾ ਪੰਜਾਬ ਦੀ ਨਮੂਨੇ ਦੀ ਸੰਸਥਾ ਬਣ ਜਾਵੇ।

# ਭਾਰਤੀ ਲੋਕਤੰਤਰ ਦੇ ਸੱਠ ਸਾਲ: ਇਕ ਪੜਚੋਲ

ਭਾਰਤ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਹਾਸਿਲ ਹੈ। ਵੱਖ ਵੱਖ ਕੌਮਾਂ, ਧਰਮਾਂ, ਜਾਤਾਂ, ਭਾਸ਼ਾਵਾਂ ਅਤੇ ਵਿਚਾਰਧਾਰਾਵਾਂ ਨਾਲ ਜੁੜੇ ਹੋਣ ਦੇ ਬਾਵਜੂਦ ਸਾਰੇ ਭਾਰਤਵਾਸੀ ਇਕਜੁੱਟ ਹੋ ਕੇ ਲੋਕਤੰਤਰਿਕ ਸ਼ਾਸਨ ਪ੍ਰਣਾਲੀ ਵਿਚ ਪੂਰਨ ਆਸਥਾ ਬਣਾਈ ਬੈਠੇ ਹਨ ਅਤੇ ਉਨ੍ਹਾਂ ਦੀ ਇਹ ਆਸਥਾ ਦਿਨ-ਬ-ਦਿਨ ਹੋਰ ਪਕੇਰੀ ਹੁੰਦੀ ਜਾ ਰਹੀ ਹੈ। ਭਾਰਤ ਵਿਚ ਲੋਕਤੰਤਰ ਦੀ ਸਥਾਪਨਾ ਭਾਵੇਂ ਦੇਸ਼ ਦੀ ਅਜ਼ਾਦੀ ਉਪਰੰਤ 26 ਜਨਵਰੀ 1948 ਤੋਂ ਮੰਨੀ ਜਾਂਦੀ ਹੈ ਪਰ ਇਸ ਦੀਆਂ ਜੜ੍ਹਾਂ ਸਾਡੇ ਪੁਰਾਤਨ ਇਤਿਹਾਸ ਵਿਚ ਵੇਖਣ ਨੂੰ ਮਿਲਦੀਆਂ ਹਨ। ਵੈਦਿਕ ਕਾਲ ਵਿਚ ਸਾਡੇ ਦੇਸ਼ ਵਿਚ ਲੋਕਤੰਤਰੀ ਸੰਸਥਾਵਾਂ ਹੋਣ ਦੇ ਪ੍ਰਮਾਣ ਮਿਲਦੇ ਹਨ। ਇਸ ਕਾਲ ਵਿਚ ਰਾਜਤੰਤਰਾਂ ਦੇ ਹੁੰਦਿਆਂ ਹੋਇਆ ਵੀ ਸਾਡੇ ਦੇਸ਼ ਵਿਚ ਛੋਟੇ -ਛੋਟੇ ਪ੍ਰਭੂਸੱਤਾ ਸੰਪੰਨ ਗਣਰਾਜ ਕਾਇਮ ਹਨ, ਜਿਨ੍ਹਾਂ ਵਿਚ ਵਿਭਿੰਨ ਵਿਚਾਰਧਾਰਾਵਾਂ ਅਤੇ ਵਿਭਿੰਨ ਪੂਜਾ ਅਰਚਨਾ ਵਿਧੀਆਂ ਦੇ ਅਨੁਸਾਰੀ ਵੱਖ-ਵੱਖ ਫਿਰਕਿਆਂ ਦੇ ਲੋਕ ਪੂਰਨ ਸਦਭਾਵਨਾ ਦੇ ਮਾਹੌਲ ਵਿਚ ਵਿਚਰਦੇ ਸਨ।

ਲੋਕਤੰਤਰ ਦੀ ਸਥਾਪਨਾ ਤੋਂ ਪਹਿਲਾਂ ਸਾਡੇ ਦੇਸ਼ ਵਿਚ ਅੰਗਰੇਜ਼ਾਂ ਦਾ ਸ਼ਾਸਨ ਲਗਪਗ 200 ਸਾਲ ਰਿਹਾ ਅਤੇ ਇਸ ਤੋਂ ਪਹਿਲਾਂ ਸਦੀਆਂ ਬੱਧੀ ਪਹਿਲਾਂ ਇਥੇ ਹਿੰਦੂ ਰਾਜਿਆਂ ਨੇ ਅਤੇ ਬਾਅਦ ਵਿਚ ਮੁਗਲ ਬਾਦਸ਼ਾਹਾਂ ਨੇ ਰਜਵਾੜਾਸ਼ਾਹੀ ਪਰੰਪਰਾ ਨੂੰ ਕਾਇਮ ਰੱਖਿਆ। ਇਨ੍ਹਾਂ ਦੋਹਾਂ ਸ਼ਾਸਨ ਪ੍ਰਣਾਲੀਆਂ ਦੇ ਗੁਣ-ਦੋਸ਼ ਪਰਿਣਾਮ ਸਾਡੇ ਰਾਜਸੀ ਆਗੂਆਂ ਸਾਹਮਣੇ ਸਨ। ਦਰਅਸਲ ਅੰਗਰੇਜ਼ਾਂ ਨਾਲ ਸਾਡੀ ਲੜਾਈ ਹੀ ਲੋਕਤੰਤਰ ਦੀ ਸਥਾਨਪਨਾ ਲਈ ਸੀ। ਇਸ ਲਈ ਜਦੋਂ ਦੇਸ਼ ਅਜ਼ਾਦ ਹੋਇਆਂ ਤਾਂ ਉਸ ਸਮੇਂ ਦੇ ਸਾਡੇ ਪ੍ਰਮੁੱਖ ਨੇਤਾਵਾਂ ਨੇ ਬਿਨਾਂ ਕਿਸੇ ਵਾਦ-ਵਿਵਾਦ ਦੇ ਭਾਰਤ ਨੂੰ ਲੋਕਤੰਤਰਿਕ ਗਣਰਾਜ ਬਣਾਉਣ ਦਾ ਨਿਰਣਾ ਲਿਆ ਤਾਂ ਜੋ ਅਜ਼ਾਦੀ ਦਾ ਸੁੱਖ, ਅਜ਼ਾਦੀ ਦਾ ਫਲ ਸਾਰੇ ਦੇਸ਼ਵਾਸੀ ਮਾਣ ਸਕਣ ਕਿਉਂਕਿ ਅੰਗਰੇਜ਼ੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਦੇਸ਼ਵਾਸੀਆਂ ਨੇ ਕਈ ਜ਼ੁਲਮਾਂ ਨੂੰ ਪਿੰਡੇ ਉੱਤੇ ਸਹਾਰਦਿਆਂ ਅਣਗਿਣਤ ਕੁਰਬਾਨੀਆਂ ਦਿੱਤੀਆਂ ਸਨ। ਇਸੇ ਲਈ ਸਾਡਾ ਸੰਵਿਧਾਨ ਭਾਰਤ ਨੂੰ ਇਕ ਲੋਕਤੰਤਰਿਕ, ਧਰਮ

ਨਿਰਪੇਖ ਅਤੇ ਸਮਾਜਵਾਦੀ ਗਣਰਾਜ ਘੋਸ਼ਿਤ ਕਰਦਾ ਹੈ।

ਭਾਰਤ ਵਿਚ ਲੋਕਤੰਤਰ ਦੀ ਕਾਇਮੀ ਨੂੰ ਲਗਪਗ 60 ਸਾਲ ਹੋ ਚੁੱਕੇ ਹਨ। ਇਸ ਸ਼ਾਸਨ ਪ੍ਰਣਾਲੀ ਦੀ ਸਭ ਤੋਂ ਵੱਡੀ ਕਾਮਯਾਬੀ ਇਹ ਰਹੀ ਹੈ ਕਿ ਇਨ੍ਹਾਂ ਸਾਲਾਂ ਵਿਚ ਭਾਰਤ ਨੇ ਵਿਭਿੰਨ ਖੇਤਰਾਂ ਵਿਚ ਅਨੇਕਾਂ ਬੁਲੰਦੀਆਂ, ਪ੍ਰਾਪਤੀਆਂ ਹਾਸਿਲ ਕੀਤੀਆਂ ਹਨ। ਇਸ ਸਮੇਂ ਸਾਡਾ ਦੇਸ਼ ਵਿਸ਼ਵ ਦੀਆਂ ਮਹਾਨ ਸ਼ਕਤੀਆਂ ਵਿਚ ਗਿਣੇ ਜਾਣ ਦੀ ਸੰਭਾਵਨਾ ਬਣ ਗਿਆ ਹੈ। ਇਹੀ ਕਾਰਨ ਹੈ ਕਿ ਅਮਰੀਕਾ ਵਰਗਾ ਸ਼ਕਤੀਸ਼ਾਲੀ ਦੇਸ਼ ਸਾਡੇ ਨਾਲ ਦੋਸਤੀ ਕਰਨਾ ਚਾਹੁੰਦਾ ਹੈ। ਦੇਸ਼ ਦੀ ਆਜ਼ਾਦੀ ਉਪਰੰਤ ਅਸੀਂ ਆਰਥਿਕ, ਸਮਾਜਿਕ, ਵਿੱਦਿਅਕ, ਉਦਯੋਗਿਕ, ਖੇਤੀ ਸੈਕਟਰ, ਟ੍ਰਾਂਸਪੋਰਟ, ਦੂਰ ਸੰਚਾਰ, ਸੁਰੱਖਿਆ ਅਤੇ ਸਾਇੰਸ ਤੇ ਤਕਨਾਲੋਜੀ ਦੇ ਖੇਤਰ ਵਿਚ ਜੋ ਤਰੱਕੀ ਕੀਤੀ ਹੈ, ਉਸ ਦਾ ਸਿਹਰਾ ਸਾਡੀ ਲੋਕਤੰਤਰਿਕ ਸ਼ਾਸਨ-ਪ੍ਰਣਾਲੀ ਦੇ ਸਿਰ ਬੱਝਦਾ ਹੈ। ਇਨ੍ਹਾਂ ਸੱਠ ਸਾਲਾਂ ਵਿਚ ਹੋਈ ਬਹੁ-ਪੱਖੀ ਪ੍ਰਗਤੀ ਕਾਰਨ ਭਾਰਤ ਵਿਕਸਿਤ ਦੇਸ਼ਾਂ ਵਿਚ ਸ਼ਾਮਿਲ ਹੋ ਗਿਆ ਹੈ। ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਸਾਡੇ ਦੇਸ਼ ਵਿਚ ਲੋਕਤੰਤਰ ਦੀਆਂ ਜੜ੍ਹਾਂ ਦਿਨ-ਬ-ਦਿਨ ਮਜ਼ਬੂਤ ਹੋ ਰਹੀਆਂ ਹਨ ਜਦ ਕਿ ਸਾਡਾ ਗੁਆਂਢੀ ਦੇਸ਼ ਪਾਕਿਸਤਾਨ ਲੋਕਤੰਤਰ ਦੀ ਸਹੀ ਸਥਾਪਨਾ ਛੇ ਦਹਾਕੇ ਬੀਤ ਜਾਣ ਦੇ ਬਾਵਜੂਦ ਵੀ ਹਾਲੇ ਤਰਲੇ ਮਾਰ ਰਿਹਾ ਹੈ। ਇਸੇ ਤਰ੍ਹਾਂ ਏਸ਼ੀਆ ਦੇ ਕਈ ਦੇਸ਼ਾਂ ਵਿਚ ਅਜੇ ਤਕ ਲੋਕਤੰਤਰ ਦੀ ਸਥਾਪਨਾ ਨਹੀਂ ਹੋ ਸਕੀ।

ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਲੋਕਤੰਤਰ ਦੇ ਤਿੰਨ ਆਧਾਰਭੂਤ ਸਤੰਭ ਹਨ ਜੋ ਸਾਡੇ ਦੇਸ਼ ਦੀ ਖੁਸ਼ਹਾਲੀ ਦਾ ਆਧਾਰ ਬਣੇ ਹਨ। ਜਿਥੇ ਦੇਸ਼ ਦਾ ਸਰਬਪੱਖੀ ਵਿਕਾਸ ਹੋਇਆ ਹੈ, ਉਥੇ ਨਾਲ ਹੀ ਦੇਸ਼ਵਾਸੀਆਂ ਨੂੰ ਵੱਧਣ-ਫੁੱਲਣ ਦੇ ਬਰਾਬਰ ਦੇ ਅਵਸਰ ਪ੍ਰਾਪਤ ਹੋਏ ਹਨ। ਧਰਮ, ਜਾਤ-ਪਾਤ, ਊਚ-ਨੀਚ, ਖੇਤਰ ਅਤੇ ਨਸਲ ਦੇ ਆਧਾਰ ਉੱਤੇ ਕਿਸੇ ਨਾਲ ਵਿਤਕਰਾ ਨਾ ਹੋਣ ਦਾ ਹੀ ਪਰਿਣਾਮ ਹੈ ਕਿ ਜਿਥੇ ਸਾਡਾ ਜੀਵਨ-ਪੱਧਰ ਉੱਚਾ ਹੋਇਆ ਹੈ, ਉੱਥੇ ਅਸੀਂ ਵਿਦੇਸ਼ਾਂ ਵਿਚ ਵੀ ਆਪਣੀ ਧਾਂਕ ਜਮਾਈ ਹੈ। ਆਰਥਿਕ ਅਤੇ ਸਮਾਜਿਕ ਤਰੱਕੀ ਦੇ ਨਾਲ-ਨਾਲ ਅਸੀਂ ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚ ਜੋ ਮੱਲਾਂ ਮਾਰੀਆਂ ਹਨ, ਉਹ ਨਿਸ਼ਚੈ ਹੀ ਸ਼ਲਾਘਾਯੋਗ ਹਨ। ਸਾਡੇ ਦੇਸ਼ ਦੇ ਪ੍ਰਤਿਭਾਸ਼ਾਲੀ ਕੰਪਿਊਟਰ ਇੰਜੀਨੀਅਰ ਅਤੇ ਹਜ਼ਾਰਾਂ ਡਾਕਟਰ ਵਿਦੇਸ਼ਾਂ ਵਿਚ ਆਪਣੀ ਯੋਗਤਾ ਦਾ ਲੋਹਾ ਮੰਨਵਾ ਰਹੇ ਹਨ। 1974 ਵਿਚ ਅਤੇ

1999 ਵਿਚ ਪ੍ਰਮਾਣੂ ਸ਼ਕਤੀ ਪਰੀਖਣ ਕਰਕੇ ਅਸੀਂ ਵਿਸ਼ਵ ਨੂੰ ਦਰਸਾ ਦਿੱਤਾ ਹੈ ਕਿ ਅਸੀਂ ਵਿਗਿਆਨਿਕ ਖੇਤਰ ਵਿਚ ਵੀ ਕਿਸੇ ਤੋਂ ਪਿੱਛੇ ਨਹੀਂ। 1975 ਤੋਂ ਲੈ ਕੇ ਹੁਣ ਤੱਕ ਅਸੀਂ ਸਪੇਸ ਵਿਚ ਕਈ ਉਪਗ੍ਰਹਿ ਸਫਲਤਾ ਸਹਿਤ ਭੇਜ/ਉਤਾਰ ਚੁੱਕੇ ਹਾਂ। ਸਾਡੇ ਕਈ ਵਿਗਿਆਨੀ ਪੁਲਾੜ ਵਿਚ ਘੁੰਮ ਆਏ ਹਨ ਜਿਨ੍ਹਾਂ ਵਿਚ ਰਾਕੇਸ਼ ਸ਼ਰਮਾ, ਕਲਪਨਾ ਚਾਵਲਾ ਅਤੇ ਸੁਨੀਤਾ ਵਿਲੀਅਮ ਦੇ ਨਾਂ ਪ੍ਰਮੁੱਖ ਹਨ। ਬੜੀ ਜਲਦੀ ਹੀ ਸਾਡੇ ਪੁਲਾੜ ਵਿਗਿਆਨੀਆਂ ਵੱਲੋਂ ਚੰਦਰਮਾ ਤੇ ਇਕ ਹੋਰ ਉਪਗ੍ਰਹਿ ਭੇਜਿਆ ਜਾ ਰਿਹਾ ਹੈ। ਮਰਹੂਮ ਰਾਸ਼ਟਰਪਤੀ ਸ੍ਰੀ ਅਬਦੁਲ ਕਲਾਮ ਹੁਰਾਂ ਦੀਆਂ ਮਿਜ਼ਾਈਲ ਦੇ ਖੇਤਰ ਵਿਚ ਹਾਸਿਲ ਲਾਜਵਾਬ ਪ੍ਰਾਪਤੀਆਂ ਨੇ ਨਾ ਕੇਵਲ ਭਾਰਤ ਦਾ ਸਿਰ ਵਿਸ਼ਵ ਵਿਚ ਉੱਚਾ ਕੀਤਾ ਹੈ ਬਲਕਿ ਰਾਸ਼ਟਰੀ ਸੁਰੱਖਿਆ ਨੂੰ ਚਟਾਨ ਵਾਂਗ ਮਜ਼ਬੂਤ ਕੀਤਾ ਹੈ।

ਸਾਡੇ ਲੋਕਤੰਤਰ ਦੀ ਸਭ ਤੋਂ ਵੱਡੀ ਸਿਫਤ ਇਹ ਰਹੀ ਹੈ ਕਿ ਅਸੀਂ 1951 ਤੋਂ ਲੈ ਕੇ ਹੁਣ ਤੱਕ ਹੋਈਆਂ ਚੋਣਾਂ ਵਿਚ ਆਪਣੀ ਮਨਮਰਜ਼ੀ ਦੀਆਂ ਸਰਕਾਰਾਂ ਚੁਣੀਆਂ ਹਨ ਅਤੇ ਵੋਟ ਦੇ ਅਧਿਕਾਰ ਦਾ ਪ੍ਰਯੋਗ ਕਰਦਿਆਂ ਉਨ੍ਹਾਂ ਸਰਕਾਰਾਂ ਨੂੰ ਆਸਾਨੀ ਨਾਲ ਬਦਲਿਆ ਵੀ ਹੈ ਜੋ ਜਨਤਾ ਦੀਆਂ ਉਮੀਦਾਂ ਉੱਤੇ ਖਰੀਆਂ ਨਹੀਂ ਉਤਰੀਆਂ। ਸਾਡੇ ਦੇਸ਼ ਵਾਸੀਆਂ ਦੀ ਲੋਕਤੰਤਰ ਵਿਚ ਆਸਥਾ ਅਵੱਲ ਰਹੀ ਹੈ। ਜਦ ਕਦੇ ਵੀ ਕਿਸੇ ਨੇ ਇਸ ਲੋਕਤੰਤਰ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਤਾਂ ਜਨਤਾ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ ਹੈ। ਜੂਨ 1975 ਵਿਚ ਲਗਾਈ ਐਮਰਜੈਂਸੀ ਦਾ ਖਮਿਆਜ਼ਾ ਇੰਦਰਾ ਗਾਂਧੀ ਨੂੰ 1977 ਦੀਆਂ ਚੋਣਾਂ ਵਿਚ ਭੁਗਤਣਾ ਪਿਆ। ਦੇਸ਼ ਵਾਸੀਆਂ ਨੇ ਵੋਟ ਦੇ ਹਥਿਆਰ ਦਾ ਪ੍ਰਯੋਗ ਕਰਦਿਆਂ ਇੰਦਰਾ ਗਾਂਧੀ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ। ਲੋਕਤੰਤਰ ਪ੍ਰਤਿ ਆਸਥਾ ਕੇਵਲ ਦੇਸ਼ਵਾਸੀਆਂ ਦੀ ਹੀ ਨਹੀਂ ਸਗੋਂ ਸਾਡੇ ਨੇਤਾਵਾਂ, ਰਾਜਨੀਤਿਕਾਂ ਦੀ ਵੀ ਹੈ। ਇਸ ਦਾ ਪਰਿਣਾਮ ਇਹ ਰਿਹਾ ਹੈ ਕਿ ਸਾਡੇ ਰਾਜਸੀ ਆਗੂਆਂ ਨੇ ਸਥਾਨਿਕ, ਪ੍ਰਾਂਤਕ ਅਤੇ ਕੇਂਦਰੀ ਪੱਧਰ ਦੀਆਂ ਚੋਣਾਂ ਵਿਚ ਜਨ-ਸਧਾਰਨ ਦੇ ਨਿਰਣੇ ਨੂੰ ਹੀ ਅੰਤਿਮ ਨਿਰਣੇ ਵਜੋਂ ਸਵੀਕਾਰ ਕੀਤਾ ਹੈ।

ਨਿਆਂਪਾਲਿਕਾ ਅਤੇ ਮੀਡੀਏ ਨੇ ਵੀ ਲੋਕਤੰਤਰ ਦੀ ਮਜ਼ਬੂਤੀ ਲਈ ਮਹੱਤਵਪੂਰਨ ਰੋਲ ਅਦਾ ਕੀਤਾ ਹੈ। ਨਿਆਂਪਾਲਿਕਾ ਨੇ ਸਮੇਂ-ਸਮੇਂ ਸਾਡੇ ਨੇਤਾਵਾਂ ਦੀਆਂ ਆਪਹੁਦਰੀਆਂ ਉੱਤੇ ਅੰਕੁਸ਼ ਲਗਾਇਆ ਹੈ। ਪ੍ਰੈਸ ਦੀ ਆਜ਼ਾਦੀ, ਜਿਸ ਨੂੰ ਲੋਕਤੰਤਰ ਦਾ ਚੌਥਾ ਸਤੰਭ ਕਿਹਾ ਗਿਆ

ਹੈ ਨੇ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਸੱਚ ਤਾਂ ਇਹ ਹੈ ਕਿ ਪ੍ਰੈਸ ਮੀਡੀਏ ਨੇ ਲੋਕਤੰਤਰ ਦੇ ਪਹਿਰੇਦਾਰ ਵਜੋਂ ਆਪਣੀ ਡਿਊਟੀ ਨਿਭਾਈ ਹੈ। ਸਾਡਾ ਮੀਡੀਆ ਕੇਵਲ ਦੇਸ਼ ਦੀਆਂ ਸਮੱਸਿਆਵਾਂ ਅਤੇ ਘਟਨਾਵਾਂ ਨੂੰ ਹੀ ਪੇਸ਼ ਨਹੀਂ ਕਰ ਰਿਹਾ ਬਲਕਿ ਇਹ ਸਾਡੀ ਰਾਜਨੀਤੀ ਅਤੇ ਅਫਸਰਸ਼ਾਹੀ ਦੀ ਕਾਰਗੁਜ਼ਾਰੀ ਉੱਤੇ ਵੀ ਆਪਣਾ ਫੋਕਸ ਕਰੀ ਬੈਠਾ ਹੈ। ਜਨ ਸਧਾਰਨ ਦੀ ਨਿਆਂਪਾਲਿਕਾ ਤੇ ਪ੍ਰਸ਼ਾਸਨ ਵਿਚ ਵੱਧਦੀ ਹੋਈ ਨਿਸ਼ਠਾ ਅਤੇ ਸੁਤੰਤਰ ਅਤੇ ਨਿਰਪੱਖ ਚੋਣਾਂ ਨੇ ਸਾਡੇ ਲੋਕਤੰਤਰ ਨੂੰ ਹੋਰ ਮਜ਼ਬੂਤੀ ਪ੍ਰਦਾਨ ਕੀਤੀ ਹੈ।

ਇਹ ਉਹ ਲੋਕਤੰਤਰ ਹੈ, ਜਿਸ ਦਾ ਸਰੂਪ ਉਦਾਰਤਾ ਵਾਲਾ ਹੈ। ਜਿਸ ਵਿਚ ਆਮ ਜਨਤਾ ਦੀ ਭਾਗੀਦਾਰੀ ਵੱਧਦੀ ਜਾ ਰਹੀ ਹੈ ਕਿਉਂਕਿ ਸਾਡੇ ਲੋਕਤੰਤਰ ਨੇ ਬਿਨਾਂ ਕਿਸੇ ਵਿਤਕਰੇ ਤੋਂ ਸਾਰੇ ਵਰਗਾਂ, ਸਾਰੇ ਧਰਮਾਂ ਅਤੇ ਸਾਰੀਆਂ ਜਾਤਾਂ ਦੇ ਲੋਕਾਂ ਨੂੰ ਹਰ ਖੇਤਰ ਵਿਚ ਵਿਕਾਸ ਕਰਨ ਦੇ ਬਰਾਬਰ ਦੇ ਅਵਸਰ ਪ੍ਰਦਾਨ ਕੀਤੇ ਹਨ। ਇਹੀ ਕਾਰਨ ਹੈ ਕਿ ਅਲਪਸੰਖਿਅਕ ਅਤੇ ਦਲਿਤ ਵਰਗ ਦੇ ਲੋਕਾਂ ਨੂੰ ਉੱਚੇ ਤੋਂ ਉੱਚੇ ਅਹੁਦਿਆਂ ਉੱਤੇ ਆਸੀਨ ਹੋਣ ਦਾ ਅਵਸਰ ਮਿਲਿਆ ਹੈ। ਸਾਡੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਘੱਟ ਗਿਣਤੀਆਂ ਵਰਗ ਵਿਚੋਂ ਹਨ। ਹੁਣ ਤਕ ਹੋਏ ਰਾਸ਼ਟਰਪਤੀਆਂ ਵਿਚੋਂ ਚਾਰ ਘੱਟ ਗਿਣਤੀਆਂ ਵਰਗ ਵਿਚੋਂ ਰਹੇ ਹਨ; ਪਿਛਲਾ ਥਲ ਸੈਨਾ ਮੁੱਖੀ ਵੀ ਇਸੇ ਵਰਗ ਵਿਚੋਂ ਸੀ। ਅਨੁਸੂਚਿਤ ਜਾਤੀਆਂ ਲਈ ਭਾਵੇਂ ਸੰਵਿਧਾਨ ਵਿਚ ਰਾਖਵੇਂਕਰਨ ਦਾ ਪ੍ਰਾਵਾਧਾਨ ਹੈ ਪ੍ਰਤੂੰ ਸਿਆਸਤ, ਨਿਆਂਪਾਲਿਕਾ ਅਤੇ ਪ੍ਰਸ਼ਾਸਨ ਦੇ ਖੇਤਰ ਵਿਚ ਇਸ ਵਰਗ ਦੇ ਲੋਕਾਂ ਨੇ ਵੀ ਸਮਾਨਤਾ ਦੇ ਅਧਿਕਾਰ ਨੂੰ ਮਾਣਦਿਆਂ ਉੱਚ ਅਹੁਦਿਆਂ ਉੱਤੇ ਸੁਸ਼ੋਭਿਤ ਹੋਣ ਦੀਆਂ ਮੱਲਾਂ ਮਾਰੀਆਂ ਹਨ। ਪੁਰਸ਼ਾਂ ਦੇ ਨਾਲ-ਨਾਲ ਇਸਤਰੀਆਂ ਨੇ ਵੀ ਲੋਕਤੰਤਰ ਦਾ ਆਨੰਦ ਮਾਣਦਿਆਂ ਆਪਣੀ ਯੋਗਤਾ ਅਤੇ ਸਮਰੱਥਾ ਅਨੁਸਾਰ ਉੱਚ ਪਦਵੀਆਂ ਵੀ ਹਾਸਿਲ ਕੀਤੀਆਂ ਹਨ ਅਤੇ ਸਿਆਸਤ ਵਿਚ ਸਕ੍ਰਿਯ ਭਾਗੀਦਾਰੀ ਵੀ ਕਾਇਮ ਕੀਤੀ ਹੈ। ਭਾਰਤੀ ਲੋਕਤੰਤਰ ਦੀਆਂ ਹੁਣ ਤੱਕ ਉਪਲਬੱਧੀਆਂ ਨਿਸ਼ਚੇ ਹੀ ਬੜੀਆਂ ਸਕਾਰਾਤਮਿਕ ਹਨ। ਇਸ ਲੋਕਤੰਤਰ ਨੇ ਦੁਨੀਆਂ ਨੂੰ ਗੁੱਟ-ਨਿਰਪੇਖਤਾ ਦੀ ਇਕ ਨਵੀਂ ਫਿਲਾਸਫੀ ਦਿੰਦਿਆਂ ਹੋਰ ਦੇਸ਼ਾਂ ਨੂੰ ਵੀ ਲੋਕਤੰਤਰੀ-ਸ਼ਾਸਨ ਪ੍ਰਣਾਲੀ ਦੀ ਕਾਇਮੀ ਦੀ ਪ੍ਰੇਰਨਾ ਦਿੱਤੀ ਹੈ।

ਸਾਡੇ ਲੋਕਤੰਤਰ ਨੇ ਪਿਛਲੇ ਸੱਠ ਸਾਲਾਂ ਵਿਚ ਦੇਸ਼ ਅਤੇ ਦੇਸ਼ ਵਾਸੀਆਂ ਨੂੰ ਜੋ ਸਰਬਪੱਖੀ ਖੁਸ਼ਹਾਲੀ ਪ੍ਰਦਾਨ ਕੀਤੀ ਹੈ, ਉਸ ਦੀ ਸੱਚਮੁੱਚ ਹੀ

ਪ੍ਰਸ਼ੰਸਾ ਕਰਨੀ ਬਣਦੀ ਹੈ। ਸਾਨੂੰ ਹਰ ਖੇਤਰ ਵਿਚ ਵਿਕਾਸ ਕਰਨ ਦੇ ਸਮਾਨ ਅਵਸਰ ਪ੍ਰਾਪਤ ਹੋਏ ਹਨ। ਅਨੇਕ ਤਰ੍ਹਾਂ ਦੇ ਅਧਿਕਾਰਾਂ ਨੂੰ ਮਾਣਦਿਆਂ ਹੋਇਆ ਅਸੀਂ ਸੁਤੰਤਰ ਅਤੇ ਸੁਹਾਵਣੀ ਫਿਜ਼ਾ ਵਿਚ ਵਿਚਰ ਰਹੇ ਹਾਂ ਪਰੰਤੂ ਬੜੇ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਲੋਕਤੰਤਰ ਦੀ ਆੜ ਵਿਚ ਸੰਪਰਦਾਇਕਤਾ, ਜਾਤੀਵਾਦ ਅਤੇ ਧਾਰਮਿਕ ਕੱਟੜਵਾਦ ਨੂੰ ਪ੍ਰਫੁੱਲਿਤ ਕਰਨ ਵਿਚ ਵੀ ਅਹਿਮ ਭੂਮਿਕਾ ਨਿਭਾਈ ਹੈ। ਲੋਕਤੰਤਰ ਦੀਆਂ ਇਨ੍ਹਾਂ ਦੁਸ਼ਮਣ ਸ਼ਕਤੀਆਂ ਦਾ ਸਾਨੂੰ ਡੱਟ ਕੇ ਮੁਕਾਬਲਾ ਕਰਨ ਦੀ ਲੋੜ ਹੈ ਅਤੇ ਇਹ ਸਾਡੇ ਸਾਰਿਆਂ ਦਾ ਫਰਜ਼ ਹੈ। 1984 ਦੇ ਸਿਖ ਵਿਰੋਧੀ ਦੰਗੇ, 1989 ਵਿਚ ਭਾਗਲਪੁਰ ਦੇ ਹਿੰਦੂ ਮੁਸਲਿਮ ਦੰਗੇ ਅਤੇ 2002 ਦੇ ਗੋਦਰਾ ਕਾਂਡ ਨੇ ਸਾਡੇ ਲੋਕਤੰਤਰ ਨੂੰ ਕਮਜ਼ੋਰ ਕੀਤਾ ਹੈ। ਭਾਰਤ ਸਰਕਾਰ ਅਤੇ ਭਾਰਤੀ ਲੋਕ ਤੰਤਰ ਨਿਰੰਤਰ ਆਤੰਕਵਾਦੀ ਗਤੀਵਿਧੀਆਂ ਨਾਲ ਸੰਘਰਸ਼ ਕਰ ਰਿਹਾ ਹੈ। ਮੁੱਠੀ ਭਰ ਆਤੰਕਵਾਦੀ ਸੰਗਠਨ ਭਾਰਤੀ ਸਮਾਜ ਦੀ ਭਾਈਚਾਰਿਕ ਸਦਭਾਵਨਾ ਅਤੇ ਅਮਨ ਚੈਨ ਨੂੰ ਭੰਗ ਹੀ ਨਹੀਂ ਕਰ ਰਹੇ ਸਗੋਂ ਸਾਡੇ ਲੋਕਤੰਤਰ ਨੂੰ ਚੁਣੌਤੀ ਵੀ ਦੇ ਰਹੇ ਹਨ।

ਅਸੀਂ ਦੇਸ਼ ਵਾਸੀਆਂ ਵਿਚ ਰਾਸ਼ਟਰੀ ਚਰਿੱਤਰ ਨਹੀਂ ਪੈਦਾ ਕਰ ਸਕੇ। ਧਰਮ, ਭਾਸ਼ਾ, ਜਾਤ-ਪਾਤ ਅਤੇ ਖੇਤਰੀਵਾਦ ਦੀ ਦਲਦਲ ਵਿਚ ਅਸੀਂ ਧਸਦੇ ਜਾ ਰਹੇ ਹਾਂ। ਸਾਡੀ ਰਾਜਨੀਤੀ ਵਿਚ ਧਰਮ ਜ਼ਾਤ-ਪਾਤ ਅਤੇ ਖੇਤਰੀਵਾਦ ਦਾ ਦਖਲ ਦਿਨ-ਬ-ਦਿਨ ਵੱਧ ਰਿਹਾ ਹੈ, ਜੋ ਲੋਕਤੰਤਰ ਦੇ ਭਵਿੱਖ ਲਈ ਸ਼ੁਭ ਸੰਕੇਤ ਨਹੀਂ। ਸਾਡੀਆਂ ਸਰਕਾਰਾਂ ਅਮੀਰੀ-ਗ਼ਰੀਬੀ ਵਿਚ ਪਾੜਾ ਘਟਾਉਣ ਵਿਚ ਅਸਮਰੱਥ ਰਹੀਆਂ ਹਨ। ਆਬਾਦੀ ਦੀ ਬੇਰੋਕ ਰਫਤਾਰ ਉੱਤੇ ਅੰਕੁਸ਼ ਲਗਾਉਣ ਵਿਚ ਸਾਡੀਆਂ ਸਰਕਾਰਾਂ ਵੋਟ ਦੀ ਰਾਜਨੀਤੀ ਕਾਰਨ ਹਾਲੇ ਵੀ ਡਰ ਰਹੀਆਂ ਹਨ। ਜੇ ਲੋਕਤੰਤਰ ਨੂੰ ਅਸੀਂ ਮਜ਼ਬੂਤ ਕਰਨਾ ਹੈ ਤਾਂ ਅਧਿਕਾਰਾਂ ਦੇ ਨਾਲ-ਨਾਲ ਸਾਨੂੰ ਕਈ ਤਰ੍ਹਾਂ ਦੇ ਅੰਕੁਸ਼ ਵੀ ਲਗਾਉਣੇ ਪੈਣਗੇ। ਅੱਜ ਸਾਨੂੰ ਲੋੜ ਹੈ ਮਹਾਤਮਾ ਗਾਂਧੀ, ਨਹਿਰੂ, ਪਟੇਲ, ਲਾਲ ਬਹਾਦੁਰ ਸ਼ਾਸਤਰੀ, ਜੈ ਪ੍ਰਕਾਸ਼ ਨਾਰਾਇਣ, ਅਟੱਲ ਬਿਹਾਰੀ ਵਾਜਪਾਈ, ਚੌਧਰੀ ਦੇਵੀ ਲਾਲ ਅਤੇ ਗਿਆਨੀ ਕਰਤਾਰ ਸਿੰਘ ਵਰਗੇ ਰਾਜਨੀਤੀਵਾਨਾਂ ਦੀ ਜਿਨ੍ਹਾਂ ਦੀ ਰਾਜਨੀਤੀ ਦਾ ਮਨੋਰਥ ਕੇਵਲ ਦੇਸ਼ ਦੇ ਹਿੱਤ ਅਤੇ ਜਨ-ਸੇਵਾ ਸੀ। ਪ੍ਰਮਾਣੂ ਸ਼ਕਤੀ ਪਰੀਖਣ ਕਰਕੇ ਅਟੱਲ ਬਿਹਾਰੀ ਵਾਜਪਾਈ ਨੇ ਸਾਡੇ ਦੇਸ਼ ਦਾ ਸਿਰ ਉੱਚਾ ਕੀਤਾ। ਚੀਨ ਨਾਲ ਸਬੰਧਾਂ ਨੂੰ ਮੁੜ ਸੁਧਾਰਿਆ। ਪਾਕਿਸਤਾਨ ਨਾਲ ਦੋਸਤੀ ਦੀ ਗੱਲ ਸ਼ੁਰੂ ਕੀਤੀ, ਜਿਸ ਦੇ ਸਕਾਰਾਤਮਿਕ ਸਿੱਟੇ ਨਿਕਲੇ ਹਨ। ਦੋਸਤੀ ਦਾ ਇਹ

ਸਫਰ ਅੱਜ ਵੀ ਜਾਰੀ ਹੈ। ਦੋਹਾਂ ਦੇਸ਼ਾਂ ਦੇ ਲੋਕ ਇਕ ਦੂਜੇ ਦੇ ਨੇੜੇ ਆਏ ਹਨ। ਵਾਜਪਾਈ ਸਾਹਿਬ ਨੇ ਇਜ਼ਰਾਈਲ ਨੂੰ ਮਾਨਤਾ ਦੇ ਕੇ ਭਾਰਤ ਨੂੰ ਇਕ ਨਿਵੇਕਲੀ ਤਾਕਤ ਵਜੋਂ ਵਿਸ਼ਵ ਵਿਚ ਪੇਸ਼ ਕੀਤਾ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਦੋਹਰੀ ਨਾਗਰਿਕਤਾ ਦਾ ਅਧਿਕਾਰ ਦੇ ਕੇ ਉਨ੍ਹਾਂ ਨੂੰ ਮੁੜ ਤੋਂ ਪੱਕੇ ਤੌਰ ਤੇ ਭਾਰਤ ਨਾਲ ਜੋੜਨ ਦਾ ਮਹੱਤਵਪੂਰਨ ਕਾਰਜ ਵੀ ਵਾਜਪਾਈ ਸਾਹਿਬ ਨੇ ਹੀ ਕੀਤਾ। ਇਸ ਤਰ੍ਹਾਂ ਹੀ ਸਾਬਕਾ ਉਪ-ਪ੍ਰਧਾਨ ਮੰਤਰੀ ਚੌਧਰੀ ਦੇਵੀ ਲਾਲ ਨੇ ਵੀ ਆਪਣੀ ਸੋਚ ਅਤੇ ਕਾਰਗੁਜ਼ਾਰੀ ਰਾਹੀਂ ਰਾਜਨੀਤੀ ਵਿਚ ਨਵੇਂ ਪ੍ਰਤਿਮਾਨ ਸਿਰਜੇ।

ਲੋਕਤੰਤਰ ਦੇ ਅੰਤਰਗਤ ਵਿਦਿਆ ਦੇ ਤੇਜ਼ ਗਤੀ ਨਾਲ ਹੋਏ ਪਸਾਰ ਨੇ ਸਾਡੀ ਕਾਇਆ ਕਲਪ ਤਾਂ ਕੀਤੀ ਹੈ ਪਰ ਵਿਚਾਰ ਗੋਚਰੀ ਗੱਲ ਹੈ ਕਿ ਇਸ ਵਿਦਿਆ ਨੇ ਸਾਨੂੰ ਕੇਵਲ ਪਦਾਰਥਵਾਦੀ ਦ੍ਰਿਸ਼ਟੀਕੋਣ ਨਾਲ ਲੈਸ ਕੀਤਾ ਹੈ ਪਰ ਸਾਡੀਆਂ ਭਾਰਤੀ ਕਦਰਾਂ-ਕੀਮਤਾਂ ਇਸ ਵਿਚੋਂ ਪੂਰੀ ਤਰ੍ਹਾਂ ਮਨਫੀ ਹਨ। ਸਾਡੀ ਨੌਜਵਾਨ ਪੀੜ੍ਹੀ ਧੜਾ-ਧੜ ਪੱਛਮੀ ਕਦਰਾਂ-ਕੀਮਤਾਂ ਵਿਚ ਗਲਤਾਨ ਹੋ ਰਹੀ ਹੈ। ਆਪਣੇ ਵਿਰਸੇ ਤੋਂ ਬੇਮੁੱਖ ਹੋ ਰਹੀ ਹੈ। ਇਹੀ ਕਾਰਨ ਹੈ ਕਿ ਸਾਡੇ ਵਿਚੋਂ ਰਾਸ਼ਟਰਵਾਦ ਅਤੇ ਅਨੈਤਿਕਤਾ ਦੀ ਭਾਵਨਾ ਖਤਮ ਹੁੰਦੀ ਜਾ ਰਹੀ ਹੈ। ਬੇਰੋਜ਼ਗਾਰੀ ਨੂੰ ਅਸੀਂ ਅੱਜ ਤੱਕ ਨੱਥ ਨਹੀਂ ਪਾ ਸਕੇ। ਲੋੜ ਹੈ ਵਿਦਿਆ ਜਗਤ ਨੂੰ ਕਿੱਤਾ-ਮੁੱਖੀ ਅਤੇ ਨੈਤਿਕਤਾ ਮੁੱਖੀ ਦਿਸ਼ਾ ਦੇਣ ਦੀ। ਨਵੀਂ ਪੀੜ੍ਹੀ ਵਿਚ ਅਸੰਤੋਸ਼ ਦੀ ਭਾਵਨਾ ਨੂੰ ਖਤਮ ਕਰਨਾ ਬੜਾ ਜ਼ਰੂਰੀ ਹੈ, ਜੇਕਰ ਅਸੀਂ ਸਹੀ ਅਰਥਾਂ ਵਿਚ ਲੋਕਤੰਤਰ ਦੀ ਆਤਮਾ ਨੂੰ ਰੂਪਮਾਨ ਕਰਨਾ ਹੈ।

ਲੋਕਤੰਤਰ ਨੂੰ ਹਾਸਿਲ ਕਰਨ ਲਈ ਅਸੀਂ ਦੋ ਸੌ ਸਾਲ ਸੰਘਰਸ਼ ਕੀਤਾ ਹੈ ਅਤੇ ਪਿਛਲੇ ਸੱਠ ਸਾਲ ਤੋਂ ਅਸੀਂ ਇਸ ਦੀ ਛਾਂ ਨੂੰ ਮਾਣ ਰਹੇ ਹਾਂ। ਸਾਡਾ ਕਦੇ ਵੀ ਲੋਕਤੰਤਰ ਤੋਂ ਵਿਸ਼ਵਾਸ ਨਹੀਂ ਡੋਲਿਆ ਬਲਕਿ ਇਹ ਸਾਡੇ ਅੰਦਰ ਸਥਾਈ ਰੂਪ ਵਿਚ ਵੱਸ ਚੁੱਕਿਆ ਹੈ। ਇਸ ਲਈ ਸੰਪਰਦਾਇਕਤਾ, ਜਾਤੀਵਾਦ, ਖੇਤਰੀਵਾਦ ਅਤੇ ਆਤੰਕਵਾਦ ਭਾਵੇਂ ਸਾਡੇ ਲੋਕਤੰਤਰ ਲਈ ਖ਼ਤਰਾ ਹਨ ਪਰੰਤੂ ਹਰ ਸੰਕਟ ਦੀ ਘੜੀ ਵਿਚ ਭਾਰਤਵਾਸੀਆਂ ਦੀ ਭਾਵਨਾਤਮਿਕ ਏਕਤਾ ਨੇ ਲੋਕਤੰਤਰ ਨੂੰ ਮਜ਼ਬੂਤ ਕੀਤਾ ਹੈ। ਕਾਰਗਿਲ ਯੁੱਧ ਦੇ ਸਮੇਂ ਜੋ ਭਾਵਨਾਤਮਿਕ ਏਕਤਾ ਅਤੇ ਰਾਸ਼ਟਰੀਵਾਦੀ ਭਾਵਨਾ ਸਮੁੱਚੇ ਦੇਸ਼ ਵਿਚ ਨਜ਼ਰ ਆਈ, ਉਸ ਦਾ ਸਾਰਾ ਮਾਣ ਸਾਡੀ ਲੋਕਤੰਤਰਿਕ ਸ਼ਾਸਨ ਪ੍ਰਣਾਲੀ ਨੂੰ ਜਾਂਦਾ ਹੈ।

ਸਾਡੇ ਲੋਕਤੰਤਰ ਦੇ ਵਿਕਾਸ ਕਰਨ ਦੀਆਂ ਹਾਲੇ ਬਹੁਤ ਸਾਰੀਆਂ

ਸੰਭਾਵਨਾਵਾਂ ਹਨ। ਦਿਸ਼ਾ-ਹੀਣ ਛੋਟੀਆਂ-ਛੋਟੀਆਂ ਰਾਜਸੀ ਪਾਰਟੀਆਂ ਦੀ ਬਹੁਤਾਤ ਅਤੇ ਧੁੰਦਲੇ ਕਿਰਦਾਰ ਵਾਲੇ ਵਿਅਕਤੀਆਂ ਦੀਆਂ ਸਰਕਾਰਾਂ ਅਤੇ ਰਾਜਸੀ ਪਾਰਟੀਆਂ ਵਿਚ ਭਾਗੀਦਾਰੀ ਇਸ ਰਾਹ ਉੱਤੇ ਵੱਡੀ ਰੁਕਾਵਟ ਹਨ। ਦੂਜੇ ਅਸੀਂ ਲੋਕਤੰਤਰਿਕ ਪ੍ਰਣਾਲੀ ਰਾਹੀਂ ਆਪਣੀ ਮਰਜ਼ੀ ਦੇ ਲੋਕਾਂ ਨੂੰ ਚੁਣ ਤਾਂ ਸਕਦੇ ਹਾਂ ਪਰ ਸਵਿਟਜ਼ਰਲੈਂਡ ਦੀ ਡੈਮੋਕਰੈਸੀ ਵਾਂਗ ਉਮੀਦਾਂ ਤੇ ਖਰਾ ਨਾ ਉਤਰਨ ਵਾਲੇ ਆਪਣੇ ਪ੍ਰਤਿਨਿਧੀਆਂ (ਐਮ.ਐਲ.ਏ., ਐਮ.ਪੀਜ਼.) ਨੂੰ ਵਾਪਿਸ ਨਹੀਂ ਬੁਲਾ ਸਕਦੇ। ਭ੍ਰਿਸ਼ਟਾਚਾਰ ਨਾਲ ਲਿਬੜੇ ਨੇਤਾ ਕਿੰਨਾ-ਕਿੰਨਾ ਸਮਾਂ ਕਾਨੂੰਨ ਦੇ ਸ਼ਿਕੰਜੇ ਤੋਂ ਬਚੇ ਰਹਿਣ ਵਿਚ ਅਕਸਰ ਕਾਮਯਾਬ ਰਹਿੰਦੇ ਹਨ। ਸਰਕਾਰਾਂ ਅਤੇ ਪ੍ਰਸ਼ਾਸਨ ਵਿਚ ਭ੍ਰਿਸ਼ਟਾਚਾਰੀ ਤਾਂ ਬਥੇਰੇ ਹੁੰਦੇ ਹਨ ਪਰ ਸਜ਼ਾ ਕਿੰਨਿਆਂ ਕੁ ਨੂੰ ਮਿਲਦੀ ਹੈ?

ਸਾਡੇ ਸਿਆਸਤਦਾਨਾਂ ਅਤੇ ਅਫਸਰਸ਼ਾਹੀ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਸਰਕਾਰ ਜਾਂ ਪ੍ਰਸ਼ਾਸਨ ਜਨਸਾਧਾਰਨ ਦਾ ਹੁੰਦਾ ਹੈ। ਜਨਤਾ ਸਰਵਉੱਚ ਹੁੰਦੀ ਹੈ, ਜਨਤਾ ਦੇ ਨਿਰਣੇ ਸਰਵਉੱਚ ਹੁੰਦੇ ਹਨ। ਕੋਈ ਵਿਅਕਤੀ ਵਿਸ਼ੇਸ਼ ਜਾਂ ਰਾਜਸੀ ਪਾਰਟੀ ਸਰਵਉੱਚ ਨਹੀਂ ਹੁੰਦੀ। ਇਸ ਲਈ ਲੋਕਤੰਤਰ ਦੀ ਦੁਹਾਈ ਦੇਣ ਵਾਲੇ ਆਗੂਆਂ ਨੂੰ ਵੀ ਲੋਕਤੰਤਰ ਦੀ ਸੁਰੱਖਿਆ ਅਤੇ ਵਿਕਾਸ ਲਈ ਕਦਮ ਚੁੱਕਣੇ ਪੈਣਗੇ ਤਾਂ ਹੀ ਡੈਮੋਕਰੈਸੀ ਦੇ ਰਹਿਬਰ ਇਬਰਾਹੀਮ ਲਿੰਕਨ ਦੇ ਇਹ ਸ਼ਬਦ ਸਾਕਾਰ ਹੋ ਸਕਣਗੇ:

"Democracy is a form of government which is for the people of the people and by the people."

# ਘੱਟ ਗਿਣਤੀਆਂ ਦੇ ਮਸਲੇ

ਭਾਰਤ ਸਦੀਆਂ ਪੁਰਾਣਾ ਦੇਸ਼ ਹੈ। ਇਸ ਦੀ ਬਦਕਿਸਮਤੀ ਹੈ ਕਿ ਸਭ ਤੋਂ ਵੱਧ ਸਮਾਂ ਇਹ ਗੁਲਾਮ ਰਿਹਾ। ਭਾਰਤੀ ਲੋਕ ਹਮੇਸ਼ਾ ਅਮਨ ਪਸੰਦ ਅਤੇ ਚੰਗੇ ਮਹਿਮਾਨ ਨਿਵਾਜ਼ ਹੁੰਦੇ ਸਨ। ਆਰੰਭ ਤੋਂ ਇੱਥੇ ਰੱਬ ਨੂੰ ਮੰਨਣ ਵਾਲੇ ਤੇ ਰੱਬ ਦੀ ਹਰ ਸ਼ਕਤੀ ਤੋਂ ਡਰਨ ਵਾਲੇ ਸਨ। ਪਹਿਲਾਂ ਕੇਵਲ ਇਕੋ ਧਰਮ ਸੀ ਜਿਸ ਨੂੰ ਅਸੀਂ ਅੱਜ ਦੀ ਭਾਸ਼ਾ ਵਿਚ ਸਨਾਤਨ ਧਰਮ ਕਹਿੰਦੇ ਹਾਂ। ਦੇਸ਼ ਵਿਚ ਬੜੇ ਕਬੀਲੇ ਸਨ ਜੋ ਰੱਬ ਦੀ ਕਿਸੇ ਸ਼ਕਤੀ ਦੇ ਪੁਜਾਰੀ ਸਨ। ਜਦ ਮਹਾਤਮਾ ਬੁੱਧ ਦਾ ਯੁੱਗ ਆਇਆ ਤਾਂ ਤੁਰੰਤ ਵੱਡੀ ਗਿਣਤੀ ਵਿਚ ਇਸ ਦਾ ਧਰਮ ਪ੍ਰਚਾਰ ਹੋ ਗਿਆ। ਹੌਲੀ-ਹੌਲੀ ਬੁੱਧ ਨੂੰ ਮੰਨਣ ਵਾਲੇ ਵਧੇਰੇ ਪੂਰਬੀ ਦੇਸ਼ ਹੋ ਗਏ। ਜਾਪਾਨ, ਕੋਰੀਆ ਤੇ ਮੰਗੋਲੀਆ ਤਕ ਬੁੱਧ ਦੀ ਮਾਨਤਾ ਹੋਣ ਲੱਗ ਗਈ। ਚੀਨ, ਸ੍ਰੀਲੰਕਾ, ਥਾਈਲੈਂਡ ਆਦਿ ਸਾਰੇ ਬੋਧੀ ਦੇਸ਼ ਬਣ ਗਏ। ਜਦ ਹਜ਼ਰਤ ਈਸਾ ਦਾ ਜਨਮ ਹੋਇਆ ਤੇ ਈਸਾਈ ਮਤ ਦਾ ਆਰੰਭ ਹੋਇਆ ਤਾਂ ਇਹ ਮੰਨਿਆ ਜਾਂਦਾ ਹੈ ਕਿ ਯੂਰਪ ਤੋਂ ਵੀ ਪਹਿਲਾਂ ਈਸਾਈ ਪਾਦਰੀ ਭਾਰਤ ਆ ਗਏ ਸਨ। ਗੋਆ, ਕੇਰਲ ਵਿਚ ਉਨ੍ਹਾਂ ਦੀ ਯਾਦ ਵਿਚ ਚਰਚ ਬਣੇ ਹੋਏ ਹਨ। ਭਾਰਤ ਵਾਸੀਆਂ ਨੇ ਉਨ੍ਹਾਂ ਨੂੰ ਮਾਣ ਸਤਿਕਾਰ ਦਿੱਤਾ। ਉਦੋਂ ਦੇਸ਼ ਰਾਜਿਆਂ-ਮਹਾਰਾਜਿਆਂ ਦੇ ਕਬਜ਼ੇ ਵਿਚ ਹੁੰਦਾ ਸੀ। ਫਿਰ ਅਰਬ ਤੋਂ ਉਠ ਕੇ ਮੁਸਲਮਾਨ ਫੈਲਣ ਲੱਗੇ। ਇਹ 380 ਸਾਲ ਵਿਚ ਹੀ ਭਾਰਤ ਤੱਕ ਪੁੱਜ ਗਏ। ਸਿੰਧ ਦੇ ਇਲਾਕੇ ਵਿਚ ਦਸਵੀਂ ਸਦੀ ਵਿਚ ਇਨ੍ਹਾਂ ਦਾ ਕਬਜ਼ਾ ਹੋ ਗਿਆ। ਇਹ ਹਮਲੇ ਵਧਦੇ ਗਏ ਤੇ ਗਜ਼ਨੀ ਨੇ ਆ ਕੇ ਸਭ ਤੋਂ ਵੱਡੇ ਮੰਦਰ ਸੋਮਨਾਥ ਨੂੰ ਜਾ ਤੋੜਿਆ। ਸਾਡੀ ਅੰਦਰੂਨੀ ਫੁੱਟ ਦਾ ਲਾਭ ਹਮਲਾਵਰਾਂ ਨੇ ਖੂਬ ਉਠਾਇਆ। ਫਿਰ ਕੀ ਸੀ, ਸਾਰਾ ਭਾਰਤ ਹੌਲੇ ਹੌਲੇ ਗੁਲਾਮੀ ਵਿਚ ਜਕੜਿਆ ਗਿਆ। ਇਹ ਰਾਜ ਕਈ ਸੌ ਸਾਲ ਚਲਦਾ ਰਿਹਾ। ਫਿਰ ਸੈਂਕੜੇ ਸਾਲ ਅੰਗਰੇਜ਼ਾਂ ਦੀ ਹਕੂਮਤ ਸਾਡੇ ਸਿਰ ਰਹੀ। ਸਭ ਨੂੰ ਪਤਾ ਹੈ ਕਿ ਅਖੀਰ 1947 ਵਿਚ ਆਜ਼ਾਦੀ ਮਿਲੀ, ਪਰ ਦੇਸ਼ ਦੀ ਵੰਡ ਕਰਕੇ।

ਜੋ ਸਦੀਆਂ ਪਿੱਛੋਂ ਸੁਤੰਤਰ ਭਾਰਤ ਕਹਿਲਾਇਆ, ਉਸ ਦਾ

ਜਨਮ ਫਿਰਕੂ ਨਫਰਤ ਨਾਲ ਜੁੜਿਆ ਹੈ। ਦੋ ਕੌਮਾਂ ਦੀ ਥਿਊਰੀ ਭਾਵ ਹਿੰਦੂ ਤੇ ਮੁਸਲਮਾਨ ਵੱਖ-ਵੱਖ ਆਜ਼ਾਦ ਕੌਮਾਂ ਦੇ ਸਿਧਾਂਤ ਨੂੰ ਮਨਵਾ ਕੇ ਪਾਕਿਸਤਾਨ ਦਾ ਜਨਮ ਹੋਇਆ। ਜਿਸ ਦੇਸ਼ ਦਾ ਜਨਮ ਹੀ ਵੱਖ-ਵੱਖ ਧਰਮਾਂ ਦੀ ਲੜਾਈ ਤੋਂ ਹੋਇਆ ਹੋਵੇ ਉੱਥੇ ਇਹ ਮਸਲਾ ਬਹੁ ਗਿਣਤੀ ਤੇ ਘੱਟ ਗਿਣਤੀ ਦਾ ਹੋਣਾ ਮੁਭਾਵਕ ਹੈ। ਸਾਰੇ ਵਿਸ਼ਵ ਵਿਚ ਅਸੀਂ ਇਸ ਵਿਸ਼ੇ 'ਤੇ ਇਕ ਮਿਸਾਲ ਹਾਂ। ਅੰਗਰੇਜ਼ ਹਕੂਮਤ ਨੇ ਬਹੁਗਿਣਤੀ ਤੇ ਘੱਟ ਗਿਣਤੀ ਦਾ ਬੀਜ ਬੀਜਿਆ ਹੀ ਨਹੀਂ, ਸਗੋਂ ਉਸ ਨੂੰ ਪ੍ਰਫੁੱਲਤ ਕੀਤਾ। ਭਾਰਤ ਵਿਚ 1936 ਤੋਂ 1945 ਵਿਚ ਹੋਈਆਂ ਚੋਣਾਂ ਵਿਚ ਹਲਕੇ ਵੱਖ ਵੱਖ ਧਰਮਾਂ ਦੇ ਨਾਂ 'ਤੇ ਸਨ। ਇਹ ਫਿਰਕੂ ਵੰਡ ਨੂੰ ਮਾਨਤਾ ਸੀ। ਕਾਂਗਰਸ ਪਾਰਟੀ ਜੋ ਦੇਸ਼ ਦੀ ਆਜ਼ਾਦੀ ਦੀ ਜੰਗ ਲੜਨ ਦੀ ਮੁੱਖ ਪਾਰਟੀ ਸੀ, ਨੇ ਵੀ ਉਸ ਸਮੇਂ ਘੱਟ ਗਿਣਤੀ ਤੇ ਬਹੁ ਗਿਣਤੀ ਦੇ ਫਾਰਮੂਲੇ ਨੂੰ ਸਵੀਕਾਰ ਕੀਤਾ। ਇਸ ਬਾਰੇ ਕਈ ਮੀਟਿੰਗਾਂ ਵੀ ਹੋਈਆਂ ਤੇ ਮਤੇ ਪਾਸ ਕੀਤੇ ਗਏ। ਤਕਰੀਬਨ 15 ਸਾਲ ਆਜ਼ਾਦੀ ਤੋਂ ਪਹਿਲਾਂ ਇਸ ਵਿਸ਼ੇ 'ਤੇ ਇੰਨਾ ਕੁਝ ਵਿਚਾਰਿਆ ਗਿਆ ਕਿ ਇਸ ਬਾਰੇ ਪੂਰੀ ਕਿਤਾਬ ਬਣਦੀ ਹੈ। ਇਸ ਦਾ ਨਤੀਜਾ ਇਹ ਨਿਕਲਿਆ ਕਿ ਦੇਸ਼ ਦੀ ਆਜ਼ਾਦੀ ਪਿੱਛੋਂ ਕੌਮੀਅਤ ਦੀ ਭਾਵਨਾ ਬਣ ਨਾ ਸਕੀ। ਫਿਰ ਦੇਸ਼ ਦੀ ਵੰਡ ਤੇ ਫਸਾਦ ਹੋ ਗਏ। ਲੱਖਾਂ ਲੋਕ ਮਰੇ। ਪੰਜਾਬ ਤੇ ਬੰਗਾਲ ਦੀ ਵੰਡ ਕਾਰਨ ਲੋਕ ਉਜਾੜੇ ਹੋਏ। ਲੇਖਕ ਵੀ ਉਨ੍ਹਾਂ ਵਿਚੋਂ ਹੈ ਜੋ ਆਪਣਾ ਵਤਨ ਛੱਡ ਕੇ ਭਾਰਤ ਆਇਆ ਤੇ ਸ਼ਰਨਾਰਥੀ ਅਖਵਾਇਆ। ਉਜੜ ਕੇ ਆਏ ਲੋਕਾਂ ਦੀਆਂ ਭਾਵਨਾਵਾਂ ਦੂਜੀ ਕੌਮ ਪ੍ਰਤੀ ਚੰਗੀਆਂ ਕਿਵੇਂ ਹੋ ਸਕਦੀਆਂ ਸਨ? ਭਾਰਤ ਤੇ ਪਾਕਿਸਤਾਨ ਵਿੱਚ ਇਸ ਕਰਕੇ ਹੋਰ ਖੂਨ-ਖਰਾਬਾ ਹੋਇਆ। ਕਈ ਮਹੀਨੇ ਹਿੰਸਾ ਦਾ ਦੌਰ ਚਲਦਾ ਰਿਹਾ। ਹਿਜਰਤ ਕਰਕੇ ਆਏ ਹਿੰਦੂ ਚਾਹੁੰਦੇ ਸਨ ਕਿ ਮੁਸਲਮਾਨ ਇੱਥੋਂ ਨਿਕਲ ਕੇ ਪਾਕਿਸਤਾਨ ਜਾਣ। ਮਹਾਤਮਾ ਗਾਂਧੀ ਤੇ ਪੰਡਿਤ ਨਹਿਰੂ ਇਸ ਦੇ ਵਿਰੁੱਧ ਸਨ। ਉਨ੍ਹਾਂ ਦਿੱਲੀ ਵਿਚੋਂ ਮੁਸਲਮਾਨਾਂ ਨੂੰ ਨਿਕਲਣ ਨਾ ਦਿੱਤਾ। ਇਸ ਰੋਹ ਕਾਰਨ ਅਖੀਰ ਮਹਾਤਮਾ ਗਾਂਧੀ ਦਾ 30 ਜਨਵਰੀ 1948 ਨੂੰ ਕਤਲ ਹੋ ਗਿਆ। ਹਰ ਅਮਨ-ਪਸੰਦ ਚਾਹੁੰਦਾ ਹੈ ਕਿ ਆਪਸੀ ਭਾਈਚਾਰਾ ਵਧੇ ਤੇ ਫਿਰਕੂ ਝਗੜੇ ਨਾ ਹੋਣ। ਜਦ ਕੋਈ ਇਸ ਮਸਲੇ ਦਾ ਹੱਲ ਲੱਭਦਾ ਹੈ ਤਾਂ ਉਹ ਵਾਪਰੀਆਂ ਘਟਨਾਵਾਂ 'ਤੇ ਆਪਣਾ ਵਿਚਾਰ ਦਿੰਦਾ ਹੈ। ਅਸੀਂ ਇਕ ਦੂਜੇ ਨੂੰ ਕੋਸਦੇ ਹਾਂ ਕਿ ਘੱਟ-ਗਿਣਤੀ ਨਾਲ ਧੱਕਾ ਹੋ ਰਿਹਾ ਹੈ। ਉਨ੍ਹਾਂ ਦੇ ਹੱਕਾਂ ਦੀ ਰਾਖੀ

ਲਈ ਕੀ ਹੋਵੇ ਇਸ ਬਾਰੇ ਰਾਇ ਦਿੰਦੇ ਹਾਂ। ਇਸੇ ਲਈ ਉਨ੍ਹਾਂ ਮਸਲਿਆਂ ਦੇ ਨਿਪਟਾਰੇ ਲਈ ਜ਼ਰੂਰੀ ਹੈ ਕਿ ਸਾਨੂੰ ਭਾਰਤ ਦੀ ਸਹੀ ਸਥਿਤੀ ਪਤਾ ਹੋਵੇ।

ਭਾਰਤ ਦੀ ਨਵੀਂ ਬਣੀ ਸਰਕਾਰ ਨੇ 15 ਅਗਸਤ, 1947 ਨੂੰ ਹਲਫ਼ ਲਿਆ। ਪੰਡਿਤ ਨਹਿਰੂ ਨੇ ਆਪਣੀ ਕੈਬਨਿਟ ਵਿਚ ਉੱਚ-ਕੋਟੀ ਦੇ ਵਿਦਵਾਨ ਸ਼ਾਮਲ ਕੀਤੇ। ਭਾਰਤ ਦਾ ਨਵਾਂ ਵਿਧਾਨ ਚੁਣਨ ਲਈ ਪਾਰਲੀਮੈਂਟ ਦਾ ਗਠਨ ਹੋਇਆ। ਤਿੰਨ ਸਾਲ ਲੱਗੇ ਤੇ 26 ਜਨਵਰੀ, 1950 ਨੂੰ ਨਵਾਂ ਵਿਧਾਨ ਪਾਰਲੀਮੈਂਟ ਵਿਚ ਪਾਸ ਕਰ ਦਿੱਤਾ ਗਿਆ। ਇਸ ਨੂੰ ਬਣਾਉਣ ਵਕਤ ਹਰ ਧਾਰਾ 'ਤੇ ਵਿਚਾਰ-ਵਟਾਂਦਰਾ ਹੋਇਆ ਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਹਰ ਇਕ ਨੇ ਰਾਇ ਦਿੱਤੀ। ਇਸ ਵਿਧਾਨ ਵਿਚ ਘੱਟ ਗਿਣਤੀਆਂ ਬਾਰੇ ਦੋ ਮੱਦਾਂ ਰੱਖੀਆਂ ਗਈਆਂ ਹਨ, 29 ਅਤੇ 30 ਵਿਚ ਘੱਟ ਗਿਣਤੀਆਂ ਨੂੰ ਦਿੱਤੀਆਂ ਸਹੂਲਤਾਂ ਅੰਕਿਤ ਹਨ। ਸਾਡੇ ਵਿਧਾਨ ਅਨੁਸਾਰ ਦੇਸ਼ ਵਿਚ ਧਰਮ ਦੇ ਨਾਂ 'ਤੇ ਕੋਈ ਵੀ ਕਿਸੇ ਨੂੰ ਵੱਧ ਅਧਿਕਾਰ ਨਹੀਂ ਹੈ। ਚੋਣਾਂ ਵੀ ਸਾਂਝੀਆਂ ਹਨ। ਕਿਸੇ ਨੌਕਰੀ ਵਿਚ ਧਰਮ ਲਈ ਰਾਖਵਾਂ ਹਿੱਸਾ ਨਹੀਂ ਹੈ। ਕੇਵਲ ਦਲਿਤ ਵਰਗ ਨੂੰ ਵਿਧਾਨ ਨੇ ਹਰ ਸਹੂਲਤ ਦਿੱਤੀ ਹੈ। ਉਨ੍ਹਾਂ ਲਈ ਪਾਰਲੀਮੈਂਟ ਤੇ ਅਸੈਂਬਲੀਆਂ ਵਿਚ ਰਾਖਵੀਆਂ ਸੀਟਾਂ ਹਨ। ਨੌਕਰੀਆਂ ਵਿਚ ਵੀ ਹਿੱਸਾ ਹੈ, ਪਰ ਇਹ ਸਹੂਲਤ ਕੇਵਲ ਉਸ ਵਰਗ ਨੂੰ ਹੈ ਜੋ ਕੇਵਲ ਹਿੰਦੂ ਧਰਮ ਨੂੰ ਮੰਨਦਾ ਹੈ। ਹੋਰ ਕਿਸੇ ਧਰਮ ਦੇ ਦਲਿਤ ਨੂੰ ਇਹ ਸਹੂਲਤ ਨਹੀਂ ਮਿਲੀ ਹੋਈ। ਉਸ ਵਕਤ ਮਾਸਟਰ ਤਾਰਾ ਸਿੰਘ ਨੇ ਆਵਾਜ਼ ਉਠਾਈ ਕਿ ਸਿਖਾਂ ਨੂੰ ਵੀ ਇਹ ਸਹੂਲਤ ਦੇਵੋ। ਉਨ੍ਹਾਂ ਇਸ ਬਾਰੇ ਮਰਨ ਵਰਤ ਰੱਖਣ ਦਾ ਐਲਾਨ ਕਰ ਦਿੱਤਾ। ਭਾਰਤ ਸਰਕਾਰ ਨੇ ਇਹ ਮੰਗ ਮੰਨ ਲਈ ਤੇ ਸਿਖਾਂ ਦੀਆਂ ਚਾਰ ਜਾਤਾਂ ਨੂੰ ਹਿੰਦੂ ਦਲਿਤਾਂ ਨਾਲ ਬਰਾਬਰ ਰੱਖ ਲਿਆ। 1952 ਵਿਚ ਪਹਿਲੀਆਂ ਆਮ ਚੋਣਾਂ ਭਾਰਤ ਵਿਚ ਹੋਈਆਂ ਤੇ ਕੇਵਲ ਦਲਿਤ ਹੀ ਰਾਖਵੇਂ ਹਲਕੇ ਸਨ, ਬਾਕੀ ਸਾਰੇ ਸਾਂਝੇ। ਮੁਸਲਮਾਨ ਤੇ ਈਸਾਈ ਮਤ ਵਾਲੇ ਹੁਣ ਤਕ ਇਸ ਬਾਰੇ ਅੰਦੋਲਨ ਕਰ ਰਹੇ ਹਨ ਕਿ ਉਨ੍ਹਾਂ ਵਿਚ ਜੋ ਦਲਿਤ ਹਨ ਉਨ੍ਹਾਂ ਨੂੰ ਵੀ ਹਿੰਦੂ ਦਲਿਤਾਂ ਵਾਂਗ ਸਮਝਿਆ ਜਾਵੇ। ਇਹ ਕੇਸ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ। ਇਸ ਮੰਗ ਕਾਰਨ ਮੁਸਲਮਾਨ ਤੇ ਈਸਾਈ ਧਰਮ ਵਾਲਿਆਂ ਵਿਚ ਬਹੁਗਿਣਤੀ ਵਿਰੁੱਧ ਸ਼ਿਕਾਇਤ ਹੈ, ਪਰ ਜਦ ਮੰਡਲ ਕਮਿਸ਼ਨ ਦੀ ਰਿਪੋਰਟ ਮੰਨ ਲਈ ਗਈ ਤੇ ਪਛੜੀਆਂ ਜਾਤਾਂ

ਲਈ ਨੌਕਰੀਆਂ ਰਾਖਵੀਆਂ ਰੱਖਣ ਦਾ ਐਲਾਨ ਹੋਇਆ, ਉਸ ਵਿਚ ਸਭ ਧਰਮਾਂ ਨੂੰ ਸ਼ਾਮਲ ਕੀਤਾ ਗਿਆ। ਇਸ ਬਾਰੇ ਕੋਈ ਵਿਤਕਰਾ ਨਹੀਂ ਕੀਤਾ ਗਿਆ। ਮੁਸਲਮਾਨ, ਈਸਾਈ ਤੇ ਸਿਖ ਵੀ ਲਾਭ ਉਠਾ ਰਹੇ ਹਨ। ਕਈ ਸਾਲਾਂ ਪਿੱਛੋਂ ਬੁੱਧ ਧਰਮ ਵਾਲਿਆਂ ਦੀ ਮੰਗ ਵੀ ਮੰਨ ਲਈ ਗਈ ਤੇ ਬੋਧੀ ਦਲਿਤ ਵਰਗ ਨੂੰ ਹਿੰਦੂ ਦਲਿਤ ਵਾਂਗ ਸਹੂਲਤ ਦਿੱਤੀ ਜਾ ਚੁੱਕੀ ਹੈ।

ਭਾਰਤ ਵਿਚ ਕਈ ਸੌ ਸਾਲ ਘੱਟ ਗਿਣਤੀ ਕੌਮ ਮੁਸਲਮਾਨ ਦਾ ਰਾਜ ਰਿਹਾ। ਜਦ ਇਹ ਰਾਜ ਭਾਗ ਸੀ ਤਾਂ ਬਹੁ-ਗਿਣਤੀ ਕੌਮ ਨੂੰ ਬੇਹੱਦ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਸੀ। ਕਈ ਮੁਸਲਮਾਨ ਬਾਦਸ਼ਾਹ ਜਿਵੇਂ ਔਰੰਗਜ਼ੇਬ ਨੇ ਤਾਂ ਹਰ ਹਿੰਦੂ 'ਤੇ ਜਜ਼ੀਆ ਲਾ ਦਿੱਤਾ ਸੀ। ਬੜੀਆਂ ਥਾਵਾਂ 'ਤੇ ਇਤਿਹਾਸਕ ਮੰਦਰ ਢਾਹੇ ਗਏ, ਕਈ ਥਾਂ ਜਿਵੇਂ ਮਥੁਰਾ, ਬਨਾਰਸ ਆਦਿ ਮੰਦਰਾਂ ਅੰਦਰ ਹੀ ਮਸੀਤਾਂ ਬਣਾ ਦਿੱਤੀਆਂ ਗਈਆਂ। ਬਾਬਰੀ ਮਸਜਿਦ ਜੋ ਹਿੰਦੂ-ਮੁਸਲਿਮ ਫੁੱਟ ਦਾ ਕਾਰਨ ਬਣੀ ਹੋਈ ਹੈ, ਉਸ ਬਾਰੇ ਕਹਿੰਦੇ ਹਨ ਕਿ ਬਾਬਰ ਨੇ ਰਾਮ ਜਨਮ ਭੂਮੀ 'ਤੇ ਇਹ ਮਸਜਿਦ ਬਣਵਾਈ ਸੀ। ਇਨ੍ਹਾਂ ਭਾਵਨਾਵਾਂ ਨੂੰ 1947 ਪਿੱਛੋਂ ਠੀਕ ਰਾਹ 'ਤੇ ਲਿਆਉਣ ਦਾ ਭਾਰਤ ਸਰਕਾਰ ਨੇ ਕੋਈ ਉਪਰਾਲਾ ਨਾ ਕੀਤਾ। ਧਰਮ-ਨਿਰਪੱਖਤਾ ਨੂੰ ਸਰਕਾਰ ਨੇ ਆਪਣਾ ਮੁੱਖ ਮੁੱਦਾ ਰੱਖ ਕੇ ਇਸ ਲਈ ਹਰ ਤਰੀਕੇ ਦਾ ਪ੍ਰਚਾਰ ਕੀਤਾ। ਉਹ ਸਮਾਂ ਸੀ ਜਦ ਕੋਈ ਕਮਿਸ਼ਨ ਬਣਾ ਕੇ ਇਕ ਫਿਰਕੇ ਦੀਆਂ ਸਦੀਆਂ ਪੁਰਾਣੀਆਂ ਸ਼ਿਕਾਇਤਾਂ ਨੂੰ ਹੱਲ ਕੀਤਾ ਜਾਂਦਾ। ਭਾਰਤ ਵਿਚ ਬਾਬਰੀ ਮਸਜਿਦ ਵਰਗੇ ਹੋਰ ਕਈ ਥਾਂ ਹਨ, ਜੋ ਉਸ ਵਕਤ ਸੁਲਾਹ-ਸਫਾਈ ਨਾਲ ਹੱਲ ਹੋ ਸਕਦੇ ਸਨ। ਮੁਸਲਮਾਨ ਵੀ ਉਸ ਵਕਤ ਇਸ ਸੋਚ ਵਿਚ ਸਨ ਕਿ ਪਾਕਿਸਤਾਨ ਵੱਖਰਾ ਦੇਸ਼ ਬਣ ਗਿਆ ਹੈ ਤੇ ਭਾਰਤ ਵਿਚ ਰਹਿੰਦੇ ਮੁਸਲਮਾਨਾਂ ਦੇ ਕਈ ਗੁੱਟਾਂ ਨੇ ਉਸ ਦੀ ਹਮਾਇਤ ਕੀਤੀ ਹੈ। ਸਰਕਾਰ ਨੇ ਬਹੁ-ਗਿਣਤੀ ਦੀ ਸੈਂਕੜੇ ਸਾਲ ਦੀ ਗੁਲਾਮੀ ਵਕਤ ਹੋਈਆਂ ਜ਼ਿਆਦਤੀਆਂ ਨੂੰ ਅਣਗੌਲਿਆਂ ਕਰ ਦਿੱਤਾ। ਉਹ ਸਮਾਂ ਸੀ ਕਿ ਸਰਕਾਰ ਆਪ ਪਹਿਲ ਕਰਦੀ ਜੋ ਹਿੰਦੂ ਮੁਸਲਿਮ ਝਗੜੇ ਦੇ ਕਾਰਨ ਹੋ ਸਕਦੇ ਸਨ, ਉਨ੍ਹਾਂ ਬਾਰੇ ਫਿਕਰਮੰਦ ਹੁੰਦੀ। ਪੰਡਿਤ ਨਹਿਰੂ ਵਿਸ਼ਵ ਲੀਡਰ ਵਜੋਂ ਉਭਰਨ ਵੱਲ ਲੱਗੇ ਸਨ। ਉਹ ਹਿੰਦੂ ਮੁਸਲਮਾਨ ਦੀ ਰਟ ਤੋਂ ਦੂਰ ਰਹਿਣਾ ਚਾਹੁੰਦੇ ਸਨ। ਮੁਸਲਮਾਨ ਪਹਿਲਾਂ ਆਪ ਰਾਜ ਕਰਦੇ ਸੀ, ਫਿਰ ਅੰਗਰੇਜ਼ ਹਕੂਮਤ ਵਿਚ ਵੀ ਉਨ੍ਹਾਂ ਨੂੰ ਪੂਰੀ

ਸਹੂਲਤ ਸੀ। ਅਜ਼ਾਦ ਭਾਰਤ ਵਿਚ ਇਕਦਮ ਘੱਟ-ਗਿਣਤੀ ਬਣ ਕੇ ਉਨ੍ਹਾਂ ਅੰਦਰ ਭਾਵਨਾ ਵਧਣ ਲੱਗੀ ਕਿ ਉਨ੍ਹਾਂ ਤੋਂ ਕੁਝ ਖੁੱਸ ਗਿਆ ਹੈ। ਇਹ ਜ਼ਰੂਰੀ ਹੈ ਕਿ ਸਾਰਾ ਸਮਾਜ ਇਸ ਪਰਤੱਖ ਨੂੰ ਸਮਝੇ, 1947 ਤੋਂ ਪਹਿਲਾਂ ਰਾਖਵੀਆਂ ਸੀਟਾਂ 'ਤੇ ਉਹ ਆਪ ਹੀ ਐਮ.ਪੀ. ਅਤੇ ਐਮ.ਐਲ.ਏ . ਚੁਣਨ, ਪਰ ਹੁਣ ਸਾਂਝੀਆਂ ਵੋਟਾਂ, ਉਨ੍ਹਾਂ ਦੀ ਸੋਚ ਨੂੰ ਜ਼ਰਾ ਸਮਾਂ ਲੱਗਿਆ, ਇਸ ਬਦਲਾਓ ਨੂੰ ਸਮਝਣ ਵਿਚ।

ਇਹੋ ਈਸਾਈਆਂ ਦਾ ਹਾਲ ਸੀ। ਅੰਗਰੇਜ਼ ਸਰਕਾਰ ਉਨ੍ਹਾਂ ਦੀ ਆਪਣੀ ਸੀ। ਹੁਣ ਉਹ ਘੱਟਗਿਣਤੀ ਕੌਮ ਸਨ। ਸਿਖਾਂ ਨੂੰ ਵੰਡ ਕਾਰਨ ਸਭ ਤੋਂ ਵੱਧ ਨੁਕਸਾਨ ਪੁੱਜਿਆ। ਸਭ ਕੁਝ ਗੁਆ ਬੈਠੇ, ਨਨਕਾਣਾ ਸਾਹਿਬ ਵੀ ਪਾਕਿਸਤਾਨ ਵਿਚ, ਸਭ ਵੱਡੇ ਜ਼ਿਮੀਂਦਾਰ ਬਾਰਾਂ ਛੱਡ ਕੇ ਇੱਧਰ ਆ ਗਏ। ਸਿਖਾਂ ਨੂੰ ਉਮੀਦ ਸੀ ਕਿ ਬਹੁ-ਗਿਣਤੀ ਉਨ੍ਹਾਂ ਲਈ ਸਭ ਕੁਝ ਕਰੇਗੀ, ਕੁਝ ਕਾਂਗਰਸ ਦੇ ਕੀਤੇ ਪ੍ਰਣ ਨੂੰ ਵੀ ਉਹ ਯਾਦ ਕਰਵਾਉਣ ਲੱਗ ਗਏ। ਦਿਨ-ਬ-ਦਿਨ ਸਿਖਾਂ ਵਿਚ ਬੇਚੈਨੀ ਵਧਣ ਲੱਗੀ। 1951 ਦੀ ਮਰਦਮਸ਼ੁਮਾਰੀ ਵਿਚ ਹਿੰਦੀ ਬੋਲੀ ਦੀ ਚੜ੍ਹਤ ਨੂੰ ਵਧਾਉਣ ਲਈ ਬਹੁਗਿਣਤੀ ਨੇ ਜ਼ੋਰ ਲਗਾਇਆ, ਇਸ ਨਾਲ ਘੱਟ-ਗਿਣਤੀਆਂ ਵਿਚ ਤਲਖੀ ਵਧ ਗਈ।

ਭਾਰਤ ਦੀ ਨਵੀਂ ਬਣੀ ਸਰਕਾਰ ਨੇ 15 ਅਗਸਤ, 1947 ਨੂੰ ਹਲਫ਼ ਲਿਆ। ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੀ ਕੈਬਨਿਟ ਵਿਚ ਉੱਚ-ਕੋਟੀ ਦੇ ਵਿਦਵਾਨ ਸ਼ਾਮਲ ਕੀਤੇ। ਭਾਰਤ ਦਾ ਨਵਾਂ ਵਿਧਾਨ ਚੁਣਨ ਲਈ ਪਾਰਲੀਮੈਂਟ ਦਾ ਗਠਨ ਹੋਇਆ। ਤਿੰਨ ਸਾਲ ਲੱਗੇ ਤੇ 26 ਜਨਵਰੀ, 1950 ਨੂੰ ਨਵਾਂ ਵਿਧਾਨ ਪਾਰਲੀਮੈਂਟ ਵਿਚ ਪਾਸ ਕਰ ਦਿੱਤਾ ਗਿਆ। ਇਸ ਨੂੰ ਬਣਾਉਣ ਵਕਤ ਹਰ ਧਾਰਾ 'ਤੇ ਵਿਚਾਰ-ਵਟਾਂਦਰਾ ਹੋਇਆ ਤੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਹਰ ਇਕ ਨੇ ਰਾਇ ਦਿੱਤੀ।

# ਅਨੁਸ਼ਾਸਨ ਰਾਧਾ ਸੁਆਮੀਆਂ ਤੋਂ ਸਿੱਖੋ

ਹਰ ਧਰਮ, ਫਿਰਕੇ, ਸਮੂਹ, ਡੇਰੇ ਆਪੋ ਆਪਣੀ ਥਾਂ ਮਹੱਤਤਾ ਰੱਖਦੇ ਹਨ ਅਤੇ ਉਨ੍ਹਾਂ 'ਚ ਭਰੋਸਾ ਰੱਖਣ ਵਾਲੇ ਆਪਣੀ ਸ਼ਰਧਾ ਮੁਤਾਬਿਕ ਉਥੇ ਜਾਂਦੇ ਹਨ। ਇੱਕ ਗੱਲ ਬੜੀ ਚੰਗੀ ਹੈ ਕਿ ਇਹ ਇੱਕ-ਦੂਜੇ ਦੇ ਵਿਰੁੱਧ ਪ੍ਰਚਾਰ ਨਹੀਂ ਕਰਦੇ, ਆਪਦੀ ਮਹੱਤਤਾ ਜ਼ਰੂਰ ਦਰਸਾਉਂਦੇ ਹਨ। ਭਾਰਤ 'ਚ ਖ਼ਾਸ ਕਰਕੇ ਵੱਡੇ ਅਮੀਰ ਕਿਸੇ ਨਾ ਕਿਸੇ ਡੇਰੇ ਜਾਂ ਸੰਤ ਸੰਨਿਆਸੀ ਦੇ ਸੇਵਕ ਬਣਨ 'ਚ ਖੁਸ਼ੀ ਮਹਿਸੂਸ ਕਰਦੇ ਹਨ। ਗ਼ਰੀਬ ਦਾ ਧਾਰਮਿਕ ਹੋਣਾ ਜ਼ਰੂਰੀ ਹੈ।

ਇਕ ਅਜੀਬ ਸਥਿਤੀ ਵਿਚਲੀ ਇਹ ਹੈ ਕਿ ਧਾਰਮਿਕ ਸੰਸਥਾਵਾਂ ਵਧ ਰਹੀਆਂ ਹਨ ਪਰ ਧਾਰਮਿਕ ਵਿਚਾਰਾਂ ਅਤੇ ਦਿਲਚਸਪੀ 'ਚ ਕਮੀ ਆ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਚਨ ਕਿ ਧਰਮ ਪੰਖ ਕਰ ਉਡਰਿਆ ਹੁਣ ਹਰ ਪਾਸੇ ਨਜ਼ਰ ਆ ਰਿਹਾ ਹੈ। ਮੈਨੂੰ ਬਹੁਤ ਮੌਕੇ ਮਿਲੇ ਹਨ ਅਤੇ ਮੈਂ ਭਾਰਤ ਦੇ ਹਰ ਕੋਨੇ 'ਚ ਵੱਖ-ਵੱਖ ਧਾਰਮਿਕ ਅਦਾਰੇ ਅਤੇ ਧਾਰਮਿਕ ਅਸਥਾਨ ਦੇਖੇ ਹਨ।

ਇਕ ਪੱਕਾ ਸਿਖ ਹੁੰਦੇ ਹੋਈ ਵੀ ਮੌਕਾ ਮਿਲਣ 'ਤੇ ਮੈਂ ਕਿਸੇ ਧਾਰਮਿਕ ਸੰਸਥਾ ਜਾਂ ਧਾਰਮਿਕ ਹਸਤੀ ਨੂੰ ਮਿਲਣ ਲਈ ਜਾਣ ਤੋਂ ਨਾਂਹ ਨਹੀਂ ਕੀਤੀ। ਕਈ ਜਗ੍ਹਾ ਸਾਰੇ ਕੱਪੜੇ ਉਤਾਰ ਕੇ ਸਿਰਫ ਲੂੰਗੀ ਜਾਂ ਚਾਦਰ ਲਪੇਟ ਕੇ ਹੀ ਅੰਦਰ ਗਿਆ ਹਾਂ, ਇਕ-ਦੋ ਥਾਂ ਪੱਗ ਨਾ ਉਤਾਰਨ ਕਰਕੇ ਮੈਂ ਮੰਦਿਰ ਦੇ ਅੰਦਰ ਨਹੀਂ ਜਾ ਸਕਿਆ।

ਵੈਟੀਕਨ (ਰੋਮ) 'ਚ ਇਸਾਈ ਮਤ ਦੇ ਮੁਖੀ ਪੋਪ ਦੇ ਸਮਾਗਮ ਦੇਖ ਕੇ ਵੀ ਖੁਸ਼ੀ ਹਾਸਿਲ ਕੀਤੀ, ਸਾਈਂ ਬਾਬਾ ਦੇ ਸਮਾਗਮ ਅਤੇ ਉਨ੍ਹਾਂ ਦੇ ਨਿਵੇਕਲੇ ਦਰਸ਼ਨ ਵੀ ਕੀਤੇ। ਵੱਡੇ, ਈਦ ਮਿਲਨ, ਹਰਿਦੁਆਰ ਦੇ ਮੇਲੇ ਵੀ ਦੇਖੇ, ਸਿਖਾਂ ਦੇ ਇਤਿਹਾਸਿਕ ਜੋੜ ਮੇਲ, ਜਿਵੇਂ ਫ਼ਤਿਹਗੜ੍ਹ ਸਾਹਿਬ, ਆਨੰਦਪੁਰ ਸਾਹਿਬ ਦਾ ਹੋਲਾ ਮਹੱਲਾ, ਮੁਕਤਸਰ ਦਾ ਮਾਘੀ ਮੇਲਾ, ਦਮਦਮਾ ਸਾਹਿਬ 'ਚ ਵਿਸਾਖੀ ਅਤੇ ਅੰਮ੍ਰਿਤਸਰ 'ਚ ਦਿਵਾਲੀ ਦੇ ਮੌਕੇ ਪਹੁੰਚ ਕੇ ਵੀ ਖੁਸ਼ੀ ਪ੍ਰਾਪਤ ਕੀਤੀ।

ਹਰ ਥਾਂ ਪ੍ਰਬੰਧਾਂ ਦੇ ਤਰੀਕੇ ਵੇਖੇ, ਘੋਖੇ ਹਨ। ਲੱਖਾਂ ਸ਼ਰਧਾਲੂਆਂ

ਦੇ ਇੱਕਠ ਨੂੰ ਕੰਟਰੋਲ ਕਰਨ ਦਾ ਇਕ ਤਜਰਬਾ ਹੁੰਦਾ ਹੈ। ਹਰ ਥਾਂ ਪ੍ਰਬੰਧਕਾਂ ਨੂੰ ਇਸ ਬਾਰੇ ਆਈਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਕੱਲ੍ਹ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਚ ਸ਼ਰਧਾਲੂਆਂ ਦੀ ਇੰਨੀ ਭੀੜ ਹੁੰਦੀ ਹੈ ਕਿ ਕਈ ਤਾਂ ਅੰਦਰ ਜਾ ਹੀ ਨਹੀਂ ਸਕਦੇ ਅਤੇ ਪਰਿਕਰਮਾ 'ਚ ਬੈਠ ਕੇ ਹੀ ਆਨੰਦ ਮਾਣਦੇ ਹਨ। ਅੰਦਰ ਮੱਥਾ ਟੇਕਣ ਲਈ ਬਹੁਤ ਦੇਰ ਰੁਕ-ਰੁਕ ਕੇ ਜਾਣਾ ਪੈਂਦਾ ਹੈ।

ਭਾਰਤ ਦਾ ਸਭ ਤੋਂ ਵੱਧ ਭੀੜ ਵਾਲਾ ਤੀਰਥ ਅਸਥਾਨ ਤਿਰੂਪਤੀ ਮੰਦਿਰ ਹੈ। ਮੈਂ ਉਥੇ ਦੇਖਿਆ ਹੈ ਕਿ ਪ੍ਰਬੰਧਕ ਕਮੇਟੀ ਨੇ ਕੀ ਪ੍ਰਬੰਧ ਕੀਤੇ ਹੋਏ ਹਨ। ਦਰਸ਼ਨ ਕਰਨ ਲਈ ਸਾਲ 'ਚ ਕਈ ਵਾਰ 24 ਘੰਟਿਆਂ 'ਚ ਵਾਰੀ ਆਉਂਦੀ ਹੈ। ਉਥੇ ਦਰਸ਼ਨ ਕਰਨ ਦਾ ਸਮਾਂ ਨਿਸ਼ਚਿਤ ਹੈ ਅਤੇ ਚੜ੍ਹਾਵਾ ਬਾਹਰ ਆ ਕੇ ਇਕ ਹੁੰਡੀ ਜੋ ਲਟਕਦੀ ਹੁੰਦੀ ਹੈ, ਵਿਚ 2 ਸਕਿੰਟਾਂ 'ਚ ਪਾਇਆ ਜਾਂਦਾ ਹੈ। ਦੁਨੀਆ 'ਚ ਸਭ ਤੋਂ ਵੱਧ ਚੜ੍ਹਾਵਾ ਇਸੇ ਮੰਦਿਰ 'ਚ ਚੜ੍ਹਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਇਸ ਮੰਦਿਰ ਦਾ ਪ੍ਰਬੰਧ ਦੇਖਣਾ ਚਾਹੀਦਾ ਹੈ। ਕੇਰਲਾ 'ਚ ਹੋਰ ਵੀ ਕਈ ਮੰਦਿਰ ਹਨ, ਜਿਥੇ ਭੀੜ ਦਾ ਕੋਈ ਅੰਤ ਨਹੀਂ। ਰਾਜਸਥਾਨ 'ਚ ਵੈਸ਼ ਬਰਾਦਰੀ ਦਾ ਮੰਦਿਰ ਵੀ ਬਹੁਤ ਉਡੀਕ ਕਰਵਾਉਂਦਾ ਹੈ। ਜਿਸ ਤਰ੍ਹਾਂ ਧਾਰਮਿਕ ਇਕੱਠ ਦਾ ਕੰਟਰੋਲ ਇਕ ਮੁਸ਼ਕਿਲ ਸਮੱਸਿਆ ਹੈ, ਉਸੇ ਤਰ੍ਹਾਂ ਹੀ ਖੇਡ ਜਗਤ 'ਚ ਓਲੰਪਿਕ ਖੇਡਾਂ ਸਮੇਂ ਲੋਕਾਂ ਨੂੰ ਕੰਟਰੋਲ ਕਰਨਾ ਇਕ ਵੱਡੀ ਸਮੱਸਿਆ ਹੁੰਦੀ ਹੈ।

ਮੈਂ ਕਈ ਦੇਸ਼ਾਂ 'ਚ ਓਲੰਪਿਕ ਖੇਡਾਂ ਵੀ ਦੇਖੀਆਂ ਹਨ। ਇਸ ਦੇ ਲਈ ਉਚੇਚੇ ਤੌਰ 'ਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀ 2 ਸਾਲ ਪਹਿਲਾਂ ਟ੍ਰੇਨਿੰਗ ਲੈਂਦੇ ਹਨ, ਸਟੇਡੀਅਮ ਦੇ ਬਾਹਰ ਦੂਰ-ਦੂਰ ਤੱਕ ਰਸਤੇ ਬਣਾਏ ਜਾਂਦੇ ਹਨ, ਜ਼ਮੀਨਦੋਜ਼ ਮੈਟਰੋ ਰੇਲ ਲਾਈਨਾਂ ਬਣਦੀਆਂ ਹਨ। ਕਾਰਾਂ ਦੀ ਅੰਦਰ ਆਮਦ ਬੰਦ ਕਰ ਦਿੱਤੀ ਜਾਂਦੀ ਹੈ।

ਅੱਜ ਕੱਲ੍ਹ ਸਿਆਸੀ ਰੈਲੀਆਂ ਸਾਡੇ ਸਾਹਮਣੇ ਹਨ। ਲੱਖਾਂ ਲੋਕਾਂ ਦੀ ਭੀੜ ਨੂੰ ਲਿਆਉਣਾ ਅਤੇ ਰੈਲੀ ਵਾਲੀ ਜਗ੍ਹਾ 'ਤੇ ਬਿਠਾਉਣਾ ਇਕ ਵੱਡਾ ਮਸਲਾ ਹੁੰਦਾ ਹੈ। ਫਿਰ ਰੈਲੀ ਖਤਮ ਹੋਣ 'ਤੇ ਹਰ ਪਾਸੇ ਸੜਕਾਂ 'ਤੇ ਜਾਮ ਲੱਗਦੇ ਹਨ। ਉਹ ਵੀ ਵੱਡੀ ਪ੍ਰੇਸ਼ਾਨੀ ਦਾ ਸਬੱਬ ਬਣਦੇ ਹਨ।

ਮੈਨੂੰ ਕਈ ਵਾਰ ਰਾਧਾ ਸੁਆਮੀ ਸਤਿਸੰਗ ਦਿੱਲੀ ਵਿਚ ਜਾਣ ਦਾ ਮੌਕਾ ਮਿਲਿਆ ਹੈ। ਮੈਂ ਉਥੋਂ ਦੇ ਪ੍ਰਬੰਧਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਮੈਂ ਇਕ ਲੇਖ ਲਿਖਿਆ ਸੀ ਕਿ ਡੇਰਾ ਰਾਧਾ ਸੁਆਮੀ ਤੋਂ ਸਿਖੋ ਕਿ

ਸ਼ਰਧਾਲੂਆਂ ਦੀ ਭੀੜ ਨੂੰ ਕਿਵੇਂ ਕੰਟਰੋਲ ਕਰਨਾ ਹੈ। ਇਨ੍ਹਾਂ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਦਿੱਲੀ ਤੋਂ ਬਾਹਰ ਇਕ ਖੁੱਲ੍ਹੀ ਥਾਂ ਸਤਿਸੰਗ ਲਈ ਰੱਖੀ ਹੋਈ ਹੈ, ਜਿਥੇ ਘੱਟੋ-ਘੱਟ 2 ਲੱਖ ਲੋਕਾਂ ਦੇ ਬੈਠਣ ਲਈ ਇਕ ਸ਼ੈਡ ਬਣਾਇਆ ਹੋਇਆ ਹੈ।

ਇੰਨਾ ਵੱਡਾ ਸ਼ੈਡ ਮੈਂ ਹੋਰ ਕਿਤੇ ਨਹੀਂ ਦੇਖਿਆ ਹੈ। ਇਸ ਸ਼ੈਡ 'ਚ ਹਰ ਪਾਸੇ ਪੱਖੇ ਲੱਗੇ ਹੋਏ ਹਨ, ਲਾਈਟਾਂ ਅਤੇ ਸਾਊਂਡ ਦਾ ਬਹੁਤ ਵਧੀਆ ਪ੍ਰਬੰਧ ਹੈ। ਸ਼ੈਡ ਦੇ ਨੇੜੇ ਕਾਰਾਂ ਅਤੇ ਬੱਸਾਂ ਲਈ ਪਾਰਕਿੰਗ ਵਾਸਤੇ ਬਹੁਤ ਖੁੱਲ੍ਹੀ ਥਾਂ ਛੱਡੀ ਹੋਈ ਹੈ। ਮੀਲਾਂ ਤੱਕ ਰਾਧਾ ਸੁਆਮੀ ਵਾਲੰਟੀਅਰ ਸੜਕਾਂ 'ਤੇ ਟ੍ਰੈਫਿਕ ਖ਼ੁਦ ਕੰਟਰੋਲ ਕਰਦੇ ਹਨ।

ਹਜ਼ਾਰਾਂ ਸੇਵਾਦਾਰ ਕਿਵੇਂ ਡਿਊਟੀ ਦਿੰਦੇ ਹਨ, ਇਹ ਵੇਖਣ 'ਤੇ ਹੀ ਪਤਾ ਚਲਦਾ ਹੈ। ਪੰਡਾਲ 'ਚ ਦਾਖਲੇ ਲਈ ਕਈ ਰਸਤੇ ਹਨ। ਹਰੇਕ ਸ਼ਰਧਾਲੂ ਅੰਦਰ ਜਾ ਕੇ ਬੈਠ ਜਾਂਦਾ ਹੈ ਅਤੇ ਆਪਣੀ ਜੁੱਤੀ ਲਾਹ ਕੇ ਕੋਲ ਹੀ ਰੱਖਦਾ ਹੈ। ਕੋਈ ਵੀ ਅੱਗੇ ਜਾ ਕੇ ਬਾਬਾ ਜੀ ਨੂੰ ਮੱਥਾ ਨਹੀਂ ਟੇਕਦਾ। ਅਨੁਸ਼ਾਸਨ ਇੰਨਾ ਹੈ ਕਿ ਬਾਬਾ ਜੀ ਦੇ ਸਟੇਜ 'ਤੇ ਪਹੁੰਚਣ ਤੱਕ ਪੰਡਾਲ'ਭਰ ਜਾਂਦਾ ਹੈ, ਇਕ ਮਿੰਟ ਦੀ ਵੀ ਦੇਰੀ ਨਹੀਂ ਹੁੰਦੀ।

ਬਾਬਾ ਗੁਰਿੰਦਰ ਸਿੰਘ ਲਗਪਗ ਇਕ ਘੰਟਾ ਸ਼ਬਦ ਦੀ ਕਥਾ ਕਰਦੇ ਹਨ ਅਤੇ ਇਸ ਸਮੇਂ ਦੌਰਾਨ ਨਾ ਕੋਈ ਅੰਦਰ ਆਉਂਦਾ ਹੈ ਅਤੇ ਨਾ ਬਾਹਰ ਜਾਂਦਾ ਹੈ, ਹਰ ਪਾਸੇ ਚੁੱਪ ਛਾ ਜਾਂਦੀ ਹੈ। ਅਜਿਹਾ ਮਾਹੌਲ ਬਣਾਉਣ ਪਿੱਛੇ ਪ੍ਰਬੰਧਕੀ ਟ੍ਰੇਨਿੰਗ ਦਾ ਕਮਾਲ ਹੈ। ਸਤਿਸੰਗ ਖਤਮ ਹੋਣ 'ਤੇ ਵੀ ਅਨੁਸ਼ਾਸਨ ਕਾਇਮ ਹੈ। ਵਾਪਸੀ ਵੇਲੇ ਵੀ ਟ੍ਰੈਫਿਕ ਵਾਲੰਟੀਅਰ ਡਿਊਟੀ 'ਤੇ ਰਹਿੰਦੇ ਹਨ। ਡੇਰਾ ਬਿਆਸ 'ਚ ਵੀ ਵੱਡੇ ਇਕੱਠ ਦੇ ਬੈਠਣ ਦਾ ਪ੍ਰਬੰਧ ਦੇਖਣ ਵਾਲਾ ਹੈ। ਮੈਂ ਸਮਝਦਾ ਹਾਂ ਕਿ ਵੱਡੇ ਜਨਤਕ ਇਕੱਠ ਨੂੰ ਕੰਟਰੋਲ ਕਰਨ ਅਤੇ ਪੂਰੀ ਸਹੂਲਤ ਦੇਣ 'ਚ ਇਨ੍ਹਾਂ ਦੀ ਅਦੁੱਤੀ ਮਿਸਾਲ ਹੈ। ਇਸ ਨੂੰ ਦੇਖ ਸਮਝਕੇ ਬਾਕੀਆਂ ਨੂੰ ਵੀ ਸੁਧਾਰ ਕਰਨ ਦੀ ਲੋੜ ਹੈ। ਇਨ੍ਹਾਂ ਸੇਵਾਦਾਰਾਂ ਦੇ ਅਨੁਸ਼ਾਸਨ ਅਤੇ ਕੰਮ ਕਰਨ ਦੇ ਤਰੀਕੇ ਦੀ ਸ਼ਲਾਘਾ ਕਰਨੀ ਬਣਦੀ ਹੈ।

ਇਹ ਲੇਖ ਲਿਖਣ ਦੀ ਭਾਵਨਾ ਇਹ ਹੈ ਕਿ ਧਾਰਮਿਕ, ਖੇਡਾਂ ਦੇ ਜਾਂ ਸਿਆਸੀ ਇਕੱਠਾਂ ਦੇ ਪ੍ਰਬੰਧ 'ਚ ਸੁਧਾਰ ਦੀ ਸਖ਼ਤ ਲੋੜ ਹੈ। ਸਾਡੇ ਕੋਲ ਵਸੀਲੇ ਬਹੁਤ ਹਨ, ਸ਼ਰਧਾਲੂਆਂ ਦੀ ਵੀ ਘਾਟ ਨਹੀਂ ਪਰ ਵਿਉਂਤ ਨਾਲ ਪ੍ਰਬੰਧ ਕਰਨਾ ਸਾਡੀ ਡਿਊਟੀ ਹੈ। ਪੱਕੇ ਪ੍ਰਬੰਧ ਸਿਰਫ਼ ਪੰਡਾਲ ਲਗਾ ਕੇ ਨਹੀਂ ਹੁੰਦੇ, ਬੱਸਾਂ-ਕਾਰਾਂ ਦੀ ਪਾਰਕਿੰਗ ਇਸ ਤੋਂ ਵੀ ਵੱਧ ਜ਼ਰੂਰੀ ਹੈ।

# ਪਗੜੀ ਵਾਲੇ ਸਰਦਾਰਾਂ ਦੀ ਚੜ੍ਹਤ

ਭਾਰਤ ਵਿਚ ਸਿਖਾਂ ਦੀ ਕੁਲ ਵਸੋਂ ਕੇਵਲ ਦੋ ਪ੍ਰਤਿਸ਼ਤ ਹੈ। ਭਾਵ 110 ਕਰੋੜ ਵਾਲੇ ਦੇਸ਼ ਵਿਚ ਕੇਵਲ ਦੋ ਕਰੋੜ ਹੈ। 1947 ਵਿਚ ਜਦ ਦੇਸ਼ ਅਜ਼ਾਦ ਹੋਇਆ ਤਾਂ ਸਭ ਤੋਂ ਵੱਧ ਨੁਕਸਾਨ ਸਿਖਾਂ ਨੂੰ ਹੋਇਆ। ਅੱਧ ਤੋਂ ਵੱਧ ਆਬਾਦੀ ਪਾਕਿਸਤਾਨ ਤੋਂ ਉਜੜ ਕੇ ਦੋਬਾਰਾ ਵਸੀ, ਲੱਖਾਂ ਸਿਖ ਮਾਰੇ ਗਏ। ਫਿਰ ਕੁਝ ਰਾਜਸੀ ਹਾਲਾਤ ਐਸੇ ਉਲਝੇ ਕਿ ਲੰਬਾ ਸੰਘਰਸ਼ ਚਲਦਾ ਰਿਹਾ। ਇਸਦਾ ਸਿੱਟਾ ਵੀ ਭਿਆਨਕ ਨਿਕਲਿਆ ਤੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਫ਼ੌਜ ਦਾ ਹਮਲਾ ਫਿਰ 1984 ਵਿਚ ਦਿਲੀ ਤੇ ਹੋਰ ਸ਼ਹਿਰਾਂ ਵਿਚ ਹਜਾਰਾਂ ਸਿਖਾਂ ਦੇ ਕਤਲ ਦੇ ਸਾਕੇ ਵੀ ਸਿਖਾਂ ਨੇ ਭੁਗਤੇ। ਕਿਸੇ ਘੱਟ ਗਿਣਤੀ ਕੌਮ ਲਈ ਇਹ ਕੇਵਲ ਦੁਖਦਾਈ ਹੀ ਨਹੀਂ ਸਗੋਂ ਬੜਾ ਘਾਟਾ ਪਾਉਣ ਵਾਲਾ ਵਕਤ ਸੀ। ਇਸ ਕਾਰਨ ਰਾਜਸੀ, ਸਮਾਜਿਕ ਤੇ ਆਰਥਿਕ ਨੁਕਸਾਨ ਹੋਇਆ।

ਪਰ ਕਮਾਲ ਹੈ ਚੜ੍ਹਦੀ ਕਲਾ ਦਾ ਸੰਦੇਸ਼ ਜੋ ਸਿਖਾਂ ਦੀ ਗੁੜ੍ਹਤੀ ਹੈ ਕਿ ਇਹ ਕੌਮ ਹਰ ਵਕਤ ਮੁੜ ਸੁਰਜੀਤ ਹੁੰਦੀ ਹੈ। ਚਾਹੇ ਕੋਈ ਨਾਹਰੇ ਲਗਣ, ਕਈ ਭੁਲੇਖੇ ਪਾਏ ਜਾਣ ਸਿਖਾਂ ਨੇ ਭਾਰਤ ਦੇਸ਼ ਵਿਚ ਆਪਣੀ ਵਚਨਬੱਧਤਾ ਤੇ ਹਿੰਮਤ ਨਹੀਂ ਛੱਡੀ। ਸਿਖ ਹਮੇਸ਼ਾ ਭਾਰਤ ਦਾ ਅਟੁੱਟ ਅੰਗ ਬਣਕੇ ਮਜ਼ਬੂਤੀ ਵਲ ਵੱਧਦਾ ਰਿਹਾ। ਸਾਰੇ ਵਿਸ਼ਵ ਵਿਚ ਸਿਖਾਂ ਨੇ ਹੀ ਇਹ ਮਿਸਾਲ ਕਾਇਮ ਕੀਤੀ ਹੈ ਕਿ ਇਤਨੀ ਛੋਟੀ ਗਿਣਤੀ ਵਾਲੀ ਕੌਮ ਨੇ ਦੇਸ਼ ਦੀ ਹਰ ਟੀਸੀ ਵਾਲੀ ਪਦਵੀ ਪ੍ਰਾਪਤ ਕੀਤੀ ਹੈ। ਸਿਖਾਂ ਨੇ ਜੋ ਮੱਲਾਂ ਇਸ ਖੇਤਰ ਵਿਚ ਮਾਰੀਆਂ ਹਨ ਉਹ ਸਾਡੀ ਚੜ੍ਹਤ ਦਾ ਸੁਨਹਿਰੀ ਇਤਿਹਾਸ ਹੈ। ਕਿਹੜੀ ਵੱਡੀ ਪੱਦਵੀ ਹੈ ਜਿਸਤੇ ਸਿਖ ਬਿਰਾਜਮਾਨ ਨਹੀਂ ਹੋਇਆ।

ਸਭ ਤੋਂ ਉੱਚਾ ਅਹੁਦਾ ਹੈ ਰਾਸ਼ਟਰਪਤੀ ਦਾ ਜੋ ਸਾਰੇ ਦੇਸ਼ ਦਾ ਮੁਖੀ ਹੈ ਜਿਸਨੂੰ ਵਿਧਾਨ ਵਿਚ ਸਭ ਤੋਂ ਵੱਡੀ ਪੁਜੀਸ਼ਨ ਹੈ। 1982 ਵਿਚ ਗਿਆਨੀ ਜ਼ੈਲ ਸਿੰਘ ਉਸ ਲਈ ਚੁਣੇ ਗਏ। ਇਹ ਚੋਣ ਸਾਰੇ ਐਮ. ਪੀ.

ਤੇ ਐਮ. ਐਲ. ਏ. ਕਰਦੇ ਹਨ। ਵਿਸ਼ਵ ਭਰ ਵਿਚ ਪਗੜੀ ਵਾਲੇ ਸਰਦਾਰ ਨੂੰ ਪਹਿਲੀ ਵਾਰ ਇਹ ਮਾਣ ਮਿਲਿਆ। ਭਾਰਤ ਦਾ ਪ੍ਰਧਾਨ ਮੰਤਰੀ ਇਕ ਸਿਖ ਦਾ ਬਣ ਜਾਣਾ ਇਕ ਚਮਤਕਾਰ ਹੋਇਆ। ਜਦ ਡਾਕਟਰ ਮਨਮੋਹਨ ਸਿੰਘ 2004 ਵਿਚ ਇਸ ਪੱਦਵੀ ਤੇ ਬੈਠੇ। ਹੋਰ ਕਮਾਲ ਵੇਖੋ 2009 ਵਿਚ ਦੋਬਾਰਾ ਉਹ ਪ੍ਰਧਾਨ ਮੰਤਰੀ ਬਣੇ ਹਰ ਦੇਸ਼ ਵਿਚ ਲੋਕ ਪਗੜੀ ਵਾਲਾ ਪ੍ਰਧਾਨ ਮੰਤਰੀ ਸਿਖਾਂ ਦੀ ਸ਼ਾਨ ਵਧਾ ਰਿਹਾ ਸੀ। ਤੀਜੀ ਵੱਡੀ ਪਦਵੀ ਹੈ ਲੋਕ ਸਭਾ ਦਾ ਸਪੀਕਰ। ਵਿਸ਼ਵ ਦੀ ਸਭ ਤੋਂ ਵੱਡੀ ਪਾਰਲੀਮੈਂਟ ਦਾ ਮੁੱਖੀ ਪੰਜ ਸਾਲ ਪਿਛੋਂ ਚੁਣਿਆ ਜਾਂਦਾ ਹੈ। ਇਸ ਤੇ ਦੋ ਵਾਰੀ ਸਿਖ ਸੁਸ਼ੋਭਿਤ ਹੋਏ। 1962 ਵਿਚ ਹੁਕਮ ਸਿੰਘ ਸਪੀਕਰ ਬਣੇ। ਪਹਿਲਾਂ ਉਹ ਪੰਜ ਸਾਲ ਡਿਪਟੀ ਸਪੀਕਰ ਸਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ। ਉਸ ਪਿਛੋਂ ਗੁਰਦਿਆਲ ਸਿੰਘ ਢਿਲੋਂ ਸਪੀਕਰ ਬਣੇ। ਉਹਨਾਂ ਨੂੰ ਇਹ ਮਾਣ ਪ੍ਰਾਪਤ ਹੋਇਆ ਕਿ ਉਹ ਕਾਮਨਵੈਲਥ ਦੇਸ਼ਾਂ ਦੀ ਸਪੀਕਰਾਂ ਦੀ ਐਸੋਸੀਏਸ਼ਨ ਦੇ ਮੁਖੀ ਵੀ ਬਣੇ।

ਕੇਵਲ ਇਹੀ ਨਹੀਂ ਭਾਰਤ ਵਿਚ ਕਈ ਹੋਰ ਮਹੱਤਵਪੂਰਣ ਪੱਦਵੀਆਂ ਹਨ ਜਿਹਨਾਂ ਦਾ ਦਰਜਾ ਵਿਧਾਨਕ ਵੀ ਹੈ। ਪਲਾਨਿੰਗ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੋਨਟਕ ਸਿੰਘ ਆਹਲੂਵਾਲੀਆ ਦੀ ਫੋਟੋ ਹਰ ਰੋਜ਼ ਅਖ਼ਬਾਰਾਂ ਵਿਚ ਆਉਂਦੀ ਰਹੀ ਹੈ। ਆਪਣੀ ਲਿਆਕਤ ਨਾਲ ਇਸ ਪਦਵੀ ਤੇ ਬੈਠਕੇ ਇਹਨਾਂ ਨੇ ਆਪਣਾ ਨਾਂ ਕਮਾਇਆ ਹੈ। ਦੋ ਵੱਡੇ ਕਮਿਸ਼ਨ ਹਨ ਨੈਸ਼ਨਲ ਕਮਿਸ਼ਨ ਫਾਰ ਮਿਨਾਰਟੀਜ਼ (ਕੌਮੀ ਘੱਟ ਗਿਣਤੀ ਕਮਿਸ਼ਨ) ਜਿਸਦਾ ਦਰਜਾ ਕੈਬਨਿਟ ਮੰਤਰੀ ਦਾ ਹੈ ਤੇ ਦੂਜਾ ਨੈਸ਼ਨਲ ਸ਼ੈਡਯੂਲਡ ਕਾਸਟ ਕਮਿਸ਼ਨ, ਜਿਹਨਾਂ ਦੇ ਚੇਅਰਮੈਨ ਸਿਖ ਬਣੇ ਹਨ। ਮੈਨੂੰ ਇਹ ਮਾਣ 2003 ਵਿਚ ਮਿਲਿਆ, ਜਦ ਮੈਨੂੰ ਵਾਈਸ ਚੇਅਰਮੈਨ ਲਗਾਇਆ ਗਿਆ। ਬੂਟਾ ਸਿੰਘ, ਸਾਬਕਾ ਗਵਰਨਰ ਤੇ ਹੋਮ ਮਨਿਸਟਰ, ਸ਼ੈਡਯੂਲਡ ਕਾਸਟ ਕਮਿਸ਼ਨ ਦੇ ਚੇਅਰਮੈਨ 2008 ਵਿਚ ਬਣੇ। ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦਾ ਚੇਅਰਮੈਨ ਵੀ ਇਕ ਵਾਰ ਸਰਦਾਰ ਛਤਵਾਲ ਬਣ ਚੁੱਕਾ ਹੈ। ਭਾਰਤੀ ਫ਼ੌਜ ਦਾ ਮੁਖੀ ਪਹਿਲਾ ਸਿਖ ਜਰਨਲ ਜੇ. ਜੇ. ਸਿੰਘ ਬਣਿਆ ਤੇ ਫੇਰ ਜਨਰਲ ਬਿਕਰਮ ਸਿੰਘ। ਹਵਾਈ ਫੌਜ ਦਾ ਮੁਖੀ ਦੋ ਵਾਰੀ ਸਿਖ ਬਣ ਚੁੱਕਾ ਹੈ, ਏਅਰ ਚੀਫ ਮਾਰਸ਼ਲ ਅਰਜਨ ਸਿੰਘ ਤੇ ਏਅਰ ਚੀਫ ਮਾਰਸ਼ਲ ਦਿਲਬਾਗ ਸਿੰਘ। ਅਟਲ ਬਿਹਾਰੀ ਵਾਜਪਾਈ ਨੇ ਸਰਦਾਰ ਅਰਜਨ ਸਿੰਘ ਨੂੰ ਫੀਲਡ ਮਾਰਸ਼ਲ ਦੀ ਪੱਦਵੀ ਵੀ ਦਿੱਤੀ ਸੀ ਜਿਸਨੂੰ ਮਾਰਸ਼ਲ ਆਫ ਏਅਰ ਫੋਰਸਿਜ਼ ਕਹਿੰਦੇ ਹਨ।

ਸਮੁੰਦਰੀ ਫ਼ੌਜ ਦਾ ਮੁੱਖੀ ਵੀ ਸਰਦਾਰ ਖੁਰਾਣਾ ਬਣਨਾ ਸੀ ਪਰ ਫਿਰ ਉਹਨਾਂ ਨੂੰ ਭਾਰਤ ਦੀ ਕੋਸਟਲ ਗਾਰਡ ਦੇ ਮੁੱਖੀ ਦੀ ਪਦਵੀ ਦਿੱਤੀ ਗਈ ਸੀ।

ਭਾਰਤ ਦੇ ਪਹਿਲੇ ਰੇਲਵੇ ਬੋਰਡ ਦੇ ਮੁੱਖੀ ਸਰਦਾਰ ਕਰਨੈਲ ਸਿੰਘ ਸਨ। ਭਾਰਤ ਦੀ ਖੇਡਾਂ ਦੀ ਅਥਾਰਟੀ ਦੇ ਪਹਿਲੇ ਮੁਖੀ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਸਨ। ਅਨੇਕਾਂ ਉਚ ਅਸਥਾਨ ਭਾਵ ਗਵਰਨਰ, ਰਾਜਦੂਤ ਆਦਿ ਤੇ ਸਿਖ ਹਮੇਸ਼ਾਂ ਨਜ਼ਰ ਆਉਂਦੇ ਹਨ। ਇਕ ਹੋਰ ਪ੍ਰਾਪਤੀ ਹੋਈ ਹੈ ਜਿਸਦਾ ਵਰਨਣ ਕਰਨਾ ਜ਼ਰੂਰੀ ਹੈ। ਯੂ. ਐਨ. ੳ. ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ ਹੈ, ਉਸਦੀ ਸਿਕਊਰਿਟੀ ਕੌਂਸਲ ਹੀ ਹਰ ਫੈਸਲਾ ਲੈਂਦੀ ਹੈ। ਕੁਝ ਚਿਰ ਪਹਿਲਾਂ ਉਸਦਾ ਚੇਅਰਮੈਨ ਪਗੜੀ ਵਾਲਾ ਸਰਦਾਰ ਹਰਦੀਪ ਸਿੰਘ ਪੁਰੀ ਬਣਿਆ ਸੀ। ਹਰ ਟੀ.ਵੀ. ਤੇ ਅਖ਼ਬਾਰ ਵਿਚ ਉਸਦੀ ਫੋਟੋ ਨਜ਼ਰ ਆਉਂਦੀ ਸੀ।

ਇਥੇ ਇਹ ਵੀ ਲਿਖਣਾ ਚਾਹੁੰਦਾ ਹਾਂ ਕਿ ਪਗੜੀ ਵਾਲਾ ਸਰਦਾਰ ਲੰਡਨ ਦੀ ਪਾਰਲੀਮੈਂਟ ਵਿਚ ਪੁੱਜ ਗਿਆ ਹੈ। ਇਸ ਪੱਦਵੀ ਤੇ ਪਹਿਲੇ ਵੀ ਸਿਖ ਪਹੁੰਚੇ ਸਨ ਪਰ ਉਹਨਾਂ ਦੇ ਸਿਰ ਤੇ ਸਿਖੀ ਸ਼ਾਨ ਪਗੜੀ ਨਹੀਂ ਸੀ। ਇੰਦਰਜੀਤ ਸਿੰਘ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਕੈਨੇਡਾ ਵਿਚ ਸਿਖ ਮੰਤਰੀ ਤੇ ਮੈਂਬਰ ਪਾਰਲੀਮੈਂਟ ਬੜੀ ਦੇਰ ਤੋਂ ਚਲ ਰਹੇ ਹਨ। ਨਿਊਜ਼ੀਲੈਂਡ, ਮਲੇਸ਼ੀਆ, ਸਿੰਗਾਪੁਰ ਵਿਚ ਵੀ ਸਿਖ ਮੈਂਬਰ ਪਾਰਲੀਮੈਂਟ ਹਨ।

ਸਾਡੇ ਲਈ ਗੁਰੂ ਮਹਾਰਾਜ ਇਕ ਵੱਖਰੀ ਤੇ ਅਦੁੱਤੀ ਪਛਾਣ ਪਗੜੀ ਦੀ ਬਣਾ ਗਏ ਹਨ ਜੋ ਸਾਡੀ ਅਹਿਮੀਅਤ ਵਧਾਉਂਦੀ ਹੈ। ਦੂਰੋਂ ਸਾਡੀ ਪਹਿਚਾਣ ਹੋ ਜਾਂਦੀ ਹੈ। ਇਸਦਾ ਸਦਕਾ ਜੋ ਸਿਖ ਆਪਣੀ ਹਿੰਮਤ ਨਾਲ ਪੱਦਵੀਆਂ ਪ੍ਰਾਪਤ ਕਰਦਾ ਹੈ। ਉਸ ਦੀ ਵਡਿਆਈ ਵਿਚ ਇਹ ਪਹਿਚਾਣ ਬੜੀ ਸਹਾਈ ਹੁੰਦੀ ਹੈ।

ਅਸੀਂ ਸਾਰੇ ਇਹ ਅਰਦਾਸ ਕਰੀਏ ਕਿ ਇਹ ਜੋਤ ਜਗਦੀ ਰਹੇ। ਸਿਖ ਚੜ੍ਹਦੀ ਕਲਾ ਦੇ ਵਿਸ਼ਵਾਸ ਨੂੰ ਕਾਇਮ ਰਖੇ ਅਤੇ ਆਪਣੀ ਹਿੰਮਤ ਨੂੰ ਜਾਰੀ ਰੱਖ ਕੇ ਸੇਵਾ ਕਰਨ ਦੇ ਰਾਹ ਲੱਭਦਾ ਰਹੇ। ਸਿਖੀ ਦੀ ਸ਼ਾਨ ਵਧਦੀ ਰਹੇ।

# ਕਾਂਗਰਸ - ਅਕਾਲੀ ਕਦੋਂ-ਕਦੋਂ ਇਕੱਠੇ ਰਹੇ

ਹਰ ਪੜ੍ਹਨ ਵਾਲੇ ਨੂੰ ਹੈਰਾਨਗੀ ਹੋਵੇਗੀ। ਪਿਛਲੇ 50 ਸਾਲ ਤੋਂ ਕਾਂਗਰਸ ਤੇ ਅਕਾਲੀ ਪਾਰਟੀ ਇਕ ਦੂਜੇ ਦੇ ਵਿਰੁੱਧ ਖੜ੍ਹੇ ਹਨ। ਪੰਜਾਬ ਵਿਚ ਇਹ ਦੋਵੇਂ ਮੁੱਖ ਪਾਰਟੀਆਂ ਹਨ ਅਤੇ 1966 ਵਿਚ ਜਦ ਪੰਜਾਬ ਵਿਚੋਂ ਹਰਿਆਣਾ ਅਤੇ ਹਿਮਾਚਲ ਨਿਕਲ ਗਏ ਉਦੋਂ ਤੋਂ ਅਕਾਲੀ ਕਈ ਵਾਰ ਰਾਜ ਕਰ ਚੁੱਕੇ ਹਨ। ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੇ ਪੰਜ ਵਾਰ ਮੁੱਖ ਮੰਤਰੀ ਬਣੇ। 1966 ਤੋਂ ਪਹਿਲਾਂ ਵੀ ਅਕਾਲੀ ਮੁਖ ਵਿਰੋਧੀ ਪਾਰਟੀ ਰਹੀ ਹੈ। ਸਾਡੇ ਰਾਜਸੀ ਸਮਾਜ ਵਿਚ ਤਾਂ ਵਿਰੋਧ ਇਸ ਹੱਦ ਤੱਕ ਜਾਂਦਾ ਹੈ ਕਿ ਵਖ-ਵਖ ਪਾਰਟੀਆਂ ਦੇ ਲੀਡਰ ਸੋਸ਼ਲ ਸਮਾਗਮਾਂ ਤੇ ਵੀ ਇਕੱਠੇ ਨਹੀਂ ਹੁੰਦੇ।

ਇਤਹਾਸ ਗਵਾਹ ਹੈ ਕਿ ਕਈ ਵਾਰ ਅਕਾਲੀ ਤੇ ਕਾਂਗਰਸ ਇਕੱਠੇ ਹੋਏ। ਸਾਂਝੀਆਂ ਚੋਣਾਂ ਵੀ ਲੜੀਆਂ। ਇਕ ਸੁਰ ਵਾਂਗੂੰ ਪਾਕਿਸਤਾਨ ਬਨਣ ਤੋਂ ਪਹਿਲਾਂ ਲਾਹੌਰ ਵਿਚ ਅਕਾਲੀ ਤੇ ਕਾਂਗਰਸ ਪਾਰਟੀਆਂ ਨੇ ਮਿਲਕੇ ਸਾਂਝੀ ਸਰਕਾਰ ਬਣਾਈ। ਇਸ ਦੇ ਪਹਿਲੇ ਮੁੱਖ ਮੰਤਰੀ ਸਰ ਸਕੰਦਰ ਹਿਯਾਤ ਖਾਂ ਬਣੇ ਸਨ। ਫਿਰ ਸਰ ਖਿਜ਼ਰ ਹਯਾਤ ਖਾਂ ਬਣੇ। ਭੀਮ ਸੈਨ ਸਚਰ ਕਾਂਗਰਸ ਵਲੋਂ ਤੇ ਬਲਦੇਵ ਸਿੰਘ ਤੇ ਫਿਰ ਸਵਰਨ ਸਿੰਘ ਅਕਾਲੀ ਕੈਬਨਿਟ ਮੰਤਰੀ ਸਨ। ਦੋਵੇਂ ਪਾਰਟੀਆਂ ਇਕੱਠੇ ਹੋ ਕੇ ਮੁਸਲਮ ਲੀਗ ਵਿਰੁੱਧ ਲੜਦੀਆਂ ਸਨ। ਪਾਕਿਸਤਾਨ ਦੇ ਵਿਰੋਧ ਵਿਚ ਵੀ ਸਾਂਝਾ ਐਕਸ਼ਨ ਲੈਂਦੀਆਂ ਸਨ। 1946 ਵਿਚ ਜਦ ਪਹਿਲੀ ਸੈਂਟਰਲ ਸਰਕਾਰ ਬਣੀ ਤਾਂ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਬਣੇ। ਉਸ ਵਿਚ ਅਕਾਲੀ ਪਾਰਟੀ ਵਲੋਂ ਬਲਦੇਵ ਸਿੰਘ ਡੀਫੈਂਸ ਮੰਤਰੀ ਸ਼ਾਮਲ ਹੋਏ। 1947 ਵਿਚ ਦੇਸ਼ ਆਜ਼ਾਦ ਹੋ ਗਿਆ। ਨਵੇਂ ਪੰਜਾਬ ਵਿਚ ਅਕਾਲੀ ਕਾਂਗਰਸ ਸਾਂਝੀ ਸਰਕਾਰ ਬਣੀ। ਡਾ. ਗੋਪੀ ਚੰਦ ਭਾਰਗਵ ਮੁੱਖ ਮੰਤਰੀ ਸਨ। ਸਵਰਨ ਸਿੰਘ ਅਤੇ ਸਰਦਾਰ ਉਜਲ ਸਿੰਘ ਵਜ਼ੀਰ ਸਨ। ਪੰਜ ਸਾਲ ਦੋਵੇਂ ਪਾਰਟੀਆਂ ਇਕੱਠੀਆਂ ਰਹੀਆਂ। ਇੱਥੇ ਮੈਂ ਇਹ ਵੀ ਦਸ ਦੇਵਾਂ ਕਿ 1925 ਤੋਂ ਲੈ ਕੇ 1942 ਤਕ ਹਰ ਅਕਾਲੀ ਕਾਂਗਰਸ

ਪਾਰਟੀ ਦਾ ਮੈਂਬਰ ਵੀ ਰਹਿ ਸਕਦਾ ਸੀ। ਬਾਬਾ ਖੜਕ ਸਿੰਘ ਕਾਂਗਰਸ ਦੇ ਵੀ ਪ੍ਰਧਾਨ ਸਨ। ਮਾਸਟਰ ਤਾਰਾ ਸਿੰਘ ਕਾਂਗਰਸ ਪਾਰਟੀ ਦੀ ਕਮੇਟੀ, ਜਿਸ ਨੇ ਕੌਮੀ ਝੰਡਾ ਤਰੰਗਾ ਚੁਣਿਆਂ ਉਸ ਦੇ ਮੈਂਬਰ ਸਨ। ਪੰਡਤ ਜਵਾਹਰ ਲਾਲ ਨਹਿਰੂ ਜੈਤੋਂ ਵਾਲੇ ਅਕਾਲੀ ਮੋਰਚੇ ਵਿਚ ਆ ਕੇ ਕੈਦ ਹੋਏ ਤੇ ਨਾਭਾ ਜੇਲ੍ਹ ਵਿਚ ਰਹੇ।

1952 ਵਿਚ ਜਦ ਪਹਿਲੀ ਵਾਰ ਭਾਰਤ ਵਿਚ ਚੋਣਾਂ ਹੋਈਆਂ ਅਕਾਲੀ ਪਾਰਟੀ ਨੇ ਵਖਰੇ ਹੋ ਕੇ ਚੋਣ ਲੜੀ। ਪੈਪਸੂ ਜੋ ਵੱਖਰੀ ਸਟੇਟ ਸੀ, ਉੱਥੇ ਅਕਾਲੀ ਬਹੁਤ ਗਿਣਤੀ ਵਿਚ ਆ ਗਏ ਤੇ ਉਹਨਾਂ ਕੁਝ ਹੋਰ ਐਮ. ਐਲ. ਏ. ਨਾਲ ਲੈ ਕੇ ਆਪਣੀ ਸਰਕਾਰ ਬਣਾ ਲਈ। ਗਿਆਨ ਸਿੰਘ ਰਾੜੇਵਾਲਾ ਮੁੱਖ ਮੰਤਰੀ ਬਣ ਗਏ।

ਕਾਂਗਰਸ ਪਾਰਟੀ ਨੇ ਮੁੜ ਵਿਚਾਰ ਕਰਕੇ ਅਕਾਲੀਆਂ ਨਾਲ ਸੁਲਾਹ ਕਰਨ ਦਾ ਫੈਸਲਾ ਕੀਤਾ, ਸਭ ਤੋਂ ਪਹਿਲਾਂ ਪੈਪਸੂ ਵਿਚ ਗਿਆਨ ਸਿੰਘ ਰਾੜੇਵਾਲਾ ਨਾਲ ਸਮਝੌਤਾ ਕੀਤਾ ਜਿਸ ਅਨੁਸਾਰ ਰਾੜੇਵਾਲਾ ਗਰੁੱਪ 1956 ਵਿੱਚ ਕਾਂਗਰਸ ਵਿਚ ਸ਼ਾਮਲ ਹੋ ਗਿਆ। ਭੁਪਿੰਦਰ ਸਿੰਘ ਮਾਨ, ਕਰਤਾਰ ਸਿੰਘ ਦੀਵਾਨਾ, ਬਾਬਾ ਹਰਨਾਮ ਸਿੰਘ ਭੁਲੱਥ, ਤੇਜਾ ਸਿੰਘ ਬਠਿੰਡਾ, ਪ੍ਰੀਤਮ ਸਿੰਘ ਮੋਫਰ ਉਹਨਾਂ ਨਾਲ ਸਨ। ਇਸ ਤੋਂ ਤੁਰੰਤ ਪਿਛੋਂ ਸਾਰੀ ਅਕਾਲੀ ਪਾਰਟੀ ਨੇ ਵੀ ਕਾਂਗਰਸ ਨਾਲ ਸੁਲਾਹ ਕਰ ਲਈ। ਕਮਾਲ ਇਹ ਹੈ ਕਿ ਅਕਾਲੀ ਦਲ ਨੇ 1955 ਵਿਚ ਕਾਂਗਰਸ ਸੈਸ਼ਨ ਅੰਮ੍ਰਿਤਸਰ ਸਮੇਂ ਇਕ ਬੇਮਿਸਾਲ ਸ਼ਕਤੀ ਪ੍ਰਦਰਸ਼ਨ ਉੱਥੇ ਕੀਤਾ ਸੀ। 1956 ਵਿਚ ਪੈਪਸੂ ਟੁੱਟ ਗਿਆ ਤੇ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ। ਕਾਂਗਰਸ ਪਾਰਟੀ ਦੇ ਪ੍ਰਧਾਨ ਢੇਬਰ ਭਾਈ ਸਨ, ਉਹਨਾਂ ਨੇ ਲੰਬੀ ਗੱਲਬਾਤ ਪਿਛੋਂ ਅਕਾਲੀ ਕਾਂਗਰਸ ਸਮਝੌਤੇ ਦਾ ਐਲਾਨ ਕਰ ਦਿੱਤਾ। ਇਸ ਅਨੁਸਾਰ 1957 ਵਿਚ ਅਸੈਂਬਲੀ ਤੇ ਪਾਰਲੀਮੈਂਟ ਚੋਣਾਂ ਵਿਚ ਸਾਰੇ ਅਕਾਲੀ ਕਾਂਗਰਸ ਟਿਕਟ ਤੇ ਚੋਣ ਲੜੇ। ਰਾੜੇਵਾਲਾ ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ, ਸਵਰਨ ਸਿੰਘ, ਬਲਦੇਵ ਸਿੰਘ, ਪ੍ਰਕਾਸ਼ ਸਿੰਘ ਬਾਦਲ, ਗੁਰਮੀਤ ਸਿੰਘ, ਆਤਮਾ ਸਿੰਘ ਅਤੇ ਅਜੀਤ ਸਿੰਘ ਸਰਹੱਦੀ ਆਦਿ ਅਨੇਕਾਂ ਅਕਾਲੀ ਲੀਡਰ ਪਾਰਲੀਮੈਂਟ ਅਤੇ ਅਸੈਬਲੀ ਮੈਂਬਰ ਬਣੇ। ਹੁਕਮ ਸਿੰਘ ਡਿਪਟੀ ਸਪੀਕਰ ਲੋਕ ਸਭਾ ਬਣਾਏ ਗਏ। ਰਾੜੇਵਾਲਾ ਤੇ ਗਿਆਨੀ ਕਰਤਾਰ ਸਿੰਘ ਪੰਜਾਬ ਦੇ ਮੰਤਰੀ ਬਣ ਗਏ। ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ। ਇਹ ਗਠਬੰਧਨ ਕਈ ਸਾਲ ਚੱਲਿਆ ਪਰ ਪੰਜਾਬੀ ਸੂਬਾ ਐਜ਼ੀਟੇਸ਼ਨ ਅਕਾਲੀ ਪਾਰਟੀ ਨੇ ਬੜੇ ਜ਼ੋਰ ਨਾਲ ਚਲਾ

ਦਿੱਤੀ, ਇਸ ਕਾਰਨ ਅਕਾਲੀ ਕਾਂਗਰਸ ਤੋਂ ਦੂਰ ਹੋ ਗਏ। 1962 ਦੀਆਂ ਚੋਣਾਂ ਅਕਾਲੀ ਕਾਂਗਰਸ ਇਕ ਦੂਜੇ ਦੇ ਵਿਰੁੱਧ ਲੜੇ। 1966 ਵਿਚ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ ਤੇ 1 ਨਵੰਬਰ 1966 ਨੂੰ ਹਰਿਆਣਾ ਅਤੇ ਹਿਮਾਚਲ ਵੱਖ ਸੂਬੇ ਹੋ ਗਏ। 1967 ਵਿਚ ਪੰਜਾਬ ਦੀਆਂ ਚੋਣਾਂ ਵਿਚ ਅਕਾਲੀ ਜਿੱਤ ਗਏ ਤੇ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਬਣੇ। ਕਾਂਗਰਸ ਨੇ ਇਕ ਸਾਲ ਪਿਛੋਂ ਅਕਾਲੀਆਂ ਵਿਚ ਫੁੱਟ ਪਵਾ ਦਿੱਤੀ ਤੇ ਲਛਮਣ ਸਿੰਘ ਗਿੱਲ ਨੂੰ ਅਕਾਲੀ ਦਲ ਨਾਲੋਂ ਤੋੜਕੇ ਮੁੱਖ ਮੰਤਰੀ ਬਣਾ ਦਿੱਤਾ, ਜਲਦੀ ਹੀ ਕਾਂਗਰਸ ਨੇ ਮਦਦ ਵਾਪਸ ਲੈ ਲਈ ਤੇ ਮੁੜ ਚੋਣਾਂ ਹੋ ਗਈਆਂ। ਅਕਾਲੀ ਫਿਰ ਜਿਤੇ ਤੇ ਜਸਟਿਸ ਗੁਰਨਾਮ ਸਿੰਘ ਮੁੜ ਮੁੱਖ ਮੰਤਰੀ ਬਣ ਗਏ। ਇਹ ਸਰਕਾਰ ਛੇਤੀ ਡਿੱਗ ਗਈ ਤੇ ਪ੍ਰਕਾਸ਼ ਸਿੰਘ ਬਾਦਲ 1970 ਵਿਚ ਮੁੱਖ ਮੰਤਰੀ ਬਣ ਗਏ। ਇਕ ਸਾਲ ਸਭ ਠੀਕ ਰਿਹਾ ਪਰ ਜਨਸੰਘ ਪਾਰਟੀ ਜੋ ਅਕਾਲੀਆਂ ਨਾਲ ਸਾਂਝੀ ਸਰਕਾਰ ਵਿਚ ਸੀ ਨੇ ਅਸਤੀਫਾ ਦੇ ਦਿੱਤਾ ਤੇ ਅਕਾਲੀ ਘੱਟ ਗਿਣਤੀ ਵਿਚ ਰਹਿ ਗਏ। ਕਾਨੂੰਨ ਅਨੁਸਾਰ ਬਾਦਲ ਸਾਹਿਬ ਮੁੱਖ ਮੰਤਰੀ ਨਹੀਂ ਸੀ ਰੱਹਿ ਸਕਦੇ।

ਇਕ ਐਸਾ ਅਵਸਰ ਆ ਗਿਆ ਕਿ ਅਕਾਲੀ ਕਾਂਗਰਸ ਸਬੰਧ ਮੁੜ ਇਕ ਸੁਰ ਹੋਣ ਦੇ ਆਸਰ ਬਣ ਗਏ। ਅਕਾਲੀਆਂ ਨੂੰ ਗਵਰਨਰ ਪਾਵਟੇ ਦੀ ਮਦਦ ਦੀ ਲੋੜ ਸੀ। ਉਸ ਲਈ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਜ਼ਰੂਰੀ ਸੀ। ਅਕਾਲੀਆਂ ਨੇ ਨਿਰੰਜਣ ਸਿੰਘ ਤਾਲਬ ਨੂੰ ਦਿੱਲੀ ਭੇਜਿਆ ਤੇ ਉਸਦੇ ਨਾਲ ਰਾਜਾ ਨਰਿੰਦਰ ਸਿੰਘ ਨਾਭਾ ਗਏ ਜੋ ਅਕਾਲੀ ਵਜ਼ੀਰ ਸਨ। ਇੰਦਰਾ ਗਾਂਧੀ ਬੜੀ ਸਿਆਣੀ ਸੀ ਉਸਨੇ ਅਕਾਲੀਆਂ ਨੂੰ ਦਾਣਾ ਸੁੱਟਿਆ ਕਿ ਮੁੜ ਸੁਲਾਹ ਹੋ ਜਾਵੇ, ਗੱਲਬਾਤ ਜ਼ੋਰ ਨਾਲ ਚਲੀ। ਆਤਮਾ ਸਿੰਘ, ਰਵੇਲ ਸਿੰਘ ਮੰਤਰੀ ਅਤੇ ਉਜਾਗਰ ਸਿੰਘ ਸੇਖਵਾਂ ਕਿਸੇ ਚੰਗੇ ਸਮਝੌਤੇ ਦੇ ਹੱਕ ਵਿਚ ਸਨ। ਪਾਰਲੀਮੈਂਟ ਦੀਆਂ ਚੋਣਾਂ ਹੋਣੀਆਂ ਸਨ, ਇਹ ਸੁਝਾਅ ਸੀ ਕਿ ਦੋਵੇਂ ਪਾਰਟੀਆਂ ਛੇ-ਛੇ ਸੀਟਾਂ ਲੈ ਲੈਣ ਤੇ 13ਵੀਂ ਸੀਟ ਕੋਈ ਸਾਂਝਾ ਬੰਦਾ ਲੈ ਲਵੇ। ਪਰਕਾਸ਼ ਸਿੰਘ ਬਾਦਲ ਸਾਹਿਬ ਆਪਣੇ ਸੁਭਾਅ ਅਨੁਸਾਰ ਹਰ ਗੱਲ ਸੰਤ ਫਤਿਹ ਸਿੰਘ 'ਤੇ ਛੱਡਦੇ ਸਨ। ਆਤਮਾ ਸਿੰਘ, ਰਵੇਲ ਸਿੰਘ ਤੇ ਰਾਜਾ ਨਰਿੰਦਰ ਸਿੰਘ ਮੁਕਤਸਰ ਪਹੁੰਚੇ ਜਿੱਥੇ ਸੰਤ ਫਤਹਿ ਸਿੰਘ ਠਹਿਰੇ ਹੋਏ ਸਨ। ਸੰਤ ਨਾਲ ਗੱਲ ਹੋਈ ਉਹਨਾਂ ਪਰਕਾਸ਼ ਸਿੰਘ ਬਾਦਲ ਨੂੰ ਬੁਲਾਇਆ। ਬਾਦਲ ਸਾਹਿਬ ਨੇ ਸਾਰੀ ਗੱਲ ਸੰਤਾਂ 'ਤੇ ਛੱਡ ਦਿੱਤੀ। ਤੁਰੰਤ ਵਰਕਿੰਗ ਕਮੇਟੀ

ਦੀ ਮੀਟਿੰਗ ਪਟਿਆਲਾ ਬੁਲਾ ਲਈ ਗਈ। ਮੀਟਿੰਗ ਵਿਚ ਕਈ ਮੈਂਬਰਾਂ ਨੇ ਸੁਲਾਹ ਦੀ ਗੱਲ ਕੀਤੀ,ਪਰ ਜਸਟਿਸ ਗੁਰਨਾਮ ਸਿੰਘ ਜਿਸਨੂੰ ਦੁੱਖ ਸੀ ਕਿ ਉਹਨਾਂ ਨੂੰ ਕੱਢਿਆ ਗਿਆ ਹੈ ਨੇ ਸੁਲਾਹ ਦੇ ਵਿਰੁੱਧ ਭਾਸ਼ਨ ਕਰ ਦਿੱਤਾ। ਸਿਖਾਂ ਦੇ ਸੁਭਾਅ ਵਿਚ ਇਕ ਕਮੀ ਹੈ ਜਦ ਕੋਈ ਵੰਗਾਰ ਕੇ ਕੁਝ ਕਹਿ ਦੇਵੇ ਹਰ ਕੋਈ ਚੜ੍ਹਤ ਦੀ ਗੱਲ ਕਰਦਾ ਹੈ ਕਿ ਕੀ ਅਸੀਂ ਡਰਦੇ ਹਾਂ ? ਬਸ ਗੁਰਨਾਮ ਸਿੰਘ ਦੀ ਪਾਲਸੀ ਵਿਚ ਅਕਾਲੀ ਫਸ ਗਏ ਤੇ ਕਾਂਗਰਸ ਨਾਲ ਕੋਈ ਸੁਲਾਹ ਨਾ ਕਰਨ ਦਾ ਐਲਾਨ ਕਰ ਦਿੱਤਾ। ਇਸ ਸਾਰੀ ਵਾਰਤਾ ਦਾ ਚਸ਼ਮਦੀਦ ਗਵਾਹ ਰਾਜਾ ਨਰਿੰਦਰ ਸਿੰਘ ਨਾਭਾ ਸੀ, ਉਸਨੂੰ ਆਪਣਾ ਬਿਆਨ ਰੀਕਾਰਡ ਕਰਵਾਉਣਾ ਚਾਹੀਦਾ ਸੀ ਤਾਂ ਜੋ ਇਤਿਹਾਸ ਵਿਚ ਠੀਕ ਰੀਕਾਰਡ ਜਾਵੇ। ਪਾਰਲੀਮੈਂਟ ਦੀ ਚੋਣ ਅਕਾਲੀ ਵੱਖਰੇ ਲੜੇ ਤੇ 13 ਵਿਚੋਂ ਇਕ ਸੀਟ ਆਈ ਗੁਰਦਾਸ ਸਿੰਘ ਬਾਦਲ ਜਿੱਤੇ। ਇਸ ਹਾਰ ਪਿਛੋਂ 1972 ਵਿਚ ਅਸੈਂਬਲੀ ਦੀਆਂ ਚੋਣਾਂ ਹੋਈਆਂ ਅਕਾਲੀ ਹਾਰ ਗਏ ਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਗਿਆਨੀ ਜੀ ਨੇ ਅਕਾਲੀਆਂ ਨਾਲ ਚੰਗੇ ਸੰਬੰਧ ਰੱਖੇ। 1975 ਵਿਚ ਐਮਰਜੈਂਸੀ ਲੱਗੀ। ਗਿਆਨੀ ਜੀ ਪ੍ਰਕਾਸ਼ ਸਿੰਘ ਬਾਦਲ ਨੂੰ ਅੰਮ੍ਰਿਤਸਰ ਮਿਲੇ, ਮੋਰਚਾ ਨਾ ਲਾਉਣ ਦੀ ਅਪੀਲ ਕੀਤੀ, ਅਕਾਲੀ ਉਸੇ ਵੰਗਾਰ ਦੀ ਸ਼ੁਹਰਤ ਨੂੰ ਕਾਇਮ ਰੱਖਣ ਲਈ ਤੇ ਬਹਾਦਰੀ ਨੂੰ ਦਰਸਾਉਣ ਲਈ ਮੋਰਚਾ ਲਾ ਬੈਠੇ। ਇੰਦਰਾ ਗਾਂਧੀ ਪੱਕੇ ਤੌਰ ਤੇ ਦੁਸ਼ਮਣ ਬਣ ਗਈ। 1977 ਵਿਚ ਚੋਣਾਂ ਕਾਂਗਰਸ ਹਾਰ ਗਈ ਤੇ ਅਕਾਲੀ ਮੁੜ ਸਰਕਾਰ ਬਣਾ ਗਏ। ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਬਣੇ। 1979 ਵਿਚ ਇੰਦਰਾ ਗਾਂਧੀ ਨੇ ਖ਼ੁਸ਼ਵੰਤ ਸਿੰਘ ਰਾਹੀਂ ਮੁੜ ਸੁਲਾਹ ਦੀ ਪੇਸ਼ਕਸ਼ ਕੀਤੀ। ਖੁਸ਼ਵੰਤ ਸਿੰਘ ਪਠਾਨਕੋਟ ਵਿਖੇ ਪਰਕਾਸ਼ ਸਿੰਘ ਬਾਦਲ ਨੂੰ ਮਿਲੇ। ਇੰਦਰਾ ਦਾ ਸਨੇਹਾ ਦਿੱਤਾ ਕਿ ਜਨਤਾ ਪਾਰਟੀ ਖ਼ਤਮ ਹੋ ਰਹੀ ਹੈ, ਅਕਾਲੀ ਪੰਜਾਬ ਦੇ ਹਿੱਤ ਵਿਚ ਕਾਂਗਰਸ ਨਾਲ ਗਠਬੰਧਨ ਕਰਨ। ਪਰ ਪਰਕਾਸ਼ ਸਿੰਘ ਬਾਦਲ ਹੱਸਕੇ ਟਾਲ ਗਏ। 1980 ਵਿਚ ਇੰਦਰਾ ਗਾਂਧੀ ਹਨੇਰੀ ਵਾਂਗੂੰ ਆ ਗਈ, ਗਿਆਨੀ ਜ਼ੈਲ ਸਿੰਘ ਹੋਮ ਮਨਿਸਟਰ ਭਾਰਤ ਸਰਕਾਰ ਬਣ ਗਏ। ਉਹਨਾਂ ਭਜਨ ਲਾਲ ਜੋ ਜਨਤਾ ਪਾਰਟੀ ਦਾ ਮੁੱਖ ਮੰਤਰੀ ਸੀ ਨੂੰ ਕਾਂਗਰਸ ਵਿਚ ਸ਼ਾਮਲ ਕਰ ਦਿੱਤਾ। 11 ਸਾਲ ਉਹ ਮੁੱਖ ਮੰਤਰੀ ਰਿਹਾ। ਉਹਨਾਂ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਕਿਹਾ ਅਤੇ ਬੜੀਆਂ ਦਲੀਲਾਂ ਦਿੱਤੀਆਂ ਪਰ ਕੋਈ ਨਤੀਜਾ ਨਾ ਨਿਕਲਿਆ। ਚੋਣਾਂ ਵਿਚ ਅਕਾਲੀ ਹਾਰ ਗਏ, ਦਰਬਾਰਾ ਸਿੰਘ ਮੁੱਖ ਮੰਤਰੀ ਬਣ ਗਏ। ਉਸ

ਵਕਤ ਜੋ ਪੰਜਾਬ ਦੀ ਹਾਲਤ, ਖ਼ੂਨ ਖ਼ਰਾਬਾ 1980 ਤੋਂ ਪਿਛੋਂ ਹੋਇਆ, ਉਹ ਹਰ ਇਕ ਨੂੰ ਪਤਾ ਹੈ। ਕਦੇ ਅਸੀਂ ਇਹ ਤਸੱਵਰ ਨਹੀਂ ਕੀਤਾ ਜੇ ਅਕਾਲੀ ਕਾਂਗਰਸ ਗਠਬੰਧਨ ਰਹਿੰਦਾ ਤਾਂ ਕੀ ਇਹ ਮਾੜੇ ਹਾਲਾਤ ਵਾਪਰ ਸਕਦੇ ਸਨ ? 1982 ਵਿਚ ਗਿਆਨੀ ਜ਼ੈਲ ਸਿੰਘ ਦੀ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਅਕਾਲੀ ਸਿਆਣਪ ਕਰ ਗਏ ਵੋਟਾਂ ਉਸਨੂੰ ਪਾ ਗਏ। ਪਰ ਇਹ ਸਿਆਣਪ ਡਾਕਟਰ ਮਨਮੋਹਨ ਸਿੰਘ ਨੂੰ ਮਦਦ ਦੇਣ ਵਕਤ ਨਾ ਆ ਸਕੀ। ਆਮ ਸਿਆਸੀ ਵਿਚਾਰਵਾਨ ਇਹ ਲਿਖਦੇ ਰਹਿੰਦੇ ਹਨ ਕਿ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਹੁੰਦਿਆਂ ਅਕਾਲੀਆਂ ਦੇ ਵਿਚਾਰ ਕਿਉਂ ਨਾ ਤਬਦੀਲ ਹੋ ਸਕੇ।

ਮੇਰੇ ਲੇਖ ਦਾ ਭਾਵ ਇਹ ਨਹੀਂ ਹੈ ਕਿ ਮੈਂ ਇਸ ਸੁਲਾਹ ਦੀ ਵਕਾਲਤ ਕਰ ਰਿਹਾ ਹਾਂ, ਪਰ ਕਦੇ ਸੋਚੋ ਜੋ ਖੇਤਰੀ ਪਾਰਟੀਆਂ ਹਨ, ਉਹ ਆਪਣੀਆਂ ਪਾਲਸੀਆਂ ਬਦਲਦੀਆਂ ਰਹਿੰਦੀਆਂ ਹਨ। ਡੀ. ਐਮ. ਕੇ., ਏ. ਡੀ. ਐਮ. ਕੇ. ਹਰ ਵਾਰ ਕਾਂਗਰਸ ਨਾਲ ਸੁਲਾਹ ਕਰਦੇ ਹਨ। ਮੁਲਾਇਮ ਸਿੰਘ, ਲਾਲੂ ਪ੍ਰਸ਼ਾਦ, ਫਰੂਖ ਅਬਦੁੱਲਾ ਕਿੰਨੀ ਵਾਰ ਕਾਂਗਰਸ ਨਾਲ ਗਏ। ਕਮਿਊਨਿਸਟ ਪਾਰਟੀ ਦਾ ਇਤਿਹਾਸ ਪੜ੍ਹ ਲਵੋ। ਮੁਸਲਿਮ ਲੀਗ ਪਾਰਟੀ ਕਾਂਗਰਸ ਨਾਲ ਹੈ।

ਸਿਆਸਤ ਵਿਚ ਪੱਕਾ ਵਿਰੋਧੀ ਕੋਈ ਨਹੀਂ ਹੁੰਦਾ। ਹਾਲਾਤ ਅਨੁਸਾਰ ਖੇਤਰੀ ਪਾਰਟੀਆਂ ਆਪਣੇ ਹਿੱਤ ਵਿਚ ਫੈਸਲੇ ਬਦਲਦੀਆਂ ਹਨ। ਕੋਈ ਧਾਰਮਿਕ ਲੜਾਈ ਨਹੀਂ ਹੈ। ਸਿਆਸਤ ਦੇ ਅਸੂਲ ਹੋਰ ਹਨ। ਭਾਜਪਾ ਨੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਇਆ, ਹੁਣ ਦੁਸ਼ਮਣ ਹੈ। ਦੇਵਗੌੜੇ ਦੇ ਲੜਕੇ ਨੂੰ ਮੁੱਖ ਮੰਤਰੀ ਬਣਾਇਆ, ਹੁਣ ਦੁਸ਼ਮਣ ਹੈ। ਨਵੀਨ ਪਟਨਾਇਕ ਨਾਲ ਪਹਿਲਾਂ ਸੁਲਾਹ ਹੁਣ ਭਾਜਪਾ ਨਾਲ ਲੜਾਈ। ਮਮਤਾ ਬੈਨਰਜੀ ਪਹਿਲਾਂ ਭਾਜਪਾ ਨਾਲ ਸੀ ਤੇ ਫੇਰ ਕਾਂਗਰਸ ਨਾਲ। ਇਹ ਸਾਰਾ ਕੁਝ ਸਿੱਖਣ ਦੀ ਲੋੜ ਹੈ। ਸਿਆਸਤ ਖੇਤਰੀ ਲਾਭ ਲਈ ਹੈ। ਹੱਠ-ਧਰਮੀ ਨਾਲ ਲਾਭ ਨਹੀਂ ਮਿਲਦਾ। ਬਾਦਲ ਨੇ 1998 ਵਿਚ ਵਾਜਪਈ ਜੀ ਨਾਲ ਮਿਲ ਕੇ ਪੰਜਾਬ ਨੂੰ ਕਿੰਨਾ ਲਾਭ ਦਿੱਤਾ। ਸਿਆਸਤ ਵਿਚਾਰ ਵਟਾਂਦਰਾ ਮੰਗਦੀ ਹੈ। ਉਸ ਵਕਤ ਭਾਜਪਾ ਨਾਲ ਮਿਲਣਾ ਇਕ ਬਹੁਤ ਵੱਡੀ ਔਖਿਆਈ ਸੀ। ਇਹ ਸਚਾਈ ਹੈ ਕਿ ਖੇਤਰੀ ਪਾਰਟੀਆਂ ਦੇ ਜੋ ਲੀਡਰ ਸਮੇਂ ਸਿਰ ਦੂਰ ਅੰਦੇਸ਼ੀ ਨਾਲ ਫੈਸਲੇ ਲੈਂਦੇ ਹਨ, ਉਨ੍ਹਾਂ ਨੂੰ ਕਾਮਯਾਬੀ ਮਿਲਦੀ ਹੈ।

# ਸਿਖ ਪਛਾਣ ਦੀ ਸਮੱਸਿਆ

ਕੁਝ ਦਿਨ ਪਹਿਲਾਂ ਅਮਰੀਕਾ ਵਿਚ ਪ੍ਰੋਫੈਸਰ ਪ੍ਰਭਜੋਤ ਸਿੰਘ 'ਤੇ ਹਮਲਾ ਹੋਇਆ ਤੇ ਉਹ ਜ਼ਖ਼ਮੀ ਹੋਇਆ ਅਤੇ ਜਿਨ੍ਹਾਂ ਅਮਰੀਕਨਾਂ ਨੇ ਇਹ ਕਾਰਾ ਕੀਤਾ ਉਨ੍ਹਾਂ ਉਸ ਨੂੰ ਬਿਨ ਲਾਦੇਨ ਕਹਿ ਕੇ ਕੋਸਿਆ ਸੀ। ਪ੍ਰੋਫੈਸਰ ਪ੍ਰਭਜੋਤ ਸਿੰਘ ਬੜੇ ਚਿਰ ਤੋਂ ਉਥੇ ਪੜ੍ਹਾ ਰਿਹਾ ਸੀ, ਉਸ ਦੀ ਦਾੜ੍ਹੀ ਖੁੱਲ੍ਹੀ ਹੈ ਤੇ ਨੀਲੀ ਪਗੜੀ ਬੰਨ੍ਹੀ ਹੋਈ ਸੀ। ਹਰ ਅਮਰੀਕਨ, ਮੁਸਲਮਾਨ ਅੱਤਵਾਦੀਆਂ ਦੇ ਵਿਰੁੱਧ ਹੈ ਅਤੇ ਉਨ੍ਹਾਂ ਦੇ ਲੀਡਰ ਬਿਨ ਲਾਦੇਨ, ਜੋ ਨਿਊਯਾਰਕ 'ਤੇ ਹਮਲੇ ਦਾ ਜ਼ਿੰਮੇਵਾਰ ਸੀ, ਨੂੰ ਖ਼ੂਨੀ ਸਮਝਦਾ ਹੈ। ਅਮਰੀਕਨ ਫੌਜ ਨੇ ਪਾਕਿਸਤਾਨ ਦੇ ਸ਼ਹਿਰ ਐਬਟਾਬਾਦ ਵਿਚ ਬਿਨ ਲਾਦੇਨ ਨੂੰ ਲੱਭ ਲਿਆ ਅਤੇ ਮਾਰ ਦਿੱਤਾ ਹੈ। ਸਿਖਾਂ 'ਤੇ ਹਮਲੇ, ਇਸ ਭੁਲੇਖੇ ਵਿਚ ਕਿ ਉਹ ਮੁਸਲਮਾਨ ਹਨ ਤੇ ਅੱਤਵਾਦੀ ਹਨ, ਆਮ ਹੁੰਦੇ ਹਨ। ਕਈ ਸਾਲ ਪਹਿਲਾਂ ਜਦ ਈਰਾਨ ਦੇ ਖ਼ੁਮੈਨੀ ਨੇ ਅਮਰੀਕਾ ਵਿਰੁੱਧ ਜਿਹਾਦ ਦਾ ਐਲਾਨ ਕੀਤਾ ਸੀ, ਉਦੋਂ ਵੀ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਖ਼ੁਮੈਨੀ ਪਗੜੀ ਬੰਨ੍ਹਦਾ ਤੇ ਖੁੱਲ੍ਹੀ ਦਾੜ੍ਹੀ ਰੱਖਦਾ ਸੀ।

ਅਫ਼ਗਾਨਿਸਤਾਨ ਵਿਚ ਸਾਰੇ ਤਾਲਿਬਾਨ, ਜੋ ਅਮਰੀਕਾ ਵਿਰੁੱਧ ਹਨ, ਸਿਖਾਂ ਵਰਗੇ ਨਜ਼ਰ ਆਉਂਦੇ ਹਨ। ਪੁਰਾਣੇ ਸਮੇਂ ਤੋਂ ਅਫ਼ਗਾਨੀ ਤੇ ਪਠਾਣ ਸਿਖਾਂ ਵਰਗੇ ਲਿਬਾਸ ਪਹਿਨਦੇ ਸਨ। ਇਹ ਸੁਭਾਵਿਕ ਹੈ ਕਿ ਆਮ ਵਿਦੇਸ਼ੀ ਸਿਖਾਂ ਦੀ ਵੱਖਰੀ ਪਛਾਣ ਨਾ ਕਰ ਸਕਣ। ਕੁਝ ਚਿਰ ਪਹਿਲਾਂ ਇਕ ਅਮਰੀਕਨ ਯੂਨੀਵਰਸਿਟੀ ਸਟੈਨਫੋਰਡ ਨੇ ਇਕ ਸਰਵੇਖਣ ਕਰਵਾਇਆ, ਜਿਸ ਵਿਚ ਅਮਰੀਕਾ ਦੀ ਇਕ ਸਿਖ ਸੰਸਥਾ, ਜਿਸ ਦਾ ਨਾਂ 'ਸਿਖ ਅਮਰੀਕਨ ਲੀਗਲ ਐਂਡ ਐਜੂਕੇਸ਼ਨ ਸੁਸਾਇਟੀ' ਹੈ, ਵੀ ਸ਼ਾਮਲ ਸੀ। ਇਨ੍ਹਾਂ ਨੇ ਜੋ ਅੰਕੜੇ ਛਾਪੇ ਹਨ, ਉਹ ਬੜੇ ਹੀ ਗੰਭੀਰ ਹਨ। ਸਿਖਾਂ ਲਈ ਚਿੰਤਾ ਦਾ ਵਿਸ਼ਾ ਹਨ। ਸਾਰੇ ਅਖ਼ਬਾਰਾਂ ਵਿਚ ਇਹ ਖ਼ਬਰ ਬਣ ਕੇ ਛਪੇ ਹਨ। ਇਸ ਅਨੁਸਾਰ 49 ਫੀਸਦੀ ਅਮਰੀਕਨ ਸਿਖਾਂ ਨੂੰ ਇਸਲਾਮ ਮਤ ਹੀ ਮੰਨਦੇ ਹਨ। ਹੋਰ ਵੇਖੋ, 70 ਫੀਸਦੀ ਅਮਰੀਕਨ ਤਸਵੀਰ ਵੇਖ ਕੇ ਸਿਖ ਦੀ ਪਛਾਣ ਨਹੀਂ ਕਰ ਸਕਦੇ। 79 ਫੀਸਦੀ ਅਮਰੀਕਨਾਂ ਨੂੰ ਪਤਾ ਹੀ ਨਹੀਂ ਕਿ ਸਿਖ ਭਾਰਤ ਤੋਂ ਆਏ ਹਨ। ਹਰ

ਪੱਗ ਵਾਲੇ ਪੁਰਸ਼ ਨੂੰ 70 ਫੀਸਦੀ ਅਮਰੀਕਨ ਮੁਸਲਮਾਨ ਮੰਨਦਾ ਹੈ। ਇਹ ਖੋਜ ਇਕ ਮਹੱਤਵਪੂਰਨ ਸਬਕ ਹੈ, ਸਾਰੀ ਸਿਖ ਲੀਡਰਸ਼ਿਪ ਲਈ। ਅਸੀਂ 100 ਸਾਲ ਤੋਂ ਅਮਰੀਕਾ ਰਹਿ ਰਹੇ ਹਾਂ। ਗੁਰੂ ਦੀ ਬਖਸ਼ਿਸ਼ ਨਾਲ ਗੁਰਦੁਆਰੇ ਵੀ ਸਥਾਪਤ ਕਰ ਦਿੱਤੇ ਹਨ। ਸਿਖ ਹਰ ਕਿੱਤੇ ਵਿਚ ਸ਼ਾਮਲ ਹੈ। ਫਿਰ ਸਾਡੇ ਬਾਰੇ ਜਾਣਕਾਰੀ ਦੀ ਏਨੀ ਘਾਟ ਕਿਉਂ ਹੈ ? ਮੈਂ ਕਈ ਵਾਰ ਅਮਰੀਕਾ ਜਾ ਚੁੱਕਾ ਹਾਂ। ਕਈ ਵਾਰ ਗੁਰਦੁਆਰੇ ਜਾ ਕੇ ਸਿਖ ਲੀਡਰਾਂ ਨੂੰ ਮਿਲਣ ਦਾ ਅਵਸਰ ਮਿਲਿਆ ਹੈ, ਭਾਸ਼ਣ ਵੀ ਕੀਤੇ ਹਨ। ਸਿਖਾਂ ਦੀ ਮਾਲੀ ਹਾਲਤ ਬੜੀ ਚੰਗੀ ਹੈ। ਦਾਨ ਵੀ ਕਰਦੇ ਹਨ। ਗੁਰਦੁਆਰੇ ਆਲੀਸ਼ਾਨ ਹਨ, ਅੰਦਰ ਸਜਾਵਟ ਵੀ ਪੂਰੀ ਹੈ। ਅੱਜ ਕਲ੍ਹ ਕਈ ਥਾਂ ਅਮਰੀਕਾ ਤੇ ਕੈਨੇਡਾ ਵਿਚ ਨਗਰ ਕੀਰਤਨ ਕੱਢਣ ਦਾ ਰਿਵਾਜ ਜਾਰੀ ਹੈ। ਖੂਬ ਗੱਤਕੇ ਖੇਡੇ ਜਾਂਦੇ ਹਨ। ਆਮ ਕਰਕੇ ਬਿਨਾਂ ਪਗੜੀ ਤੋਂ ਸਿਖ ਨਜ਼ਰ ਆਉਂਦੇ ਹਨ। ਸ਼ਰਧਾ ਵੀ ਪੂਰੀ ਰੱਖਦੇ ਹਨ। ਮੈਨੂੰ ਡਰ ਹੈ ਜਦ ਪਗੜੀ ਵਾਲੇ ਅਮਰੀਕਨਾਂ ਦੀ ਨਫ਼ਰਤ ਦਾ ਸ਼ਿਕਾਰ ਹੋ ਰਹੇ ਹਨ, ਸਿਖਾਂ ਨੂੰ ਸਿਖੀ ਸਰੂਪ ਰੱਖਣ ਵਿਚ ਖਤਰਾ ਵਧ ਜਾਂਦਾ ਹੈ। ਈਰਾਨ ਨਾਲ ਅਮਰੀਕਨਾਂ ਦੇ ਝਗੜੇ ਸਮੇਂ ਫੀਨਕਸ਼ ਸ਼ਹਿਰ ਵਿਚ ਸਰਦਾਰ ਸੋਢੀ ਨੂੰ ਮਾਰ ਦਿੱਤਾ ਗਿਆ ਸੀ। ਇਹ ਤੱਥ ਜੋ ਉਪਰ ਲਿਖੇ ਹਨ, ਉਸ ਅਨੁਸਾਰ ਸਿੱਖ ਆਪਣੀ ਦਿੱਖ ਬਾਰੇ ਪ੍ਰਚਾਰ ਕਰਨ ਤੋਂ ਫੇਲ੍ਹ ਹੋਏ ਹਨ। ਸਾਰੇ ਵਸੀਲੇ ਹੁੰਦੇ ਹੋਏ ਵੀ ਅਸੀਂ ਇਸ ਖਤਰੇ ਤੋਂ ਅਵੇਸਲੇ ਹਾਂ। ਬੜੀਆਂ ਚੰਗੀਆਂ ਸਿਖ ਸੰਸਥਾਵਾਂ ਬਣੀਆਂ ਹਨ, ਜੋ ਹਰ ਵਕਤ ਘਟਨਾ ਸਮੇਂ ਮਦਦ ਲਈ ਆਉਂਦੀਆਂ ਹਨ। ਯੋਗੀ ਹਰਭਜਨ ਸਿੰਘ ਦੀ ਬੜੀ ਸੇਵਾ ਸੀ ਕਿ ਉਸ ਨੇ ਅਮਰੀਕਨਾਂ ਨੂੰ ਸਿਖ ਬਣਾ ਲਿਆ ਸੀ। ਹਰ ਸ਼ਹਿਰ ਵਿਚ ਚਿੱਟੇ ਕੱਪੜੇ ਤੇ ਪਗੜੀ ਵਾਲੇ ਗੋਰੇ ਨਜ਼ਰ ਆਉਂਦੇ ਸਨ। ਉਸ ਦੇ ਜਾਣ ਪਿੱਛੋਂ ਇਹ ਸੰਸਥਾ ਅੱਗੇ ਨਹੀਂ ਵਧ ਰਹੀ ਹੈ।

ਅੱਜ ਇਸ ਸੰਕਟ ਵਿਚ ਸਿਖਾਂ ਨੂੰ ਉਪਾਅ ਲੱਭ ਕੇ ਅੱਗੇ ਆਉਣਾ ਚਾਹੀਦਾ ਹੈ। ਅੱਜ ਮੀਡੀਆ ਦਾ ਯੁੱਗ ਹੈ। ਟੀ. ਵੀ., ਫਿਲਮਾਂ, ਅਖ਼ਬਾਰ ਛਾਏ ਹੋਏ ਹਨ। ਇਨ੍ਹਾਂ ਵਿਚ ਸਿਖ ਕਿਧਰੇ ਨਹੀਂ ਹੈ। ਨਿਊਯਾਰਕ ਵਿਚ ਇਕ 'ਸਿਖ ਆਰਟ ਐਂਡ ਫਿਲਮ ਸੋਸਾਇਟੀ' ਚੰਗਾ ਕੰਮ ਕਰ ਰਹੀ ਹੈ। ਤੇਜੀ ਬਿੰਦਰਾ ਤੇ ਉਸ ਦੇ ਸਾਥੀ ਹਰ ਸਾਲ ਸਿਖਾਂ ਪ੍ਰਤੀ ਬਣੀਆਂ ਫਿਲਮਾਂ ਨੂੰ ਉਤਸ਼ਾਹ ਦਿੰਦੇ ਹਨ। ਸਾਰੇ ਅਮਰੀਕਾ ਦੇ ਗੁਰਦੁਆਰੇ, ਕਮੇਟੀਆਂ ਆਪਣੇ ਬਜਟ ਵਿਚ ਪਬਲੀਸਿਟੀ ਲਈ ਡਾਲਰ ਖਰਚ ਕਰਨ। ਸਿਖ ਪਛਾਣ ਲਈ ਅਤੇ ਮੁਸਲਮਾਨ ਤੇ ਸਿਖ ਨਸਲ ਭੁਲੇਖੇ

ਨੂੰ ਦੂਰ ਕਰਨ ਲਈ ਛੋਟੇ ਸਾਈਜ਼ ਦੀਆਂ ਫਿਲਮਾਂ ਬਣਵਾ ਕੇ ਟੀ. ਵੀ. ਤੇ ਵਿਖਾਈਆਂ ਜਾਣ। ਖਰਚ ਹੋਵੇਗਾ ਪਰ ਲਾਭ ਪੂਰਾ ਮਿਲੇਗਾ। ਮੈਨੂੰ ਯਾਦ ਹੈ ਕਿ ਇਕ ਫਿਲਮ English Patient ਬਣੀ ਸੀ, ਉਸ ਵਿਚ ਇਕ ਸਿਖ ਡਾਕਟਰ ਦਾ ਕਿਰਦਾਰ ਬੜਾ ਪ੍ਰਭਾਵਸ਼ਾਲੀ ਸੀ। ਉਸ ਨੇ ਸਿਖਾਂ ਪ੍ਰਤੀ ਬੜੀ ਪ੍ਰਸੰਸਾ ਲਿਆਂਦੀ। ਲਾਸ ਏਂਜਲਸ ਸ਼ਹਿਰ ਫਿਲਮਾਂ ਦਾ ਘਰ ਹੈ। ਸਿਖ ਵੀ ਉਥੇ ਬਹੁਤ ਹਨ। ਕਿਉਂ ਨਹੀਂ ਫਿਲਮਾਂ ਵਿਚ ਸਿਖਾਂ ਬਾਰੇ ਉਪਰਾਲੇ ਕਰਦੇ ? ਕੋਈ ਸਿੱਖ ਕਰੈਕਟਰ ਸ਼ਾਮਲ ਹੋਵੇ ਕਿਸੇ ਫਿਲਮ ਵਿਚ, ਇਹ ਉਪਰਾਲਾ ਕਰੋ।

ਅਮਰੀਕਾ ਵਿਚ ਧਾਰਮਿਕ ਟੀ. ਵੀ. ਚੈਨਲਾਂ ਬੜੀਆਂ ਹਨ। ਹਰ ਐਤਵਾਰ ਸਵੇਰੇ ਈਸਾਈ ਮਤ ਦਾ ਪ੍ਰਚਾਰ ਹੁੰਦਾ ਹੈ। ਇਸਲਾਮ ਬਾਰੇ ਸਾਰੇ ਵਿਸ਼ਵ ਵਿਚ ਵਿਉਂਤ ਨਾਲ ਪ੍ਰਚਾਰ ਹੋ ਰਿਹਾ ਹੈ। ਭਾਰਤ ਵਿਚ ਵੀ ਤਿੰਨ ਚੈਨਲ ਇਸਲਾਮ ਦੇ ਬਣ ਗਏ ਹਨ। ਉਰਦੂ ਚੈਨਲ ਵੀ ਮੁਸਲਮਾਨਾਂ ਦੇ ਹੀ ਸਮਝੋ। ਸਾਡਾ ਇਸ ਬਾਰੇ ਕੋਈ ਉਪਰਾਲਾ ਨਹੀਂ ਹੈ। ਅਮਰੀਕਾ ਵਿਚ ਯਹੂਦੀ ਕੌਮ ਬੜੀ ਤਾਕਤਵਰ ਹੈ। ਉਹ ਸਿਖਾਂ ਨੂੰ ਪਸੰਦ ਕਰਦੇ ਹਨ। ਉਨ੍ਹਾਂ ਨਾਲ ਜੇ ਸਾਡੇ ਸਬੰਧ ਜੁੜ ਜਾਣ ਤਾਂ ਬੜਾ ਲਾਭ ਲੈ ਸਕਦੇ ਹਾਂ। ਉਹ ਮੁਸਲਮਾਨ ਅੱਤਵਾਦੀਆਂ ਤੋਂ ਤੰਗ ਹਨ। ਉਨ੍ਹਾਂ ਕੋਲ ਵਸੀਲੇ ਹਨ। ਲੋੜ ਹੈ ਉਨ੍ਹਾਂ ਤੋਂ ਲਾਭ ਲੈਣ ਦੀ ਜੁਗਤ ਦੀ। ਭਾਰਤ ਸਰਕਾਰ ਦੀ ਡਿਊਟੀ ਹੈ ਕਿ ਆਪਣੇ ਪ੍ਰਚਾਰ ਦੇ ਵਸੀਲਿਆਂ ਵਿਚ ਸਿਖ ਪਛਾਣ ਸਬੰਧੀ ਪ੍ਰੋਗਰਾਮ ਬਣਾਉਣ। ਇਹ ਫਿਲਮਾਂ ਬਣਾ ਕੇ ਵਿਦੇਸ਼ਾਂ ਵਿਚ ਚਲਵਾ ਸਕਦੇ ਹਨ। ਸਾਬਕਾ ਫੌਜੀ ਸਿਖ ਫੌਜੀਆਂ ਦੇ ਕਦਰਦਾਨ ਹਨ। ਸਾਡੀ ਦੋ ਵਿਸ਼ਵ ਜੰਗਾਂ ਵਿਚ ਕੀਤੀ ਕਾਰਗੁਜ਼ਾਰੀ ਦਾ ਪ੍ਰਚਾਰ ਲਾਹੇਵੰਦ ਹੋ ਸਕਦਾ ਹੈ। ਲੰਗਰ ਸਾਡਾ ਇਕ ਸ਼ਾਨਦਾਰ ਪਹਿਲੂ ਹੈ। ਇਕ ਹਿੰਦੂ ਪੰਜਾਬੀ ਨੇ ਹਾਰਵਰਡ ਯੂਨੀਵਰਸਿਟੀ ਵਿਚ ਲੰਗਰ ਲਗਾ ਕੇ ਵਾਹ-ਵਾਹ ਖੱਟੀ ਸੀ।

ਮੈਂ ਅਮਰੀਕਾ ਵਿਚ Holy Kitchen ਨਾਂ ਦੀ ਲੰਗਰ ਬਾਰੇ ਫਿਲਮ ਵੇਖੀ ਸੀ। ਬੜਾ ਲਾਭ ਲੈ ਸਕਦੇ ਹਾਂ ਇਸ ਤੋਂ। ਸਾਡੇ ਕੋਲ ਅੰਗਰੇਜ਼ੀ ਬੋਲਣ ਵਾਲੇ ਪ੍ਰਚਾਰਕ ਨਹੀਂ ਹਨ। ਸ਼੍ਰੋਮਣੀ ਕਮੇਟੀ ਦਾ ਇਸ ਬਾਰੇ ਉਪਰਾਲਾ ਅਵੱਸ਼ਕ ਹੈ।

ਸਿਖ ਪਛਾਣ ਸਬੰਧੀ ਵਿਸ਼ਵ ਭਰ ਵਿਚ ਲੋੜ ਹੈ। ਇਹ ਪ੍ਰੋਗਰਾਮ ਤੁਰੰਤ ਚਲਾਉਣ ਦਾ ਹੰਭਲਾ ਤੁਰੰਤ ਮਾਰਨ ਦੀ ਸੋਚ ਚਾਹੀਦੀ ਹੈ। ਕੌਮ ਦਾ ਧਿਆਨ ਇੱਧਰ ਕੌਣ ਲਾਵੇ, ਇਹੋ ਘਾਟ ਹੈ।

# ਦਰੱਖਤਾਂ ਦੇ ਨਾਂ 'ਤੇ ਇਤਿਹਾਸਕ ਗੁਰਦੁਆਰੇ

ਧਰਤੀ ਮਾਂ ਖਤਰੇ ਵਿੱਚ ਹੈ। ਜਦ ਤੋਂ ਵਧੇਰੇ ਖੁਸ਼ਹਾਲੀ ਆਈ ਹੈ, ਕਾਰਖਾਨਿਆਂ ਦੀਆਂ ਵੱਡੀਆਂ-ਵੱਡੀਆਂ ਲਾਈਨਾਂ ਲੱਗ ਗਈਆਂ ਹਨ। ਕਰੋੜਾਂ ਕਾਰਾਂ, ਬੱਸਾਂ, ਟਰੱਕ ਸੜਕਾਂ 'ਤੇ ਫਿਰਨ ਲੱਗੇ ਹਨ। ਇਸ ਨਾਲ ਵਾਤਾਵਰਣ ਖਰਾਬ ਹੋ ਰਿਹਾ ਹੈ। ਪ੍ਰਦੂਸ਼ਣ ਵਧਦਾ ਜਾ ਰਿਹਾ ਹੈ। ਮੌਸਮ ਬਦਲ ਰਹੇ ਹਨ। ਮੀਂਹ ਕਦੋਂ ਪੈ ਜਾਣਾ ਪਤਾ ਨਹੀਂ ਹੈ। ਗਰਮੀ ਹੱਦੋਂ ਵੱਧ ਹੋਣ ਲੱਗ ਪਈ ਹੈ। 44 ਡਿਗਰੀ ਸੈਲਸੀਅਸ ਆਮ ਤਾਪਮਾਨ ਹੈ। ਸਰਦੀ ਵੀ ਕੜਾਕੇ ਦੀ ਪੈਣ ਲੱਗ ਪਈ ਹੈ। ਦੁਨੀਆਂ ਦੇ ਸਾਰੇ ਦੇਸ਼ ਇਸ ਖਤਰੇ ਤੋਂ ਜਾਣੂੰ ਹਨ। ਵੱਡੇ ਵੱਡੇ ਗਲੇਸ਼ੀਅਰ ਪਿਘਲ ਚੁੱਕੇ ਹਨ। ਇਹ ਜੋ ਹੋ ਚੁੱਕਾ ਹੈ, ਇਸ 'ਤੇ ਸਮਾਂ ਲੱਗਾ ਹੈ। ਹਰ ਕੋਈ ਵਧੇਰੇ ਕਮਾਈ 'ਤੇ ਲੱਗਾ ਹੈ। ਸਭ ਭੁੱਲ ਗਏ ਹਨ ਕਿ ਵਾਤਾਵਰਨ ਨੂੰ ਸਵੱਛ ਰੱਖਣਾ ਕਿਤਨਾ ਜ਼ਰੂਰੀ ਹੈ। ਪਰ ਇਸ ਨੂੰ ਠੀਕ ਰੂਪ ਦੇਣ ਦਾ ਸੁਨੇਹਾ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਨੇ ਦਿੱਤਾ ਸੀ। ਉਨ੍ਹਾਂ ਦੀ ਬਾਣੀ ਵਿੱਚ ਅਨੇਕਾਂ ਸ਼ਬਦ ਇਸ ਵਿਸ਼ੇ 'ਤੇ ਹਨ। ਜਪੁਜੀ ਸਾਹਿਬ ਦਾ ਅਖੀਰਲਾ ਸਲੋਕ ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ ਹੈ। ਮੈਨੂੰ ਯਾਦ ਹੈ 1982 ਵਿੱਚ ਵਿਸ਼ਵ ਦਾ ਇਸ ਵਿਸ਼ੇ 'ਤੇ ਵਿਚਾਰ ਕਰਨ ਲਈ ਪਹਿਲੀ ਵਾਰ ਮੈਕਸੀਕੋ ਦੇ ਸ਼ਹਿਰ ਕੁਨਕੁਨ ਵਿੱਚ ਸਾਰੇ ਪ੍ਰਧਾਨ ਮੰਤਰੀ ਇਕੱਠੇ ਹੋਏ ਸਨ। ਸ੍ਰੀਮਤੀ ਇੰਦਰਾ ਗਾਂਧੀ ਨੇ ਉੱਥੇ ਸਭ ਨੂੰ ਦੱਸਿਆ ਕਿ ਭਾਰਤ ਵਿੱਚ ਤਾਂ 500 ਸਾਲ ਪਹਿਲਾਂ ਹੀ ਇਸ ਤੋਂ ਬਚਣ ਦਾ ਨੁਸਖਾ ਗੁਰੂ ਨਾਨਕ ਦੇਵ ਨੇ ਦਿੱਤਾ ਸੀ। ਉਸ ਨੇ ਜਪੁਜੀ ਦਾ ਇਹੋ ਅਖੀਰਲਾ ਸਲੋਕ ਪੜ੍ਹਿਆ। ਸ੍ਰੀ ਗੁਰੂ ਗ੍ਰੰਥ ਸਹਿਬ ਵਿੱਚ ਵਾਤਾਵਰਨ ਬਾਰੇ ਅਨੇਕਾਂ ਸ਼ਬਦ ਹਨ। ਹਰਿਆਵਲੀ ਦਾ ਸੁਹੱਪਣ ਵਰਣਨ ਹੈ। ਪੰਛੀਆਂ ਦੀ ਹੋਂਦ ਤੇ ਉਨ੍ਹਾਂ ਦੀਆਂ ਲੋੜਾਂ ਦਰਜ ਹਨ। ਫੁੱਲਾਂ ਦੀ ਸੁਗੰਧ ਮਿਲਦੀ ਹੈ। ਅੱਜ ਹਰ ਥਾਂ ਵਿਚਾਰ ਹੋ ਰਿਹਾ ਹੈ ਕਿ ਕਿਵੇਂ ਖਤਰਾ ਟਾਲਿਆ ਜਾਵੇ। ਬਰਫਾਂ ਦੇ ਪਹਾੜ ਗਲੇਸ਼ੀਅਰ ਪਿੱਘਲ ਰਹੇ ਹਨ। ਚਸ਼ਮੇ ਸੁੱਕ ਰਹੇ ਹਨ। ਜੰਗਲਾਤ ਖਤਮ ਹੋ ਰਹੇ ਹਨ। ਪੰਛੀ ਲੱਭਣੇ ਪੈਂਦੇ ਹਨ। ਪਹਾੜਾਂ 'ਤੇ ਵੀ ਪੱਖੇ ਲਾਉਣੇ ਪੈਂਦੇ ਹਨ। ਕੁਨਕੁਨ ਵਿੱਚ ਵਿਸ਼ਵ ਸੰਮੇਲਨ ਦੁਬਾਰਾ ਮੁੜਕੇ ਹੋਇਆ ਹੈ। ਹਰ ਕੋਈ ਚਿੰਤਤ ਹੈ। ਪਰ ਕਮਾਲ ਸਾਡੀ ਹੈ ਕਿ ਇਹਨਾਂ

ਸੰਮੇਲਨਾਂ ਵਿੱਚ ਕਿਧਰੇ ਕੋਈ ਵਿਦਵਾਨ ਨਹੀਂ ਭੇਜਦੇ ਜੋ ਜਾ ਕੇ ਦੱਸੇ ਕਿ ਕਿਵੇਂ ਧਰਮ ਨਾਲ ਵਾਤਾਵਰਨ ਨੂੰ ਜੋੜਨਾ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ। ਕਿਤਨਾ ਮਹਾਨ ਯੋਗਦਾਨ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਿਹਨਾਂ ਇਸ ਵਿਸ਼ੇ 'ਤੇ ਪਹਿਲ ਕੀਤੀ ਤੇ ਸੱਦਾ ਦਿੱਤਾ। ਜੇ ਇਸ ਰੱਬੀ ਹੁਕਮ ਨੂੰ ਮੰਨ ਲਿਆ ਜਾਵੇ ਫਿਰ ਕਾਨੂੰਨ ਦੀ ਲੋੜ ਨਹੀਂ। ਹਰ ਕੋਈ ਆਪ ਇਸ 'ਤੇ ਅਮਲ ਕਰੇਗਾ। ਹਰ ਇਕ ਨੂੰ ਸਮਝਾਓ ਕਿ ਇਹ ਧਾਰਮਿਕ ਅਕੀਦਾ ਹੈ। ਧਰਮ ਦੀ ਬੰਦਿਸ਼ ਬੜੇ ਚੰਗੇ ਨਤੀਜੇ ਕੱਢਦੀ ਹੈ।

ਮੈਂ ਧੰਨਵਾਦ ਕਰਦਾ ਹਾਂ ਸਰਦਾਰ ਡੀ. ਐਸ. ਜਸਪਾਲ, ਆਈ.ਏ ਐਸ. ਦਾ ਜੋ ਪੰਜਾਬ ਸਰਕਾਰ ਦੇ ਸਕੱਤਰ ਸਨ ਅਤੇ ਉਹਨਾਂ ਨੇ ਸਿਖਾਂ ਵੱਲੋਂ ਇਸ ਵਿਸ਼ੇ 'ਤੇ ਕੀਤੇ ਕੰਮ 'ਤੇ ਇਕ ਵਧੀਆ ਕਿਤਾਬ ਲਿਖ ਦਿੱਤੀ ਹੈ। ਸਾਰੀ ਕੌਮ ਸਦੀਆਂ ਤੋਂ ਇਤਿਹਾਸਕ ਗੁਰ ਸਥਾਨਾਂ ਦੀ ਯਾਤਰਾ ਕਰਦੀ ਹੈ ਪਰ ਕਦੇ ਸਾਨੂੰ ਸੋਚ ਨਹੀਂ ਫੁਰੀ ਕਿ ਸਾਡੇ ਸਾਹਮਣੇ ਇਕ ਅਜਿਹਾ ਕਰਿਸ਼ਮਾ ਇਸ ਵਿਸ਼ੇ ਬਾਰੇ ਕਾਇਮ ਹੈ। ਸਾਡੇ ਇਤਿਹਾਸਕ ਧਾਰਮਿਕ ਅਸਥਾਨ ਜੋ ਗੁਰੂ ਸਾਹਿਬਾਨ ਦੀ ਯਾਦ ਨਾਲ ਸਬੰਧਤ ਹਨ, ਉਨ੍ਹਾਂ ਵਿਚੋਂ 56 ਐਸੇ ਹਨ ਜੋ ਦਰਖਤਾਂ ਦੇ ਨਾਂ 'ਤੇ ਹਨ। ਅਸੀਂ ਜਾ ਕੇ ਮੱਥਾ ਟੇਕਦੇ ਹਾਂ। ਇਹ ਸਿਖ ਧਰਮ ਜੋ ਆਪਣੇ ਧਾਰਮਿਕ ਇਤਿਹਾਸ ਨੂੰ ਦਰੱਖਤਾਂ ਦੇ ਨਾਲ ਯਾਦ ਕਰਕੇ ਉਹਨਾਂ ਪੇੜਾਂ ਦੀ ਸੰਭਾਲ ਕਰ ਰਿਹਾ ਹੈ। ਇਹ ਨਿਵੇਕਲਾ ਕੰਮ ਕੇਵਲ ਗੁਰੂ ਨਾਨਕ ਦੇ ਸ਼ਰਧਾਲੂਆਂ ਦਾ ਹੈ। ਸਾਰੇ ਵਿਸ਼ਵ ਵਿੱਚ ਕੋਈ ਹੋਰ ਧਰਮ ਦੇ ਕੋਲ ਐਸੀ ਮਿਸਾਲ ਨਹੀਂ ਹੈ। ਬੋਧੀ ਬੋਧ ਗਯਾ ਦੇ ਪਿੱਪਲ ਦੀ ਪੂਜਾ ਕਰਦੇ ਹਨ ਜਿੱਥੇ ਮਹਾਤਮਾ ਬੁੱਧ ਨੂੰ ਗਿਆਨ ਹੋਇਆ ਸੀ। ਜਸਪਾਲ ਨੇ ਸਾਰੇ ਭਾਰਤ ਵਿੱਚ ਜਾ ਕੇ ਇਹਨਾਂ ਸਾਰਿਆਂ ਗੁਰਦੁਆਰਿਆਂ ਵਿੱਚ ਕਾਇਮ ਦਰੱਖਤਾਂ ਦੀਆਂ ਫੋਟੋਆਂ ਖਿੱਚੀਆਂ ਹਨ। ਉਹ ਉੜੀਸਾ ਵੀ ਗਿਆ, ਲੇਹ ਲੱਦਾਖ ਵੀ ਗਿਆ ਤੇ ਸਾਰੇ ਤੱਥ ਇਕੱਠੇ ਕੀਤੇ। ਪਾਕਿਸਤਾਨ ਵਿੱਚ ਵੀ ਜੋ ਐਸੇ ਗੁਰਦੁਆਰੇ, ਹਨ ਉੱਥੇ ਜਾ ਕੇ ਫੋਟੋ ਲੈ ਕੇ ਆਇਆ। ਇਹ ਰੰਗੀਨ ਕਿਤਾਬ ਬੜੀ ਪ੍ਰਭਾਵਸ਼ਾਲੀ ਹੈ। ਉਸ ਵਿੱਚ ਦਰਜ ਹਨ 56 ਗੁਰਦੁਆਰੇ, ਜਿਨ੍ਹਾਂ ਵਿੱਚ 16 ਦਰੱਖਤਾਂ ਦੇ ਨਾਂ 'ਤੇ ਹਨ। Tryst with Trees, Punjab's Sacred Heritage 110 ਪੰਨਿਆਂ ਦੀ ਕਿਤਾਬ ਹੈ। ਜਸਪਾਲ ਨੇ ਹੋਰ ਹਿੰਮਤ ਕੀਤੀ ਕਿ ਨਿਊਯਾਰਕ ਜਾ ਕੇ ਅਕਤੂਬਰ ਨੂੰ ਇਹਨਾਂ ਦੀਆਂ ਫੋਟੋਆਂ ਦੀ ਨੁਮਾਇਸ਼ ਲਗਾਈ। ਭਾਰਤ ਸਰਕਾਰ ਦੇ ਕੌਂਸਲ ਜਨਰਲ ਦੇ ਦਫ਼ਤਰ ਵਿੱਚ ਸਿਖ ਆਰਟ ਤੇ

ਫਿਲਮ ਫਾਊਂਡੇਸ਼ਨ ਦੀ ਮਦਦ ਨਾਲ ਇਹ ਨੁਮਾਇਸ਼ ਲੱਗੀ ਜਿਸਦਾ ਉਦਘਾਟਨ ਮਹਾਰਾਣੀ ਪ੍ਰਨੀਤ ਕੌਰ, ਉਦੋਂ ਦੇ ਸਟੇਟ ਵਿਦੇਸ਼ ਮੰਤਰੀ, ਭਾਰਤ ਸਰਕਾਰ ਨੇ ਕੀਤਾ। ਹਰ ਪਾਸਿਓਂ ਬੜੀ ਪ੍ਰਸੰਸਾ ਮਿਲੀ। ਮੈਂ ਉਪਰਾਲਾ ਕੀਤਾ ਜੋ ਸਿਰੇ ਚੜ੍ਹ ਗਿਆ। ਇਹ ਨੁਮਾਇਸ਼ ਪੱਕੇ ਤੌਰ 'ਤੇ ਨਿਊਯਾਰਕ ਦੇ ਸਭ ਤੋਂ ਵੱਡੇ ਗੁਰਦੁਆਰੇ ਰਿਚਮੰਡ ਹਿਲ ਵਿੱਚ ਲੱਗ ਗਈ ਹੈ। ਇਹ ਭੁਪਿੰਦਰ ਸਿੰਘ ਬੋਪਾਰਾਏ, ਪ੍ਰਧਾਨ ਗੁਰਦੁਆਰਾ ਕਮੇਟੀ ਦੀ ਹਿੰਮਤ ਹੈ ਕਿ ਉਹਨਾਂ ਮੇਰਾ ਸੁਝਾਅ ਪ੍ਰਵਾਨ ਕੀਤਾ। ਹਜ਼ਾਰਾਂ ਲੋਕਾਂ ਨੇ ਇਹ ਨੁਮਾਇਸ਼ ਵੇਖਕੇ ਪ੍ਰੇਰਨਾ ਪ੍ਰਾਪਤ ਕੀਤੀ। ਇਹੋ ਸਾਧਨ ਹੈ ਕਿ ਅਸੀਂ ਧਾਰਮਿਕ ਪ੍ਰਬੰਧ ਨੂੰ ਪ੍ਰਦੂਸ਼ਣ ਰੋਕਣ ਲਈ ਵਰਤੀਏ। ਹਰ ਥਾਂ ਇਹ ਪ੍ਰਚਾਰ ਹੋਵੇ ਕਿ ਵਾਤਾਵਰਨ ਬਚਾਣਾ ਸਾਡਾ ਧਾਰਮਿਕ ਫਰਜ਼ ਹੈ। ਦੁਨੀਆਂ ਨੂੰ ਤਬਾਹੀ ਤੋਂ ਬਚਾਉਣਾ ਹੈ।

# ਵਿਰਾਸਤੀ ਸਰੂਪ ਕਾਇਮ ਰੱਖੋ

ਪਿਛਲੇ 30 ਸਾਲਾਂ ਤੋਂ ਗੁਰੂ ਘਰ ਦੇ ਪ੍ਰੇਮੀ ਸੰਤ ਮਹਾਂ-ਪੁਰਸ਼ਾਂ ਦੀ ਕਿਰਪਾ ਨਾਲ ਤੇ ਲੱਖਾਂ ਸਿਖ ਸ਼ਰਧਾਲੂਆਂ ਦੀ ਅਣਥੱਕ ਹਿੰਮਤ ਨਾਲ ਹਰ ਇਤਿਹਾਸਕ ਥਾਂ ਤੇ ਨਵੇਂ ਨਕੋਰ ਦੁੱਧ ਚਿੱਟੇ ਗੁਰਦੁਆਰੇ ਨਜ਼ਰ ਆਉਂਦੇ ਹਨ। ਇਹ ਸਾਰੇ ਨਵੇਂ ਬਣੇ ਗੁਰਦੁਆਰੇ ਮਕਰਾਣਾ (ਰਾਜਸਥਾਨ) ਤੋਂ ਲਿਆਂਦੇ ਸਫੈਦ ਸੰਗਮਰਮਰ ਦੇ ਬਣੇ ਹੋਏ ਹਨ। ਅਥਾਹ ਸ਼ਰਧਾ ਨੂੰ ਮੁੱਖ ਰੱਖਦਿਆਂ ਹਰ ਥਾਂ 'ਤੇ ਉਪਰਾਲਾ ਕੀਤਾ ਗਿਆ ਹੈ ਕਿ ਵਧੀਆ ਤੋਂ ਵਧੀਆ ਇਮਾਰਤਾਂ ਦਾ ਨਕਸ਼ਾ ਤਕਰੀਬਨ ਇੱਕੋ-ਜਿਹਾ ਹੀ ਹੁੰਦਾ ਹੈ। ਗੁੰਬਦ ਤੇ ਚਾਰ ਦਰਵਾਜ਼ੇ, ਵਿਚਕਾਰ ਜਾਂ ਇਕ ਕਿਨਾਰੇ ਤੇ ਸੰਗਮਰਮਰ ਦੀ ਬਣੀ ਸੁੰਦਰ ਪਾਲਕੀ ਜਿਥੇ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਇਹ ਸੇਵਾ ਸੰਤਾਂ ਨੂੰ ਸ਼੍ਰੋਮਣੀ ਕਮੇਟੀ ਵੀ ਸੌਂਪਦੀ ਹੈ ਤੇ ਲੋਕ ਵੀ ਬੇਨਤੀ ਕਰਕੇ ਕੰਮ ਕਰਵਾਉਂਦੇ ਹਨ।

ਅੱਜ ਸਾਰੀ ਮਨੁੱਖਤਾ ਪੁਰਾਤਨਤਾ ਨੂੰ ਬਚਾਉਣ ਵਿਚ ਲੱਗੀ ਹੈ। ਹਰ ਪੁਰਾਣੀ ਵਸਤੂ ਦਾ ਮੁੱਲ ਪੈਂਦਾ ਹੈ। ਪੁਰਾਣੀਆਂ ਯਾਦਗਾਰਾਂ ਨੂੰ ਸੰਭਾਲਣ ਲਈ ਲੱਖਾਂ ਕਰੋੜਾਂ ਡਾਲਰ ਦੇ ਫੰਡ ਕਾਇਮ ਕੀਤੇ ਗਏ ਹਨ। 1968 ਦੀ ਗੱਲ ਹੈ, ਮੈਂ ਇਸ ਵਿਸ਼ੇ ਤੇ ਆਪਣੇ ਵਿਚਾਰ ਸਾਧੂ ਸਿੰਘ ਹਮਦਰਦ ਹੋਰਾਂ ਨਾਲ ਸਾਂਝੇ ਕੀਤੇ ਸਨ। ਉਨ੍ਹਾਂ ਮੈਨੂੰ ਇਸ 'ਤੇ ਲੇਖ ਲਿਖਣ ਲਈ ਕਿਹਾ, ਜੋ ਅਜੀਤ ਵਿਚ ਛਪਿਆ ਵੀ। ਮੈਂ ਉਦੋਂ ਇਹ ਲਿਖਿਆ ਕਿ ਇਸ ਸਦੀ ਦੇ ਅਖੀਰ ਵਿਚ ਸ਼੍ਰੋਮਣੀ ਕਮੇਟੀ ਇਹ ਐਲਾਨ ਕਰੇਗੀ ਕਿ ਖਾਲਸਾ ਜੀ ਅਸੀਂ ਬੜੀ ਵਿਉਂਤ ਕਰਕੇ ਪੈਸਾ ਲਗਾ ਕੇ ਗੁਰੂ ਸਾਹਿਬਾਨ ਦੇ ਕਰ ਕਮਲਾਂ ਨਾਲ ਸੁਸ਼ੋਭਿਤ ਘਰ, ਬਿਲਡਿੰਗਾਂ ਜਾਂ ਅਦਾਰੇ ਢਾਹ ਕੇ ਨਵੇਂ ਸੰਗਮਰਮਰ ਦੇ ਬਣਾ ਦਿੱਤੇ ਹਨ। ਜੇ ਕੋਈ ਗ਼ਲਤੀ ਨਾਲ ਬਚ ਗਿਆ ਹੋਵੇ, ਉਸ ਲਈ ਸਾਨੂੰ ਮੁਆਫ ਕਰਨਾ। ਕਈਆਂ ਨੂੰ ਇਹ ਅੱਖਰ ਮਾੜੇ ਲੱਗੇ। ਉਦੋਂ ਰਾਮਗੜ੍ਹੀਆਂ ਦਾ ਬੁੰਗਾ ਢਾਹ ਕੇ ਪ੍ਰਕਰਮਾ ਚੌੜੀ ਕਰਨ ਦਾ ਵਿਚਾਰ ਸੀ। ਮੇਰੇ ਲਿਖਣ 'ਤੇ ਇਹ ਫੈਸਲਾ ਰੁਕ ਗਿਆ ਅਤੇ ਸਿਖਾਂ ਦਾ ਦਿੱਲੀ 'ਤੇ ਕਬਜ਼ੇ ਦਾ ਪ੍ਰਤੱਖ ਪ੍ਰਮਾਣ ਰਾਮਗੜ੍ਹੀਆ ਬੁੰਗਾ ਜੋ ਲਾਲ ਕਿਲ੍ਹਾ ਦਿੱਲੀ ਦੇ ਪੱਥਰ ਨਾਲ ਬਣਾਇਆ ਗਿਆ ਸੀ, ਬਚ ਗਿਆ।

ਹੁਣ ਧਿਆਨ ਨਾਲ ਸੋਚੋ-ਯਹੂਦੀਆਂ ਦੀ ਯੋਰੋਸ਼ਲਮ ਵਿਖੇ ਵੇਲਿੰਗ ਵਾਲ ਹਜ਼ਾਰਾਂ ਸਾਲ ਪੁਰਾਣੀ ਓਦਾਂ ਹੀ ਕਾਇਮ ਹੈ। ਉਥੇ ਜਾ ਕੇ ਹਰ ਯਹੂਦੀ ਦਰਸ਼ਨ ਕਰਦਾ ਹੈ। ਏਥਨਜ਼ (ਯੂਨਾਨ) ਵਿਖੇ ਦੁਨੀਆ ਦੇ ਸਭ ਤੋਂ ਪੁਰਾਣੇ ਖੰਡਰ, ਸਭ ਤੋਂ ਪਹਿਲੀ ਬਣੀ ਬਿਲਡਿੰਗ ਜੋ ਸ਼ਹਿਰ ਦੇ ਦਰਮਿਆਨ ਪਹਾੜੀ 'ਤੇ ਹਨ, ਨੂੰ ਉਸੇ ਤਰ੍ਹਾਂ ਕਾਇਮ ਰੱਖਿਆ ਗਿਆ ਹੈ। ਲੱਖਾਂ ਲੋਕ ਵੇਖਣ ਜਾਂਦੇ ਹਨ। ਮੈਂ ਬੀਜਿੰਗ (ਚੀਨ) ਵਿਚ ਮਹਾਤਮਾ ਬੁੱਧ ਦੇ ਬਣੇ ਮੰਦਰ ਉਸੇ ਹਾਲਤ ਵਿਚ ਦਰਸ਼ਕਾਂ ਦੀ ਖਿੱਚ ਦਾ ਕਾਰਨ ਵੇਖੇ ਹਨ। ਸੈਂਕੜੇ ਮੀਲ ਚੀਨ ਦੀ ਦੀਵਾਰ ਦੁਨੀਆ ਦਾ ਅਜੂਬਾ ਹੈ। ਰੋਮ ਵਿਚ ਈਸਾਈਆਂ ਦਾ ਇਕ ਹਜ਼ਾਰ ਸਾਲ ਪੁਰਾਣਾ ਚਰਚ ਕਿਸੇ ਨੇ ਢਾਹ ਕੇ ਨਵਾਂ ਬਣਾਉਣ ਬਾਰੇ ਸੋਚਿਆ ਵੀ ਨਹੀਂ। ਮਾਸਕੋ ਵਿਚ ਕ੍ਰੈਮਲਿਨ ਵਿਚ ਬਣੇ ਚਰਚ ਸੈਂਕੜੇ ਸਾਲ ਪੁਰਾਣੇ ਅਤੇ ਕਿਲ੍ਹੇ ਅੰਦਰ ਮਹੱਲ ਜਿਥੇ ਜ਼ਾਰ ਰਹਿੰਦਾ ਸੀ, ਉਸੇ ਤਰ੍ਹਾਂ ਹੀ ਖੜ੍ਹਾ ਹੈ। ਭਾਰਤ ਵਿਚ ਤੁਸੀਂ ਮੰਦਰ ਜੋ ਦੱਖਣ ਦੇ ਸ਼ਹਿਰਾਂ ਵਿਚ ਹਨ, ਜਾ ਕੇ ਦਰਸ਼ਨ ਕਰੋ ਹਜ਼ਾਰਾਂ ਸਾਲ ਪੁਰਾਣੇ ਹਨ। ਅੰਦਰ ਰੌਸ਼ਨੀ ਵੀ ਨਹੀਂ ਹੈ ਪਰ ਕਿਸੇ ਨੇ ਉਨ੍ਹਾਂ ਦੀ ਥਾਂ ਨਵਾਂ ਮੰਦਰ ਨਹੀਂ ਬਣਾਇਆ। ਮੈਂ ਤਾਂ ਕਿਧਰੇ ਪੁਰਾਣੇ ਮੰਦਰ ਨੂੰ ਢਾਹ ਕੇ ਨਵਾਂ ਬਣਿਆ ਮੰਦਰ ਵੇਖਿਆ ਹੀ ਨਹੀਂ।

ਸਾਡੇ ਆਪਣੇ ਇਤਿਹਾਸ 'ਤੇ ਨਜ਼ਰ ਮਾਰੋ; ਕੇਵਲ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਤਾਂ ਕੇਵਲ 300 ਸਾਲ ਪਹਿਲਾਂ ਆਗਮਨ ਹੋਇਆ ਸੀ। ਇਕ ਵੀ ਅਸਲ ਸਥਾਪਤ ਥਾਂ ਸਾਰੇ ਪੰਜਾਬ ਵਿਚ ਅਸੀਂ ਰਹਿਣ ਨਹੀਂ ਦਿੱਤੀ। ਮੈਂ 1946 ਵਿਚ ਪਹਿਲੀ ਵਾਰ ਆਪਣੇ ਪਿੰਡ ਢੁੱਡਿਆਲ (ਪਾਕਿਸਤਾਨ) ਤੋਂ ਯਾਤਰਾ ਲਈ ਆਪਣੇ ਪਰਿਵਾਰ ਨਾਲ ਅੰਮ੍ਰਿਤਸਰ ਆਇਆ। ਉਦੋਂ ਖਡੂਰ ਸਾਹਿਬ, ਵਡਾਲੀ, ਸੰਨ੍ਹ ਸਾਹਿਬ, ਬਾਸਰਕੇ, ਗੋਇੰਦਵਾਲ ਸਾਹਿਬ ਅਸੀਂ ਗਏ। ਪੁਰਾਣੇ ਘਰ ਕਾਇਮ ਸਨ ਜਿਥੇ ਸਾਡੇ ਗੁਰੂ ਜਨਮੇ, ਜਿਥੇ ਉਹ ਬੈਠੇ, ਉਨ੍ਹਾਂ ਦੇ ਪਾਏ ਨਿਸ਼ਾਨ ਮੌਜੂਦ ਸਨ। ਅੱਜ ਕੋਈ ਪੁਰਾਣਾ ਘਰ, ਪੁਰਾਣੀ ਨਾਨਕਸ਼ਾਹੀ ਇੱਟ ਤਾਂ ਕਿਧਰੇ ਵੇਖਣ ਜੋਗੀ ਵੀ ਨਹੀਂ। ਸਰਹੰਦ ਸਾਰਾ ਛੋਟੀ ਇੱਟ ਦਾ ਕਾਇਮ ਸੀ। ਪਤਾ ਲਗਦਾ ਸੀ ਕਿ ਇਥੇ ਇਤਿਹਾਸ ਲਿਖਿਆ ਗਿਆ ਹੈ। ਕਿਧਰੇ ਕੋਈ ਨਿਸ਼ਾਨ ਨਹੀਂ ਰਿਹਾ। ਸਾਰਾ ਕੁਝ ਢਾਹ ਕੇ ਮਲੀਆਮੇਟ ਕਰ ਦਿੱਤਾ ਗਿਆ ਹੈ। ਉੱਪਰ ਸਾਰਾ ਸੰਗਮਰਮਰ ਲਾ ਦਿੱਤਾ ਗਿਆ ਹੈ। ਅਨੰਦਪੁਰ ਸਾਹਿਬ ਕਿਹੜੀ ਥਾਂ ਹੈ ਜੋ ਤੁਸੀਂ ਪੁਰਾਣੀ ਆਖ ਸਕੋਗੇ। ਸਿਖੀ ਨਾਲ ਤੇ ਸਿਖ ਇਤਿਹਾਸ ਨਾਲ ਜ਼ੁਲਮ ਕੀਤਾ ਗਿਆ ਕਿ ਆਉਂਦੀਆਂ ਨਸਲਾਂ ਸਾਨੂੰ ਕੋਸਣਗੀਆਂ।

ਦੁਨੀਆ ਪੁਰਾਤਨ ਇਮਾਰਤਾਂ ਦੀ ਸੰਭਾਲ ਕੇ ਅੱਜ ਉਹ ਦਰਸ਼ਕਾਂ ਦੀ ਖਿੱਚ ਦੇ ਕੇਂਦਰ ਬਣੇ ਹਨ। ਗਵਾਲੀਅਰ ਦਾ ਕਿਲ੍ਹਾ ਤਾਂ ਪੁਰਾਣਾ ਹੈ, ਉਹ ਕਮਰਾ ਜਿਥੇ ਗੁਰੂ ਸਾਹਿਬ ਛੇਵੇਂ ਪਾਤਸ਼ਾਹ ਕੈਦ ਹੋਏ, ਉਸ ਥਾਂ ਅੱਜ ਆਲੀਸ਼ਾਨ ਸੰਗਮਰਮਰ ਦਾ ਗੁਰਦੁਆਰਾ ਖੜ੍ਹਾ ਹੈ। ਅੱਜ ਅੰਡੇਮਾਨ ਕਾਲੇ ਪਾਣੀ ਵਾਲੀ ਜੇਲ੍ਹ ਭਾਰਤ ਸਰਕਾਰ ਨੇ ਜਿਉਂ ਦੀ ਤਿਉਂ ਰੱਖੀ ਹੋਈ ਹੈ ਜਿਥੇ ਸਾਡੇ ਲੀਡਰ ਕੈਦ ਰਹੇ।

ਕਦੇ ਸੋਚੋ ਕਿਵੇਂ ਅਸੀਂ ਗੁਰੂਆਂ ਦੇ ਸ਼ਸ਼ਤਰਾਂ ਤੇ ਬਸਤਰਾਂ ਦੇ ਦਰਸ਼ਨ ਲਈ ਵਿਆਕੁਲ ਹੁੰਦੇ ਹਾਂ ਇਹੋ ਹੀ ਹੋਣਾ ਸੀ ਜੇ ਉਹ ਅਸਥਾਨ ਉਸੇ ਤਰ੍ਹਾਂ ਹੀ ਰੱਖਦੇ। ਨਾਲ ਭਾਵੇਂ ਕੋਈ ਹਾਲ ਉਸਾਰ ਲੈਂਦੇ। ਜੋ ਹੋ ਗਿਆ ਉਹ ਮੁੜ ਨਹੀਂ ਸਕਦਾ । ਜੋ ਬਚ ਗਿਆ ਹੁਣ ਵੀ ਸੰਭਾਲ ਲਵੋ। ਕਿਧਰੇ ਕੋਈ ਕੱਚਾ ਕੋਠਾ, ਕਿਧਰੇ ਦੀਵਾਰ, ਜਾਂ ਕੋਈ ਖੰਡਰ ਹੋਵੇ-ਸੰਭਾਲ ਲਵੋ। ਪੁਰਾਤਤਵ ਵਿਭਾਗ ਤੋਂ ਮਦਦ ਲਵੋ। ਕਈ ਗੁਰਦੁਆਰਿਆਂ ਵਿਚ ਦੀਵਾਰਾਂ 'ਤੇ ਪੁਰਾਣੇ ਚਿੱਤਰ ਸਨ। ਉਨ੍ਹਾਂ ਨੂੰ ਵੀ ਬਚਾਓ। ਬਾਬਾ ਅਟੱਲ ਵਿਚ ਹਨ, ਅਕਾਲ ਤਖ਼ਤ 'ਤੇ ਸਨ, ਕਈ ਹੋਰ ਗੁਰਦੁਆਰਿਆਂ ਵਿਚ ਹਨ, ਜਿਤਨੇ ਸ਼ਸ਼ਤਰ ਬਸਤਰ, ਹੱਥ ਲਿਖਤਾਂ ਕਿਧਰੇ ਵੀ ਹਨ, ਉਹ ਸਾਰੀਆਂ ਨੂੰ ਸੰਭਾਲਣ ਲਈ ਮਾਡਰਨ ਤਰੀਕਾ ਅਪਣਾਓ। ਦਵਾਈਆਂ ਮਿਲਦੀਆਂ ਹਨ। ਸਰਕਾਰ ਮੁਫ਼ਤ ਸੇਵਾ ਦਿੰਦੀ ਹੈ। ਇਨ੍ਹਾਂ ਨੂੰ ਲਿਸਟ ਵਿਚ ਸ਼ਾਮਿਲ ਕਰੋ ਤੇ ਉਨ੍ਹਾਂ ਨੂੰ ਬੇਨਤੀ ਕਰੋ ਕਿ ਉਹ ਵੀ ਸੰਭਾਲ ਲਈ ਯੋਗ ਤਰੀਕਾ ਵਰਤਣ। ਅੱਜ ਕੱਲ੍ਹ ਖਰਾਬ ਵਾਤਾਵਰਣ ਦਾ ਡਰ ਵੀ ਹੈ। ਉਸ ਤੋਂ ਵੀ ਇਤਿਹਾਸਕ ਚੀਜ਼ਾਂ ਬਚਾਓ। ਪਟਨਾ ਸਾਹਿਬ, ਹਜ਼ੂਰ ਸਾਹਿਬ ਦੀਆਂ ਵੀ ਸਭ ਪੁਰਾਣੀਆਂ ਇਮਾਰਤਾਂ ਢਹਿ ਚੁੱਕੀਆਂ ਹਨ। ਸਾਰੇ ਭਾਰਤ ਵਿਚ ਨਿਗਾਹ ਮਾਰੋ ਜੇ ਕਿਧਰੇ ਕੋਈ ਹੈ ਤਾਂ ਕਾਇਮ ਰੱਖੋ। ਬਾਉਲੀਆਂ ਤੇ ਸੰਗਮਰਮਰ ਨਾ ਲਗਵਾਓ। ਇਵੇਂ ਹੀ ਰੱਖੋ। ਇਸ ਕੰਮ ਲਈ ਕੋਈ ਸੈਲ ਆਪਣੇ ਦਫ਼ਤਰ ਵਿਚ ਬਣਾਓ। ਬੜੇ ਰਿਟਾਇਰਡ ਅਫ਼ਸਰ ਮਿਲ ਜਾਣਗੇ। ਲਾਹੌਰ ਵਿਚ ਪਾਕਿਸਤਾਨ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਉਸੇ ਤਰ੍ਹਾਂ ਹੀ ਰੱਖਿਆ ਹੈ। ਕਿਧਰੇ ਉਸ ਨੂੰ ਹੁਣ ਕਿਸੇ ਸੇਵਾ ਵਿਚ ਲੈ ਕੇ ਨਾ ਢਾਹ ਦੇਣਾ। ਵੇਖੋ ਕਿਵੇਂ ਉਹ ਚੰਗਾ ਲੱਗਦਾ ਹੈ। ਰਾਮ ਕਿਲ੍ਹਾ ਤੇ ਰਾਮ ਬਾਗ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਏ ਸਨ। ਨਕਸ਼ੇ ਕਢਵਾ ਕੇ ਇਨ੍ਹਾਂ ਨੂੰ ਉਹੋ ਜਿਹਾ ਬਹਾਲ ਕਰੋ।

ਪਾਠਕਾਂ ਦੀ ਗਿਆਤ ਲਈ ਲਿਖ ਦੇਵਾਂ ਕਿ ਦੂਜੀ ਵੱਡੀ ਜੰਗ ਵਿਚ ਤਬਾਹ ਹੋ ਗਏ ਸ਼ਹਿਰ ਤੇ ਇਮਾਰਤਾਂ ਮੁੜ ਉਸੇ ਤਰ੍ਹਾਂ ਬਹਾਲ ਕੀਤੇ ਗਏ। ਪੋਲੈਂਡ ਦੀ ਰਾਜਧਾਨੀ ਵਾਰਸਾ ਸ਼ਹਿਰ ਮੈਂ ਆਪ ਵੇਖਿਆ ਹੈ।

ਲੱਗਦਾ ਹੈ ਸੈਂਕੜੇ ਸਾਲ ਪੁਰਾਣਾ ਹੈ ਪਰ ਇਹ ਬਣਾਇਆ ਗਿਆ 1950 ਵਿਚ। ਡਰੈਸਡਨ (ਜਰਮਨ) ਵਿਚ ਯੂਰਪ ਦਾ ਆਰਟ ਸੈਂਟਰ ਹੈ। ਉਹ ਸਾਰੀਆਂ ਬਿਲਡਿੰਗਾਂ ਉਨ੍ਹਾਂ ਹੀ ਇੱਟਾਂ ਨਾਲ ਜੰਗ ਪਿਛੋਂ ਮੁੜ ਉਸਾਰੀਆਂ ਗਈਆਂ ਹਨ। ਅੱਜ ਦਵਾਰਕਾ ਸ਼ਹਿਰ ਸਮੁੰਦਰ ਵਿਚੋਂ ਲੱਭਿਆ ਜਾ ਰਿਹਾ ਹੈ। ਤੁਰਕੀ, ਲਿਬਨਾਨ, ਜਾਰਡਨ ਵਾਲੇ ਸਾਰੀਆਂ ਪੁਰਾਣੀਆਂ ਮੀਨਾਰਾਂ ਸੰਭਾਲੀ ਬੈਠੇ ਹਨ। ਯਮਨ ਵਿਚ ਸਾਨਾ ਸ਼ਹਿਰ ਤੋਂ 150 ਮੀਲ 'ਤੇ ਦੁਨੀਆ ਦੀ ਦੂਜੀ ਸਭ ਤੋਂ ਪੁਰਾਣੀ ਮਸਜਿਦ, ਉਸੇ ਤਰ੍ਹਾਂ 1300 ਸਾਲ ਪੁਰਾਣੀ ਕਾਇਮ ਹੈ। ਮੈਂ ਆਪ ਵੇਖੀ ਹੈ। ਮੱਕਾ ਸ਼ਰੀਫ ਵਿਚ ਕਾਲਾ ਪੱਥਰ ਤੇ ਆਸ ਪਾਸ ਸਾਰੀ ਇਮਾਰਤ ਉਸੇ ਤਰ੍ਹਾਂ ਰੱਖੀ ਹੋਈ ਹੈ।

ਸਾਨੂੰ ਅੱਜ ਦੁਨੀਆ ਦੀਆਂ ਉਠ ਰਹੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ। ਟੂਰਿਜ਼ਮ ਅੱਜ ਸਭ ਤੋਂ ਵੱਧ ਪੈਸਾ ਕਮਾਉਣ ਦਾ ਸਾਧਨ ਹੈ। ਟੂਰਿਸਟ ਪੁਰਾਣਾ ਇਤਿਹਾਸ ਜਿਵੇਂ ਦਿੱਲੀ ਵਿਚ ਕੁਤਬ ਮੀਨਾਰ, ਹਮਾਯੂੰ ਦਾ ਮਕਬਰਾ, ਲਾਲ ਕਿਲ੍ਹਾ ਵੇਖਣ ਲਈ ਆਉਂਦੇ ਹਨ। ਫਿਰ ਰਾਜਸਥਾਨ ਜਾਂਦੇ ਹਨ। ਇਥੋਂ ਹੀ ਸਮਝ ਲਵੋ ਕਿ ਮੰਗ ਕੀ ਹੈ ਅਤੇ ਕੀ ਕਰਨ ਦੀ ਲੋੜ ਹੈ। ਅਸੀਂ ਇਸ ਪੱਖੋਂ ਪਿੱਛੇ ਰਹਿ ਗਏ ਹਾਂ। ਵਕਤ ਨੂੰ ਹੋਰ ਜ਼ਾਇਆ ਨਾ ਕਰੋ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪ ਅੱਗੇ ਲੱਗੇ ਤੇ ਵੱਖਰਾ ਸੈੱਲ ਬਣਾ ਕੇ ਇਹ ਜਸ ਖੱਟੇ।

# ਬਾਬਰੀ ਮਸਜਦ ਦਾ ਗਿਰਾਣਾ

ਪਾਰਲੀਮੈਂਟ ਵਿਚ ਸਭ ਤੋਂ ਵੱਧ ਚਰਚਾ ਲਿਬਰਾਹਨ ਕਮਿਸ਼ਨ ਦੀ ਬਾਬਰੀ ਮਸਜਦ ਦੇ ਗਿਰਾਣ ਬਾਰੇ ਰਿਪੋਰਟ ਤੇ ਹੋਈ। ਪਹਿਲਾਂ ਤਾਂ ਦੋ ਵਾਰੀ ਦੋਵੇਂ ਸਦਨਾਂ ਲੋਕ ਸਭਾ ਤੇ ਰਾਜ ਸਭਾ ਵਿਚ ਇਸ ਰਿਪੋਰਟ ਨੂੰ ਸਦਨ ਵਿਚ ਪੇਸ਼ ਕਰਨ ਦੀ ਮੰਗ ਬਾਰੇ ਰੌਲਾ ਪੈ ਗਿਆ ਤੇ ਸਦਨ ਦੀ ਕਾਰਵਾਈ ਠੱਪ ਰਹੀ। ਜਦ ਸਰਕਾਰ ਨੇ ਰਿਪੋਰਟ ਪੇਸ਼ ਕੀਤੀ ਤਾਂ ਇਸ ਤੇ ਪੂਰੀ ਚਰਚਾ ਕਰਨ ਲਈ ਪੂਰੇ ਦੋ ਦਿਨ, ਹਰ ਇਕ ਸਦਨ ਨੂੰ ਅਲਾਟ ਕੀਤੇ ਗਏ। ਬੜੀ ਭੱਖਵੀਂ ਚਰਚਾ ਤੇ ਸਾਰੀਆਂ ਰਾਜਸੀ ਪਾਰਟੀਆਂ ਨੇ ਆਪਣੀ ਆਪਣੀ ਪਾਲਸੀ ਅਨੁਸਾਰ ਵਿਚਾਰ ਰੱਖੇ। ਮੈਂ ਰਾਜ ਸਭਾ ਦਾ ਮੈਂਬਰ ਸੀ, ਇਸ ਲਈ 9 ਤੇ 10 ਦਸੰਬਰ 2009 ਨੂੰ ਹੋਈ ਚਰਚਾ ਨੂੰ ਸੁਣਿਆ ਤੇ ਆਪ ਵੀ ਇਸ ਵਿਚ ਹਿੱਸਾ ਲਿਆ। 1992 ਵਿਚ ਅਯੁੱਧਿਆ ਵਿਚ ਸਥਾਪਤ ਬਾਬਰੀ ਮਸਜਦ ਹਿੰਦੂ ਧਰਮ ਦੇ ਕਾਰ ਸੇਵਕਾਂ ਰਾਹੀਂ ਢਾਹੀ ਗਈ ਸੀ। ਉਨ੍ਹਾਂ ਅਨੁਸਾਰ ਇਹ ਮਸਜਦ ਮੁਸਲਮਾਨ ਬਾਦਸ਼ਾਹਾਂ ਨੇ ਸ੍ਰੀ ਰਾਮ ਚੰਦਰ ਜੀ ਦੇ ਜਨਮ ਅਸਥਾਨ ਵਿਚ ਮੰਦਰ ਢਾਹ ਕੇ ਬਣਾਈ ਸੀ। ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਹੀ ਇਥੇ ਮੁੜ ਮੰਦਰ ਬਣਾਉਣ ਦੀ ਅਵਾਜ਼ ਉਠੀ ਸੀ। ਇਸ ਬਾਰੇ ਕਚਹਿਰੀ ਵਿਚ ਮੁਕਦਮਾ ਵੀ ਚੱਲ ਰਿਹਾ ਸੀ। ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਇਸ ਮਸਜਦ ਵਿਚ ਇਕ ਪਾਸੇ ਮੂਰਤੀਆਂ ਵੀ ਰੱਖ ਦਿੱਤੀਆਂ ਗਈਆਂ ਸਨ। ਮੁਸਲਮਾਨਾਂ ਨੇ ਬੜੇ ਚਿਰ ਤੋਂ ਇਸ ਮਸਜਦ ਵਿਚ ਨਮਾਜ਼ ਬੰਦ ਕਰ ਰੱਖੀ ਸੀ। ਰਾਜੀਵ ਗਾਂਧੀ ਨੇ 1989 ਵਿਚ ਇਥੇ ਹੀ ਮੰਦਰ ਬਣਾਉਣ ਦਾ ਸਿਲਾ ਨਿਆਸ ਰੱਖਵਾ ਦਿੱਤਾ ਸੀ। ਲਾਲ ਕ੍ਰਿਸ਼ਨ ਅਡਵਾਨੀ ਨੇ ਸਾਰੇ ਭਾਰਤ ਵਿਚ ਮੰਦਰ ਅੰਦੋਲਨ ਲਈ ਰੱਥ ਯਾਤਰਾ ਕੀਤੀ। ਕਾਂਗਰਸ ਪਾਰਟੀ ਨੇ ਭਾਜਪਾ ਨੂੰ ਦੋਸ਼ੀ ਠਹਿਰਾਇਆ ਹੈ। ਪੀ. ਚਿਤੰਬਰਮ ਉਦੋਂ ਦੇ ਹੋਮ ਮਨਿਸਟਰ ਭਾਰਤ ਸਰਕਾਰ ਨੇ ਕਿਹਾ ਕਿ ਬਾਬਰੀ ਮਸਜਦ ਢਾਉਣ ਨਾਲ ਭਾਰਤ ਦੀ ਸਦੀਆਂ ਪੁਰਾਣੀ ਸਰਵ ਧਰਮ ਸਤਿਕਾਰ ਦੀ ਪਰੰਪਰਾ ਖ਼ਤਮ ਹੋ ਗਈ ਹੈ। ਦੂਜਾ ਇਹ ਕਿਹਾ ਸੀ ਕਿ ਚਾਹੇ ਕੋਈ ਵੀ ਬਹਾਨਾ ਹੋਵੇ ਇਕ ਇਤਿਹਾਸਕ ਧਾਰਮਿਕ ਸਥਾਨ ਨੂੰ ਢਾਉਣਾ ਜ਼ੁਰਮ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੋ

ਲਿਬਰਾਹਨ ਕਮਿਸ਼ਨ ਬਣਾਇਆ ਸੀ, ਉਸ ਨੇ ਇਹ ਸਾਬਤ ਕਰਨਾ ਸੀ ਕਿ ਇਸ ਸਾਰੀ ਕਾਰਵਾਈ ਪਿੱਛੇ ਕਿਸ ਦੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਤਮਾ ਨੂੰ ਮਸਜਦ ਗਿਰਾਣ ਕਰਕੇ ਦੁੱਖ ਦਿੱਤਾ ਗਿਆ ਹੈ। ਇਹ ਕਾਂਗਰਸ ਵੱਲੋਂ ਮੰਗ ਰੱਖੀ ਗਈ ਸੀ ਕਿ ਭਾਜਪਾ ਤੇ ਹਿੰਦੂ ਰਾਸ਼ਟਰੀ ਪਾਰਟੀਆਂ ਆਰ.ਐਸ.ਐਸ. ਆਦਿ ਦੇ ਲੀਡਰਾਂ ਤੇ ਇਸ ਜ਼ੁਰਮ ਦਾ ਮੁਕੱਦਮਾ ਚਲਾਇਆ ਜਾਵੇ। ਚਾਰ ਦਿਨ ਪਾਰਲੀਮੈਂਟ ਵਿਚ ਇਹ ਅਵਾਜ਼ ਗੂੰਜੀ ਕਿ ਵਿਸ਼ਵ ਭਰ ਵਿਚ ਇਕ ਧਾਰਮਿਕ ਸਥਾਨ ਢਾਉਣ ਕਰਕੇ ਭਾਰਤ ਦੇਸ਼ ਕਲੰਕਤ ਹੋਇਆ।

ਜਦੋਂ ਮੈਨੂੰ ਇਸ ਚਰਚਾ ਵਿਚ ਬੋਲਣ ਦਾ ਸਮਾਂ ਮਿਲਿਆ ਤਾਂ ਮੈਂ ਪਹਿਲਾਂ ਕਿਹਾ ਕਿ ਸਾਨੂੰ ਵੀ ਇਸ ਘਟਨਾ ਦਾ ਦੁੱਖ ਹੈ। ਮੈਂ ਬਿਨਾਂ ਕਿਸੇ ਲਿਹਾਜ ਦੇ ਸਿੱਧਾ ਸਵਾਲ ਹੋਮ ਮਨਿਸਟਰ ਨੂੰ ਕੀਤਾ ਸੀ ਕਿ ਉਹ ਦੱਸਣ ਬਾਬਰੀ ਮਸਜਦ ਢਾਉਣ ਤੋਂ ੮ ਸਾਲ ਪਹਿਲਾਂ ਕਿਹੜੇ ਇਤਿਹਾਸਕ ਧਾਰਮਿਕ ਸਥਾਨ ਨੂੰ ਢਾਉਣ ਦਾ ਵਾਕਿਆ ਹੋਇਆ ਸੀ। ਮੈਂ ਸਾਰੇ ਸਦਨ ਨੂੰ ਯਾਦ ਕਰਵਾਇਆ ਕਿ ਸਾਰੇ ਵਿਸ਼ਵ ਵਿਚ ਇਕੋ ਮਿਸਾਲ ਹੈ ਜਿਥੇ ਸੈਕੂਲਰਇਜ਼ ਨੂੰ ਸਹੀ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਜਦ ਗੋਲਡਨ ਟੈਂਪਲ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੋ ਸਿਖਾਂ ਦਾ ਕੇਂਦਰ ਹੈ, ਉਸ ਦਾ ਨੀਂਹ ਪੱਥਰ ਇਕ ਮੁਸਲਮਾਨ ਪੀਰ ਮੀਆਂ ਮੀਰ ਹੱਥੋਂ ਰੱਖਵਾਇਆ ਗਿਆ। ਮੈਂ ਸਾਰੇ ਮੈਂਬਰਾਂ ਨੂੰ ਖਾਸ ਕਰਕੇ ਮੁਸਲਮਾਨਾਂ ਨੂੰ ਕਿਹਾ ਕਿ ਅੱਲਾ ਦਾ ਨਾਂ ਜਿਤਨੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ ਉਹ ਕੀ ਸਾਬਤ ਕਰਦਾ ਹੈ? ਅੰਮ੍ਰਿਤਸਰ ਦੇ ਹਰੀ ਮੰਦਰ ਵਿਚ ਰਾਮ ਤੇ ਅੱਲਾ ਦੇ ਨਾਂ ਦਾ ਜਾਪ ਹੁੰਦਾ ਹੈ, ਕੋਈ ਹੋਰ ਐਸੀ ਥਾਂ ਮੰਦਰ, ਮਸਜਦ, ਚਰਚ ਦੱਸੋ ਜਿਥੇ ਸਾਰੇ ਧਰਮਾਂ ਦੇ ਬਾਰੇ ਇਕੋ ਜਿਹਾ ਸਨਮਾਨ ਹੁੰਦਾ ਹੋਵੇ। ਸਾਰਾ ਹਾਊਸ ਉਸ ਦਿਨ ਭਰਿਆ ਹੋਇਆ ਸੀ। ਮੈਂ ਅੱਗੇ ਚੱਲ ਕੇ ਕਿਹਾ ਕਿ ਬਾਬਰੀ ਮਸਜਦ ਤਾਂ ਕਾਰ ਸੇਵਕਾਂ ਨੇ ਢਾਹੀ ਸੀ ਤੇ ਉਸ ਬਾਰੇ ਝਗੜਾ ਚਿਰ ਤੋਂ ਚਲ ਰਿਹਾ ਸੀ। ਇਹ ਇਕ ਝਗੜੇ ਵਾਲੀ ਜਗ੍ਹਾ ਸੀ। ਪਰ ਗੋਲਡਨ ਟੈਂਪਲ ਕੰਪਲੈਕਸ ਤੇ ਹਮਲਾ ਭਾਰਤੀ ਫ਼ੌਜ ਨੇ ਕੀਤਾ, ਜਿਸ ਲਈ ਆਦੇਸ਼ ਕਾਂਗਰਸ ਸਰਕਾਰ ਨੇ ਦਿੱਤੇ ਸਨ। ਸਾਰੇ ਹਾਊਸ ਵਿਚ ਮੈਂਬਰਾਂ ਨੇ ਸ਼ੇਮ-ਸ਼ੇਮ ਦੇ ਨਾਹਰੇ ਲਾਏ। ਕੀ ਦੇਸ਼ ਦੀ ਸਰਬ ਧਰਮ ਪਰੰਪਰਾ ਉਸ ਵਕਤ ਖ਼ਤਮ ਨਹੀਂ ਹੋਈ? ਇਕ ਕਾਂਗਰਸੀ ਮੈਂਬਰ ਨੇ ਟੋਕਿਆ ਕਿ ਗੋਲਡਨ ਟੈਂਪਲ ਨਹੀਂ ਗਿਰਾਇਆ ਗਿਆ, ਮੈਂ ਜਵਾਬ ਦਿੱਤਾ ਕਿ ਅਕਾਲ ਤਖਤ ਗਿਰਾਇਆ ਗਿਆ ਸੀ, ਜੋ ਸਾਡੇ ਲਈ ਉਤਨਾ ਹੀ ਮੁਤਬਰਕ ਹੈ।

ਮੈਂ ਦੱਸਿਆ ਕਿ ਸੈਂਕੜੇ ਦੀ ਗਿਣਤੀ ਵਿਚ ਯਾਤਰੀ ਮਾਰੇ ਅਤੇ ਰੱਬ ਦੇ ਸਥਾਨ ਵਿਚ ਅੰਮ੍ਰਿਤ ਦੀ ਥਾਂ ਖ਼ੂਨ ਦੀ ਵਰਖਾ ਕੀਤੀ ਗਈ ਸੀ। ਬਾਬਰੀ ਮਸਜਦ ਵਕਤ ਕੋਈ ਮੁਸਲਮਾਨ ਨਹੀਂ ਮਰਿਆ ਪਰ 1984 ਦੇ ਇਸ ਹਮਲੇ ਕਾਰਨ 700 ਦੇ ਕਰੀਬ ਸਿਖ ਮਰਦ, ਔਰਤਾਂ ਤੇ ਬੱਚੇ ਸ਼ਹੀਦ ਹੋਏ। ਸਾਰੇ ਵਿਸ਼ਵ ਵਿਚ ਭਾਰਤ ਕਲੰਕਤ ਹੋਇਆ। ਜਦ ਭਾਰਤੀ ਫ਼ੌਜ ਆਪਣੇ ਦੇਸ਼ ਵਿਚ ਘੱਟ ਗਿਣਤੀ ਕੌਮ ਦਾ ਪਵਿੱਤਰ ਸਥਾਨ ਢਾਉਣ ਲਈ ਗਈ ਤਾਂ ਕੀ ਭਾਰਤ ਦੀ ਆਤਮਾ ਉਦੋਂ ਦੁੱਖੀ ਨਹੀਂ ਹੋਈ।

ਮੈਨੂੰ 10 ਮਿੰਟ ਬੋਲਣ ਦਾ ਅਵਸਰ ਮਿਲਿਆ। ਮੈਂ ਸਾਬਤ ਕੀਤਾ ਕਿ ਭਾਰਤ ਵਿਚ ਜੇ ਕੋਈ ਧਰਮ ਵਿਰੁੱਧ ਕਾਰਵਾਈ ਹੋਈ ਹੈ ਉਹ ਕਾਂਗਰਸ ਸਰਕਾਰ ਨੇ 1984 ਵਿਚ ਦਰਬਾਰ ਸਾਹਿਬ ਤੇ ਫ਼ੌਜ ਚਾੜ੍ਹ ਕੇ ਕੀਤੀ। ਪਰ ਸਾਡੀ ਸਰਕਾਰ ਸਿਆਸੀ ਲਾਭ ਲੈਣ ਲਈ ਕੇਵਲ ਮੁਸਲਮਾਨਾਂ ਨੂੰ ਖ਼ੁਸ਼ ਕਰਨ ਲਈ ਹਰ ਸਮੇਂ ਬਾਬਰੀ ਮਸਜਦ ਦਾ ਅਲਾਪ ਕਰਦੀ ਹੈ। ਉਨ੍ਹਾਂ ਨੂੰ ਸਿਖਾਂ ਦੇ ਜਜ਼ਬਾਤ ਦੀ ਕੋਈ ਕਦਰ ਨਹੀਂ, ਕਿਉਂ ਜੋ ਸਾਡੀ ਗਿਣਤੀ ਘੱਟ ਹੈ। ਅਖੀਰ ਵਿਚ ਮੈਂ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਜੋ ਬਾਬਰ ਬਾਰੇ ਹਨ ਸੁਣਾਏ ਕਿ "ਪਾਪ ਕੀ ਜੰਞ ਲੈ ਕਾਬਲਹੁ ਧਾਇਆ" "ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ" ਮੈਂ ਇਹ ਵੀ ਕਿਹਾ ਕਿ ਅਕਬਰ ਬਾਦਸ਼ਾਹ ਦੀ ਅਸੀਂ ਕਦਰ ਕਰਦੇ ਹਾਂ ਜਿਸ ਨੇ ਅੰਮ੍ਰਿਤਸਰ ਮੰਦਰ ਲਈ ਜ਼ਮੀਨ ਭੇਟ ਕੀਤੀ। ਸਿਖ ਹਮੇਸ਼ਾ ਬਾਬਰ ਤੇ ਔਰੰਗਜ਼ੇਬ ਜੋ ਮੁਗਲ ਬਾਦਸ਼ਾਹ ਸਨ ਉਨ੍ਹਾਂ ਦੇ ਕੀਤੇ ਜ਼ੁਲਮ ਅਸੀਂ ਨਹੀਂ ਭੁੱਲ ਸਕਦੇ। ਹੁਣ ਲੋੜ ਹੈ ਕਿ ਸਿਖ ਵਿਦਵਾਨ 1984 ਵਿਚ ਹੋਈ ਇਸ ਇਤਿਹਾਸਕ ਘਟਨਾ ਨੂੰ ਲੋਕਾਂ ਅੱਗੇ ਰੱਖਣ। ਤੁਸੀਂ ਹੈਰਾਨ ਹੋਵੇਗੇ ਕਿ ਸਾਰੇ ਮੈਂਬਰ ਪਾਰਲੀਮੈਂਟ ਚਾਹੇ ਉਹ ਕਿਸੇ ਪਾਰਟੀ ਦੇ ਸਨ, ਮੇਰੇ ਭਾਸ਼ਨ ਨੂੰ ਸੁਣ ਕੇ ਸਾਡੇ ਹਮਦਰਦ ਬਣੇ ਹਨ। ਸਾਰੇ ਮੈਂਬਰ ਨਵੇਂ ਸਨ। ਉਹ 1984 ਵਕਤ ਐਮ.ਪੀ. ਨਹੀਂ ਸਨ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਜਾਣਕਾਰੀ ਪਹਿਲੀ ਵਾਰ ਮਿਲੀ ਹੈ। ਸਾਡੇ ਪ੍ਰਚਾਰ ਦੇ ਮਾਧਿਅਮ ਹੋਰ ਤਿੱਖੇ ਤੇ ਪ੍ਰਭਾਵਸ਼ਾਲੀ ਹੋਣੇ ਚਾਹੀਦੇ ਹਨ। ਕਈ ਕਹਿੰਦੇ ਹਨ ਕਿ 25 ਸਾਲ ਹੋ ਗਏ, ਤਾਂ ਭੁੱਲ ਜਾਵੋ। ਕੀ ਅਸੀਂ ਭੁੱਲਾ ਸਕਦੇ ਹਾਂ?

# ਕੀ ਪੰਜਾਬ ਮੁੜ ਸੰਘਰਸ਼ ਵੱਲ ਵੱਧ ਰਿਹਾ ਹੈ?

ਸ਼ਾਇਦ ਪੰਜਾਬ ਖਾਸ ਕਰਕੇ ਸਿੱਖਾਂ ਲਈ ਸਦੀਵੀ ਸੰਘਰਸ਼ ਕਿਸਮਤ ਵਿਚ ਲਿਖਿਆ ਹੈ। ਸਦੀਆਂ ਦੇ ਇਤਿਹਾਸ ਨੂੰ ਪੜ੍ਹ ਕੇ ਵੇਖੋ ਕਿ ਹਮੇਸ਼ਾ ਅਸੀਂ ਤਤਪਰ ਹੀ ਰਹੇ ਹਾਂ। ਘੋਲ ਹੀ ਕਰਦੇ ਰਹੇ ਹਾਂ। ਪਹਿਲਾਂ ਵਿਦੇਸ਼ੀ ਹਮਲਾਵਰ ਆਉਂਦੇ ਰਹੇ ਤੇ ਅਸੀਂ ਮੁਕਾਬਲੇ ਕਰਦੇ ਰਹੇ। ਸਿਕੰਦਰ ਦੇ ਹਮਲੇ ਵਿਚ ਰਾਜਾ ਪੋਰਸ ਸਮੇਂ ਪੰਜਾਬੀਆਂ ਵੱਲੋਂ ਲੜੀ ਜੰਗ ਦਾ ਵਰਨਣ ਹੈ। ਪਿੱਛੋਂ ਲੜੀਵਾਰ ਵਿਦੇਸ਼ੀ ਵਾਰੀ-ਵਾਰੀ ਆਉਂਦੇ ਰਹੇ। ਉਨ੍ਹਾਂ ਪੰਜਾਬ ਨੂੰ ਲੜਾਈ ਦਾ ਅਖਾੜਾ ਬਣਾਈ ਰੱਖਿਆ। ਪੰਜਾਬੀਆਂ ਨੂੰ ਆਰਾਮ ਨਾਲ ਜੀਵਨ ਬਿਤਾਉਣ ਦਾ ਸਮਾਂ ਘੱਟ ਹੀ ਮਿਲਿਆ। 1699 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸਾ ਸਾਜਿਆ ਸੀ। ਕੁਝ ਸਾਲ ਹੀ ਸੁੱਖ ਦਾ ਸਾਹ ਮਿਲਿਆ। ਫਿਰ ਮੁਗਲਾਂ ਨੇ ਹਮਲਾ ਕੀਤਾ। ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ, ਚਾਲੀ ਮੁਕਤਿਆਂ ਦੀ ਕੁਰਬਾਨੀ। ਬੰਦਾ ਬਹਾਦਰ ਦੀ ਜਿੱਤ ਤੇ 6 ਸਾਲ ਰਾਜ। ਫਿਰ ਸ਼ਹਾਦਤ, ਫਿਰ 50 ਸਾਲ ਸਿੱਖਾਂ ਦਾ ਕਤਲੇਆਮ, ਮਿਸਲਾਂ ਦਾ ਆਉਣਾ ਤੇ ਅਖੀਰ 1801 ਵਿਚ 50 ਸਾਲ ਮਹਾਰਾਜਾ ਰਣਜੀਤ ਸਿੰਘ ਦਾ ਰਾਜ। ਇਸ ਦੌਰਾਨ ਸਿੱਖਾਂ ਨੂੰ ਸੁੱਖ ਦਾ ਸਾਹ ਮਿਲਿਆ ਸੀ। ਫਿਰ ਅੰਗਰੇਜ਼ ਦਾ ਕਬਜ਼ਾ, 50 ਸਾਲ ਪਿੱਛੋਂ ਸਿੰਘ ਸਭਾਵਾਂ, ਖਾਲਸਾ ਕਾਲਜ ਬਣੇ। ਪਰ ਗਦਰੀ ਬਾਬੇ, ਬੱਬਰ ਅਕਾਲੀ, ਕੂਕਾ ਲਹਿਰ ਆਦਿ ਨਾਲ ਪੰਜਾਬ ਵਿਚ ਸੰਘਰਸ਼ ਚਲਦਾ ਰਿਹਾ। ਗੁਰਦੁਆਰਾ ਲਹਿਰ ਚੱਲੀ, ਸਖ਼ਤ ਤਸ਼ੱਦਦ ਸਹਾਰਿਆ ਤੇ ਗ੍ਰਿਫਤਾਰੀਆਂ ਨਾਲ ਜੇਲ੍ਹਾਂ ਭਰ ਦਿੱਤੀਆਂ। ਅਜ਼ਾਦੀ ਲਹਿਰ ਵਿਚ ਪੰਜਾਬ ਨੇ ਪੂਰਾ ਯੋਗਦਾਨ ਪਾਇਆ। ਜਲ੍ਹਿਆਂਵਾਲਾ ਬਾਗ ਸਾਕਾ ਤੇ ਸ਼ਹੀਦ ਭਗਤ ਸਿੰਘ, ਊਧਮ ਸਿੰਘ ਦੀਆਂ ਸ਼ਹਾਦਤਾਂ ਹੋਈਆਂ। 1947 ਵਿਚ ਦੇਸ਼ ਆਜ਼ਾਦ ਹੋਇਆ ਪਰ ਸਭ ਤੋਂ ਵੱਡਾ ਨੁਕਸਾਨ ਪੰਜਾਬ ਤੇ ਸਿੱਖਾਂ ਦਾ ਹੋਇਆ। ਅਜ਼ਾਦੀ ਦਾ ਸੁੱਖ ਹਾਲਾਂ ਮਿਲਣਾ ਸੀ ਕਿ ਮਾਸਟਰ ਤਾਰਾ ਸਿੰਘ ਜੇਲ੍ਹ ਪੁੱਜ ਗਏ। ਕਿੰਨੇ ਅੰਦੋਲਨ ਚੱਲੇ ਸਨ। ਪਹਿਲਾਂ ਪੈਪਸੂ, ਫਿਰ ਪੰਜਾਬੀ ਸੂਬਾ ਅੰਦੋਲਨ। 1966 ਵਿਚ ਪੰਜਾਬੀ ਸੂਬਾ ਬਣ ਗਿਆ, ਪਰ

ਸੁੱਖ ਕਿੱਥੇ? ਸਿਆਸਤ ਕਰਵਟਾਂ ਲੈਂਦੀ ਰਹੀ। ਪਾਕਿਸਤਾਨ ਨਾਲ ਜੰਗਾਂ ਵਿਚ ਵੀ ਅਸੀਂ ਉਲਝੇ ਰਹੇ। ਸਿੱਖ ਜਮਾਂਦਰੂ ਸਰਕਾਰ ਵਿਰੁੱਧ ਰਿਹਾ ਹੈ-ਮੁਗਲ, ਅੰਗਰੇਜ਼ ਤੇ ਕਾਂਗਰਸ। ਇਤਿਹਾਸ ਪੜ੍ਹ ਲਵੋ, ਅਸੀਂ ਲੜਦੇ ਹੀ ਰਹੇ ਹਾਂ, ਨੁਕਸਾਨ ਵੀ ਸਾਡਾ ਹੀ ਹੁੰਦਾ ਰਿਹਾ। ਸਰਕਾਰਾਂ ਦਾ ਕੀ ਵਿਗੜਦਾ ਹੈ? ਅਜਿਹੇ ਜੋਸ਼ੀਲੇ ਨਾਅਰੇ ਲਗਦੇ ਹਨ ਕਿ ਕੌਮ ਨੂੰ ਵੰਗਾਰ ਦਿੱਤੀ ਜਾਂਦੀ ਹੈ, ਹਰ ਮਸਲਾ ਕੌਮ ਦਾ ਬਣ ਜਾਂਦਾ ਹੈ। ਜੋ ਉੱਚਾ ਨਾਅਰਾ ਲਗਾਏ, ਉਹ ਵਧੇਰੇ ਲੋਕ ਜੋੜਦਾ ਹੈ। ਪੰਜਾਬ ਨੇ ਕਿੰਨਾ ਸੰਤਾਪ ਭੋਗਿਆ ਹੈ 1982 ਤੋਂ ਆਰੰਭ ਹੋ ਕੇ। ਅਕਾਲ ਤਖ਼ਤ 'ਤੇ ਫ਼ੌਜੀ ਹਮਲਾ, ਇਸ ਤੋਂ ਵੱਧ ਸਾਡੇ ਨਾਲ ਕੀ ਹੋ ਸਕਦਾ ਹੈ? ਫਿਰ ਇੰਦਰਾ ਗਾਂਧੀ ਦਾ ਕਤਲ, ਪੰਜਾਬ ਤੋਂ ਬਾਹਰ ਵਸਦੇ ਸਿੱਖ ਜਿਨ੍ਹਾਂ ਦਾ ਪੰਜਾਬ ਦੀ ਸਿਆਸਤ ਨਾਲ ਕੋਈ ਵੀ ਵਾਸਤਾ ਨਹੀਂ ਸੀ, ਕਿੰਨਾ ਕੁਝ ਗੁਆ ਬੈਠੇ ਸਨ। ਸਾਰੇ ਭਾਰਤ ਵਿਚ ਉਹ ਛਾਏ ਹੋਏ ਸੀ ਪਰ ਆਪਣਾ ਵੱਕਾਰ ਗੁਆ ਬੈਠੇ ਸਨ। ਅੱਜ ਤੱਕ ਹਜ਼ਾਰਾਂ ਸਿੱਖ, ਜੋ 1984 ਵਿਚ ਬੇਗੁਨਾਹ ਮਾਰੇ ਗਏ ਸਨ, ਉਨ੍ਹਾਂ ਦੇ ਪਰਿਵਾਰ ਦੁਖੀ ਹਨ। ਕਾਤਲਾਂ ਨੂੰ ਸਜ਼ਾ ਵੀ ਨਹੀਂ ਮਿਲੀ। ਕਾਂਗਰਸ ਨੂੰ ਅਸੀਂ ਕੋਸਦੇ ਰਹੇ ਹਾਂ। ਉਹ ਹੁਣ ਹਾਰ ਗਏ ਹਨ। ਮੋਦੀ ਪ੍ਰਧਾਨ ਮੰਤਰੀ ਹੈ ਪਰ ਸਾਡੇ ਕਈ ਵੀਰਾਂ ਨੇ ਆਉਂਦੇ ਹੀ ਮੋਰਚਾ ਖੋਲ੍ਹ ਲਿਆ ਹੈ। ਕਿਸੇ ਨੂੰ ਵਕਤ ਵੀ ਨਹੀਂ ਦਿੱਤਾ ਕਿ ਉਹ ਕੁਝ ਕਰਕੇ ਜਵਾਬ ਦੇਵੇ। ਮੋਦੀ ਵਿਰੁੱਧ ਸਿੱਖਾਂ ਨੇ ਅਮਰੀਕਾ ਤੇ ਆਸਟਰੇਲੀਆ ਵਿਚ ਮੁਜ਼ਾਹਰੇ ਕੀਤੇ ਹਨ। ਬਾਹਰ ਵਸਦੇ ਸਿੱਖ ਭਾਰਤ ਦੇ ਅੰਦਰੂਨੀ ਹਾਲਾਤ ਤੋਂ ਘੱਟ ਵਾਕਫ਼ ਹਨ। ਹਰ ਰੋਜ਼ ਈ-ਮੇਲ ਤੇ ਫੇਸਬੁੱਕ 'ਤੇ ਧੜਾਧੜ ਬਿਆਨ ਆ ਰਹੇ ਹਨ। ਮੁਸਲਮਾਨਾਂ ਨੂੰ ਹਿੰਦੂ ਬਣਾਉਣ ਦਾ ਚੱਲ ਰਿਹਾ ਵਿਵਾਦ ਅਸੀਂ ਆਪਣਾ ਬਣਾ ਰਹੇ ਹਾਂ। ਧਾਰਾ 25 ਨੂੰ ਬਦਲਣ ਅਤੇ ਐਕਟ 'ਤੇ ਭਖਵੀਂ ਬਹਿਸ ਚੱਲ ਰਹੀ ਹੈ। ਪਾਰਲੀਮੈਂਟ ਵਿਚ ਜੋ ਕਾਰਵਾਈ ਹੋ ਸਕਦੀ ਹੈ, ਉਹ ਅਸੀਂ ਕਰਦੇ ਨਹੀਂ, ਸੰਘਰਸ਼ ਕਰਨ ਦੀ ਆਵਾਜ਼ ਦੇ ਰਹੇ ਹਾਂ। ਜੇਲ੍ਹਾਂ ਵਿਚ ਕੈਦ ਸਿੱਖਾਂ ਦੀ ਰਿਹਾਈ ਦਾ ਮਸਲਾ ਤੂਲ ਫੜ ਰਿਹਾ ਹੈ। ਸਿੱਖ ਨਜ਼ਰਬੰਦਾਂ ਦੀ ਰਿਹਾਈ ਸਬੰਧੀ ਭਾਈ ਗੁਰਬਖਸ਼ ਸਿੰਘ ਦਾ ਮਰਨ ਵਰਤ ਬਹੁਤ ਹੀ ਖ਼ਤਰਨਾਕ ਸਟੇਜ 'ਤੇ ਪਹੁੰਚ ਚੁੱਕਾ ਹੈ ਪਰ ਮੀਡੀਆ ਇਸ ਸਬੰਧੀ ਸਾਡੇ ਵਿਰੁੱਧ ਹੈ। ਨਸ਼ਿਆਂ ਵਿਰੁੱਧ ਕੀਤੇ ਇਕੱਠ ਵੀ ਮੀਡੀਆ ਵਾਲੇ ਉਛਾਲ ਰਹੇ ਹਨ। ਇਸ ਤਰ੍ਹਾਂ ਲਗਦਾ ਹੈ ਕਿ ਮੁੜ ਕੋਈ ਵੱਡਾ ਸੰਘਰਸ਼ ਨੇੜੇ ਆ ਰਿਹਾ ਹੈ। ਕੌਮੀ ਜਜ਼ਬਾਤ ਭੜਕਣ ਵਿਚ ਦੇਰ ਨਹੀਂ ਲਗਦੀ। ਸੋਚ-ਵਿਚਾਰ ਦਾ ਤਰੀਕਾ ਨਹੀਂ ਅਪਣਾਇਆ ਜਾਂਦਾ। ਧਾਰਮਿਕ

ਆਗੂ ਤਾਂ ਕੈਲੰਡਰ ਵਿਚ ਹੀ ਫਸੇ ਪਏ ਹਨ। ਉਸ ਦਾ ਹੱਲ ਹੀ ਨਹੀਂ ਨਿਕਲ ਰਿਹਾ। ਸਾਡੀ ਹਾਸੋਹੀਣੀ ਪੁਜੀਸ਼ਨ ਬਣੀ ਹੋਈ ਹੈ। ਤਖ਼ਤ ਵੀ ਇਕਸੁਰ ਨਹੀਂ ਹਨ। ਜਿਨ੍ਹਾਂ ਨੇ ਅਗਵਾਈ ਦੇਣੀ ਹੈ, ਉਹ ਆਪ ਹੀ ਉਲਝੇ ਹੋਏ ਹਨ। ਇਸ ਹਾਲਾਤ ਵਿਚ ਸਮੁੱਚੀ ਕੌਮ ਦਾ ਫ਼ਿਕਰ ਕਿਵੇਂ ਹੋਵੇਗਾ? ਕੀ ਸਾਨੂੰ ਮੁੜ ਸੰਘਰਸ਼ ਕਰਨਾ ਪਵੇਗਾ? ਹਰ ਕੋਈ ਚਿੰਤਤ ਹੈ ਆਪਣੇ ਭਵਿੱਖ ਲਈ। ਭਾਰਤ ਵਿਚ ਵੱਡੀ ਸਿਆਸੀ ਤਬਦੀਲੀ ਆ ਚੁੱਕੀ ਹੈ। ਇਕ ਸਥਿਰ ਸਰਕਾਰ ਕਾਇਮ ਹੋਈ ਹੈ। ਗਠਜੋੜ ਸਰਕਾਰਾਂ ਦਾ ਅੰਤ ਹੋਇਆ ਹੈ। ਲੋਕ ਉਡੀਕ ਰਹੇ ਹਨ ਕਿ ਭਾਰਤ ਦਾ ਸਨਮਾਨ ਵਧੇ, ਆਰਥਿਕ ਸਥਿਤੀ ਮਜ਼ਬੂਤ ਹੋਵੇ, ਰੁਜ਼ਗਾਰ ਮਿਲੇ, ਉਮੀਦਾਂ ਵਧੀਆਂ ਹਨ। ਪਰ ਕੀ ਪੰਜਾਬੀ ਵੀ ਇਸ ਸੁਖਾਵੇਂ ਮਾਹੌਲ ਦੇ ਹਿੱਸੇਦਾਰ ਬਣਨਗੇ?

# ਪੰਡਤ ਜਵਾਹਰ ਲਾਲ ਨਹਿਰੂ ਤੇ ਪੰਜਾਬ

ਪੰਡਤ ਜਵਾਹਰ ਲਾਲ ਨਹਿਰੂ ਦਾ 125ਵਾਂ ਜਨਮ ਦਿਨ ਮਨਾਇਆ ਗਿਆ। ਪੰਡਤ ਜਵਾਹਰ ਲਾਲ ਬਾਰੇ ਹਰ ਅਖ਼ਬਾਰ ਮੈਗਜ਼ੀਨ ਵਿਚ ਉਹਨਾਂ ਦੇ ਜੀਵਨ ਤੇ ਕੀਤੇ ਕੰਮਾਂ ਬਾਰੇ ਲੇਖ ਛਾਪੇ ਗਏ। ਉਨਾਂ ਦੀ ਜੀਵਨ ਕਥਾ ਵਿਚ ਉਹਨਾਂ ਦੇ ਪੰਜਾਬ ਨਾਲ ਸੰਬੰਧਾਂ ਦਾ ਵਰਨਣ ਇਕ ਜ਼ਰੂਰੀ ਅੰਗ ਹੈ। ਨਹਿਰੂ ਦੀ ਮਾਂ ਲਾਹੌਰ ਦੀ ਸੀ। ਕਈ ਵਾਰ ਉਹ ਕਹਿੰਦੇ ਸੀ ਮੈਂ ਤਕੜਾ ਹਾਂ – ਪੰਜਬੀ ਅੱਖਰ ਉਹਨਾਂ ਨੂੰ ਮਾਂ ਕਰਕੇ ਯਾਦ ਸੀ। ਪ੍ਰਧਾਨ ਮੰਤਰੀ ਬਣਨ ਪਿੱਛੋਂ ਉਹਨਾਂ ਸੁਤੰਤਰ ਸੈਲਾਨੀ ਤੇਜਾ ਸਿੰਘ ਚੂਹੜਕਾਨਾ ਨੂੰ ਯਾਦ ਰੱਖਿਆ – ਉਸਨੂੰ ਬੁਲਾਇਆ ਤੇ ਫਿਰ ਉਸ ਦੇ ਪਰਿਵਾਰ ਦੀ ਮਦਦ ਕੀਤੀ। ਕਾਮਾਗਾਟਾ ਮਾਰੂ ਜਹਾਜ਼ ਦੇ ਸਾਕੇ ਨੂੰ ਆਮ ਕਰਕੇ ਕਾਂਗਰਸ ਨੇ ਨਹੀਂ ਸੀ ਅਪਣਾਇਆ, ਜਿਵੇਂ ਸ਼ਹੀਦ ਭਗਤ ਸਿੰਘ ਨੂੰ ਵੀ ਮਾਨਤਾ ਉਹਨਾਂ ਨਹੀਂ ਦਿੱਤੀ ਸੀ। ਪਰ ਪੰਡਤ ਨਹਿਰੂ ਨੇ ਬਾਬਾ ਗੁਰਦਿਤ ਸਿੰਘ ਨਾਲ ਸਬੰਧ ਰੱਖੇ ਸਨ। ਉਹਨਾਂ ਨੂੰ ਬਾਵਜੂਦ ਕਾਂਗਰਸ ਲੀਡਰਾਂ ਦੀ ਵਿਰੋਧ ਦੇ 1936 ਵਿਚ ਪੰਜਾਬ ਅਸੈਂਬਲੀ ਦਾ ਟਿਕਟ ਦਿੱਤਾ ਸੀ।

ਜਵਾਹਰ ਲਾਲ ਨਹਿਰੂ ਨੇ 1952 ਵਿਚ ਬਜ ਬਜ ਘਾਟ ਕਲਕੱਤਾ ਵਿਚ ਕਾਮਾਗਾਟਾ ਮਾਰੂ ਕਾਂਡ ਦੀ ਯਾਦਗਾਰ ਦਾ ਉਦਘਾਟਨ ਕੀਤਾ ਸੀ। ਉੱਥੇ ਅਜ ਵੀ ਉਹ ਫੋਟੋ ਜਿਸ ਵਿਚ ਬਾਬਾ ਗੁਰਦਿਤ ਸਿੰਘ ਵੀ ਬੈਠੇ ਹਨ ਲੱਗੀ ਹੋਈ ਹੈ।

ਪੰਡਤ ਨਹਿਰੂ ਦੀ ਸੋਚ ਨੇ ਚੰਡੀਗੜ੍ਹ ਸ਼ਹਿਰ ਵਸਾਇਆ ਤੇ ਉਹਨਾਂ ਨੇ ਹੀ ਫਰਾਂਸ ਤੋਂ ਲਾਕਰਬੂਜ਼ੇ ਆਰਕੀਟੈਕਟ ਲਿਆਂਦਾ ਸੀ। ਭਾਖੜਾ ਡੈਮ ਦੀ ਉਸਾਰੀ ਵੀ ਉਹਨਾਂ ਕਰਕੇ ਹੋਈ ਤੇ ਹਾਰਵੇ ਸਲੋਕਮ ਜੋ ਦੁਨੀਆਂ ਦਾ ਸਭ ਤੋਂ ਵੱਡਾ ਡੈਮ ਬਿਲਡਰ ਸੀ ਇਸ ਕੰਮ ਲਈ ਲਿਆਂਦਾ। ਪੰਜਾਬੀਆਂ ਨੂੰ ਮੁੜ ਵਸਾਉਣ ਲਈ ਉਹ ਚਿੰਤਤ ਰਹੇ ਅਤੇ ਉਸ ਸਮੇਂ ਪ੍ਰਤਾਪ ਸਿੰਘ ਕੈਰੋਂ ਜੋ ਪੰਜਾਬ ਦੇ ਇਸ ਮਹਿਕਮੇ ਦੇ ਵਜ਼ੀਰ ਸਨ ਉਸ ਨਾਲ ਉਹਨਾਂ ਦੇ ਸੰਬੰਧ ਜੁੜੇ ਤੇ ਉਸ ਦੀ ਕਾਰਗੁਜ਼ਾਰੀ ਤੋਂ ਖ਼ੁਸ਼ ਹੋ ਕੇ ਉਸ ਨੂੰ 1956 ਵਿਚ ਮੁੱਖ ਮੰਤਰੀ ਪੰਜਾਬ ਬਣਾ ਦਿੱਤਾ ਸੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਤੇ ਪੀ.ਜੀ.ਆਈ ਚੰਡੀਗੜ੍ਹ

ਵੀ ਜਵਾਹਰ ਲਾਲ ਨਹਿਰੂ ਨੇ ਪੰਜਾਬ ਨੂੰ ਦਿੱਤੀ ਸੀ।

ਕੁਰਕਸ਼ੇਤਰ ਯੂਨੀਵਰਸਿਟੀ ਦੇ ਪ੍ਰੋਫੈਸਰ ਰਘੂਵਿੰਦਰ ਭੰਵਰ ਨੇ ਇਕ ਖੋਜ ਕਰਕੇ ਲਿਖਿਆ ਹੈ ਕਿ ਨਹਿਰੂ ਪਹਿਲੀ ਵਾਰ ਪੰਜਾਬ ਵਿਚ 1919 ਵਿਚ ਜਲ੍ਹਿਆਂਵਾਲਾ ਬਾਗ਼ ਸਾਕੇ ਕਰਕੇ ਆਏ, ਉਸੇ ਸਾਲ ਉਹ ਦੋਬਾਰਾ ਕਾਂਗਰਸ ਸੰਮੇਲਨ ਤੇ ਅੰਮ੍ਰਿਤਸਰ ਆਏ ਸਨ। ਪੰਡਤ ਜਵਾਹਰ ਲਾਲ ਨਹਿਰੂ ਦੀ ਪੰਜਾਬ ਦੀ ਸਭ ਤੋਂ ਵਧ ਮਹਤਤਾ ਵਾਲੀ ਫੇਰੀ ਹੈ ਜਦ ਉਹ ਅਕਾਲੀ ਮੋਰਚਿਆਂ ਤੋਂ ਪ੍ਰਭਾਵਤ ਹੋ ਕੇ ਜੈਤੋ ਜੋ ਨਾਭਾ ਰਿਆਸਤ ਵਿਚ ਸੀ ਉੱਥੇ ਪੁੱਜ ਗਏ। ਉਹ ਨਨਕਾਣਾ ਸਾਹਿਬ ਫਰਵਰੀ 1921 ਵਿਚ ਹੋਏ ਸਿਖਾਂ ਤੇ ਜ਼ੁਲਮ ਤੋਂ ਬੜੇ ਔਖੇ ਸਨ। ਉਹ ਅਕਾਲੀ ਲਹਿਰ ਨੂੰ ਅੰਗਰੇਜ਼ ਵਿਰੁੱਧ ਜੰਗ ਮੰਨਦੇ ਸਨ। ਜੈਤੋ ਵਿਚ ਪੰਡਤ ਜਵਾਹਰ ਲਾਲ ਨਹਿਰੂ ਨੂੰ ਗਿਰਫਤਾਰ ਕੀਤਾ ਗਿਆ ਸੀ ਤੇ ਨਾਭਾ ਜੇਲ੍ਹ ਵਿਚ ਰੱਖਿਆ ਗਿਆ। ਪੰਡਤ ਜਵਾਹਰ ਲਾਲ ਨਹਿਰੂ ਦੀ ਆਪਣੀ ਲਿਖੀ ਪੁਸਤਕ ਵਿਚ ਇਸ ਬਾਰੇ ਮੋਰਚੇ ਤੇ ਜੇਲ੍ਹ ਰਹਿਣ ਦਾ ਵਰਨਣ ਹੈ। ਉਹਨਾਂ ਲਿਖਿਆ "ਮੈਂ ਅਕਾਲੀਆਂ ਦੇ ਹੌਸਲੇ ਤੇ ਕੁਰਬਾਨੀ ਅੱਗੇ ਸਿਰ ਝੁਕਾਂਦਾ ਹਾਂ। ਮੈਨੂੰ ਇਹ ਅਵਸੰਰ ਮਿਲਿਆ ਹੈ ਕਿ ਮੈਂ ਵੀ ਇਸ ਕੁੰਭ ਵਿਚ ਹਿੱਸਾ ਪਾ ਸਕਿਆ ਹਾਂ।" 1929 ਵਿਚ ਕਾਂਗਰਸ ਇਜਲਾਸ ਲਾਹੌਰ ਹੋਇਆ ਸੀ, ਜਿਸ ਵਿਚ ਪੰਡਤ ਨਹਿਰੂ ਨੂੰ ਕਾਂਗਰਸ ਪ੍ਰਧਾਨ ਚੁਣਿਆ ਗਿਆ ਸੀ। ਫਿਰ ਨਹਿਰੂ 1936-1937 ਵਿਚ ਪੰਜਾਬ ਵਿਚ ਕਾਂਗਰਸ ਪਾਰਟੀ ਲਈ ਮਦਦ ਲੈਣ ਲਈ ਘੁੰਮੇ ਸਨ। 1939 ਵਿਚ ਉਹ ਲੁਧਿਆਣੇ ਵਿਚ ਆਲ ਇੰਡੀਆ ਸਟੇਟਸ ਪੀਪਲਜ਼ ਕਾਨਫਰੰਸ ਵਿਚ ਸ਼ਾਮਲ ਹੋਏ ਸਨ। ਰਿਆਸਤੀ ਪਰਜਾ ਮੰਡਲ ਵਿਚ ਆਏ ਸਨ। ਪਟਿਆਲਾ ਫਰੀਦਕੋਟ, ਨਾਭਾ, ਜੀਂਦ, ਕਪੂਰਥਲਾ ਰਿਆਸਤਾਂ ਦੇ ਕਾਂਗਰਸ ਆਗੂ ਇਸ ਵਿਚ ਸ਼ਾਮਲ ਹੋਏ ਸਨ। ਇਸ ਸਮੇਂ ਹੀ ਨਾਮਧਾਰੀ ਸੰਗਤ ਉਹਨਾਂ ਨਾਲ ਖੜ੍ਹੇ ਹੋਏ ਸੀ। ਇਸ ਪਿਛੋਂ ਨਹਿਰੂ ਕਈ ਸਾਲ ਜੇਲ੍ਹ ਰਹੇ ਸਨ। 1945-1946 ਵਿਚ ਉਹ ਭਾਰਤ ਦੀ ਆਜ਼ਾਦੀ ਦੀ ਗੱਲ ਬਾਤ ਵਿਚ ਮੂਹਰੇ ਸਨ। ਉਸ ਸਮੇਂ ਉਹ ਕਈ ਵਾਰ ਪੰਜਾਬ ਆਏ ਸਿਖ ਲੀਡਰਾਂ ਨੂੰ ਮਿਲੇ। ਇਕ ਮੁਲਾਕਾਤ 29 ਮਈ 1947 ਦਾ ਵਰਣਨ ਹੋ ਕਿ ਜਦ ਨਹਿਰੂ ਮਸੂਰੀ ਤੋਂ ਅੰਮ੍ਰਿਤਸਰ ਆਏ ਤੇ ਮਾਸਟਰ ਤਾਰਾ ਸਿੰਘ ਤੇ ਗਿਆਨੀ ਕਰਤਾਰ ਸਿੰਘ ਨੂੰ ਮਿਲੇ ਤੇ ਉਹਨਾਂ ਨੂੰ ਅਜ਼ਾਦੀ ਦੇ ਫਾਰਮੂਲੇ ਤੋਂ ਜਾਣੂ ਕਰਵਾਇਆ ਸੀ। ਦੇਸ਼ ਦੀ ਵੰਡ ਕਾਰਨ ਪੰਜਾਬ ਦੇ ਦੁਖਾਂਤ ਤੋਂ ਉਹ ਚਿੰਤਤ ਸਨ। ਆਬਾਦੀ ਦੇ ਤਬਾਦਲਾ ਬਾਰੇ ਉਹਨਾਂ ਨੇ ਅਖੀਰ ਮਹਾਤਮਾ ਗਾਂਧੀ ਦਾ ਪਖ ਪੂਰਿਆ,

ਹਿੰਦੂ ਸਿਖ ਤਾਂ ਸਾਰੇ ਪਾਕਿਸਤਾਨ ਤੋਂ ਇਧਰ ਆ ਗਏ ਸਨ। ਪਰ ਕਾਂਗਰਸ ਲੀਡਰ ਨੇ ਮੁਸਲਮਾਨਾਂ ਨੂੰ ਭਾਰਤ ਵਿਚ ਰੋਕ ਲਿਆ ਸੀ। ਇਹੋ ਕਾਰਨ ਸੀ ਕਿ ਰੀਫੀਊਜੀ ਕਾਂਗਰਸ ਦੀ ਪਾਲਿਸੀ ਦੇ ਵਿਰੁੱਧ ਸਨ। ਮਹਾਤਮਾਂ ਗਾਂਧੀ ਦਾ 26 ਜਨਵਰੀ 1948 ਨੂੰ ਗਾਡਸੇ ਹੱਥੋਂ ਕਤਲ ਇਸੇ ਪਾਕਿਸਤਾਨ ਪਖੀ ਪਾਲੀਸੀ ਕਾਰਨ ਹੀ ਹੋਇਆ ਸੀ।

ਨਹਿਰੂ 24 ਅਗਸਤ 1947 ਨੂੰ ਪ੍ਰਧਾਨ ਮੰਤਰੀ ਬਣ ਕੇ ਜਲੰਧਰ ਆਏ ਸੀ। ਉੱਥੋਂ ਉਹ ਅਮ੍ਰਿਤਸਰ ਨੂੰ ਗਏ ਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ ਅਤੇ ਮੁਸਲਮਾਨਾਂ ਦੇ ਕਤਲੇਆਮ ਨੂੰ ਰੋਕਣ ਲਈ ਗਲਬਾਤ ਕੀਤੀ। ਉਹਨਾਂ 13 ਸਤੰਬਰ 1947 ਨੂੰ ਆਲ ਇੰਡੀਆ ਰੇਡੀਓ ਤੇ ਅਪੀਲ ਕੀਤੀ ਕਿ ਅਮਨ ਕਾਇਮ ਕੀਤਾ ਜਾਵੇ। ਉਹਨਾਂ ਸਿਖਾਂ ਦੇ ਦੁੱਖ ਨੂੰ ਸਮਝਿਆ ਤੇ ਕਿਹਾ ਕਿ ਉਹ ਬੇਕਸੂਰ ਹਨ ਤੇ ਉਹਨਾਂ ਦਾ ਪਾਕਿਸਤਾਨ ਵਿਚ ਭਾਰੀ ਨੁਕਸਾਨ ਹੋਇਆ ਹੈ।

ਪੰਡਤ ਜਵਾਹਰ ਲਾਲ ਨਹਿਰੂ ਨਾਲ ਅਕਾਲੀ ਦਲ ਦੇ ਸਬੰਧ 1948 ਤੋਂ ਵਿਗੜਨ ਲਗ ਗਏ। ਅਕਾਲੀ ਸੰਵਿਧਾਨ ਵਿਚ ਰਿਆਇਤਾਂ ਸਿਖਾਂ ਲਈ ਮੰਗਦੇ ਸਨ। ਉਹ ਕਾਂਗਰਸ ਵਲੋਂ ਕੀਤੇ ਇਕਰਾਰ ਮੁਕਰਨ ਦਾ ਦੋਸ਼ ਲਗਾਂਦੇ ਸਨ।

ਅਖੀਰ ਮਾਸਟਰ ਤਾਰਾ ਸਿੰਘ ਦੀ ਗਲਬਾਤ ਜੋ ਬਲਦੇਵ ਸਿੰਘ ਡੀਫੈਂਸ ਮੰਤਰੀ ਰਾਹੀਂ ਚਲ ਰਹੀ ਸੀ ਫੇਲ੍ਹ ਹੋ ਗਈ ਸੀ। ਪੰਡਤ ਜਵਾਹਰ ਲਾਲ ਨਹਿਰੂ ਜਲੰਧਰ ਵਿਚ 24 ਫਰਵਰੀ 1948 ਨੂੰ ਇਕ ਜਲਸੇ ਵਿਚ ਬੋਲੇ ਤੇ ਕਿਹਾ ਕਿ ਕਿਸੇ ਕੌਮ ਨੂੰ ਉਹ ਸਪੈਸ਼ਲ ਰਿਆਇਤ ਨਹੀਂ ਦੇ ਸਕਦੇ। ਇਸ ਬਾਰੇ ਉਹਨਾਂ ਦਲੀਲਾਂ ਦਿੱਤੀਆਂ। ਪਰ ਅਕਾਲੀ ਨਾ ਮੰਨੇ। ਨਹਿਰੂ ਦੀਆਂ ਕਈ ਚਿਠੀਆਂ ਜੋ ਬਲਦੇਵ ਸਿੰਘ ਨੂੰ ਲਿਖੀਆ ਹਨ ਛਪ ਚੁੱਕੀਆਂ ਹਨ। ਮਾਸਟਰ ਤਾਰਾ ਸਿੰਘ ਫਰਵਰੀ 1949 ਵਿਚ ਦਿਲੀ ਵਿਚ ਗਿਰਫਤਾਰ ਕਰ ਲਏ ਗਏ। ਭਾਰਤ ਵਿਚ ਉਹ ਪਹਿਲੇ ਸਿਆਸੀ ਆਗੂ ਸਨ ਜੋ ਜੇਲ੍ਹ ਭੇਜੇ ਗਏ ਸਨ। ਅਕਾਲੀ ਕਾਂਗਰਸ ਜੋ ਕਿਸੇ ਵਕਤ ਇਕੱਠੇ ਸਨ ਉਸ ਪਿਛੋਂ ਇਕ ਦੂਜੇ ਵਿਰੁੱਧ ਹੋ ਗਏ ਸਨ। ਜਵਾਹਰ ਲਾਲ ਨਹਿਰੂ ਦਿਲੋਂ ਅਕਾਲੀਆਂ ਦੇ ਹਮਦਰਦ ਰਹੇ ਸਨ। ਉਹਨਾਂ ਬਾਬਾ ਖੜਕ ਸਿੰਘ ਸਾਬਕਾ ਪਰਧਾਨ ਅਕਾਲੀ ਦਲ ਲਈ ਦਿਲੀ ਵਿਚ ਸੜਕ ਦਾ ਨਾਮ ਉਹਨਾਂ ਦੇ ਨਾਂ ਤੇ ਰਖ ਦਿੱਤਾ ਚਿਰ ਪਿੱਛੋਂ ਮਾਸਟਰ ਤਾਰਾ ਸਿੰਘ ਦੇ ਸਨਮਾਨ ਵਿਚ ਹੋਈ ਇਕ ਮਾਰਡਨ ਪਾਰਟੀ ਵਿਚ ਆਪ ਪ੍ਰਧਾਨਗੀ ਕੀਤੀ। ਗੁਰਦੁਆਰਿਆਂ ਲਈ ਨਹਿਰੂ ਤਾਰਾ ਸਿੰਘ ਸਮਝੌਤਾ ਕੀਤਾ।

ਹਰ ਥਾਂ ਮਾਸਟਰ ਤਾਰਾ ਸਿੰਘ ਦੀ ਤਾਰੀਫ਼ ਕਰਦੇ ਸਨ।

ਜਦ ਪੰਜਾਬੀ ਸੂਬੇ ਦੀ ਮੰਗ ਉੱਠੀ ਨਹਿਰੂ ਨੇ ਇਸਨੂੰ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ। ਉਹ ਹਮੇਸ਼ਾਂ ਕਹਿੰਦੇ ਕਿ ਸਮੁਚਾ ਪੰਜਾਬ ਹੀ ਪੰਜਾਬੀ ਹੈ। ਇਸ ਦੀ ਵੰਡ ਦਾ ਨੁਕਸਾਨ ਹੋਵੇਗਾ। ਭਾਰਤ ਨੂੰ ਮਜ਼ਬੂਤ ਖੁਸ਼ਹਾਲ ਪੰਜਾਬ ਦੀ ਲੋੜ ਹੈ। ਉਹ ਪੰਜਾਬੀ ਬੋਲੀ ਦੇ ਹਕ ਵਿਚ ਸਨ। ਨਹਿਰੂ ਨੇ ਆਪਣੇ ਸਾਰੇ ਜੀਵਨ ਵਿਚ ਪੰਜਾਬ ਦੀ ਵੰਡ ਦੇ ਵਿਰੁੱਧ ਸਟੈਂਡ ਕਾਇਮ ਰੱਖਿਆ ਸੀ। 1962 ਵਿਚ ਚੀਨ ਦੀ ਜੰਗ ਵਿਚ ਭਾਰਤ ਦਾ ਨੁਕਸਾਨ ਹੋਇਆ ਸੀ। ਅਸੀਂ ਹਾਰ ਗਏ ਸੀ। ਉਸ ਸਮੇਂ ਮੁੜ ਪੰਜਾਬ ਨੇ ਨਹਿਰੂ ਦਾ ਬਲ ਕਾਇਮ ਕੀਤਾ। ਸਰਕਾਰ ਪ੍ਰਤਾਪ ਸਿੰਘ ਕੈਰੋਂ ਨੇ ਅੰਮ੍ਰਿਤਸਰ ਵਿਚ ਲੱਖਾਂ ਲੋਗ ਕੇਸਰੀ ਪਗੜੀਆਂ ਸਜਾ ਕੇ ਇਕੱਠੇ ਕੀਤੇ ਸੀ, ਨਹਿਰੂ ਉਹਨਾਂ ਨੂੰ ਵੇਖ ਕੇ ਗਦ ਗਦ ਹੋ ਗਏ ਸਨ। ਉਹਨਾਂ ਕਿਹਾ ਕਿ ਪੰਜਾਬ ਸਦੀਆਂ ਤੋਂ ਭਾਰਤ ਦਾ ਰਖਵਾਲਾ ਹੈ। ਅੱਜ ਮੁੜ ਪੰਜਾਬੀ ਭਾਰਤ ਨੂੰ ਬਚਾਉਣ ਲਈ ਅੱਗੇ ਆਏ ਹਨ। ਉਸ ਸਮੇਂ ਲੋਕਾਂ ਨੇ ਸੋਨੇ ਦੇ ਜੇਵਰ ਵੀ ਦਾਨ ਦਿੱਤੇ।

ਸਿਆਸੀ ਹਾਲਤ ਕੁਝ ਵੀ ਹੋਣ ਨਹਿਰੂ ਦਾ ਪੰਜਾਬ ਸੰਬੰਧਾਂ ਦਾ ਚੈਪਟਰ ਇਕ ਇਤਿਹਾਸਕ ਰਹੇਗਾ।

# ਸਿਖਾਂ ਵਿਚ ਏਕਤਾ ਕਿਉਂ ਨਹੀਂ ?

ਅੱਜ ਭਾਰਤ ਵਿਚ 2 ਕਰੋੜ ਸਿਖ ਵਸਦੇ ਹਨ ਤੇ ਵਿਦੇਸ਼ਾਂ ਵਿਚ ਵੀ 30 ਲੱਖ ਦੇ ਕਰੀਬ ਸਿਖ ਪੁੱਜ ਚੁੱਕੇ ਹਨ। ਇਹ ਸਭ ਤੋਂ ਘੱਟ ਉਮਰ ਦੀ ਕੌਮ ਹੈ। ਪੰਜ ਸੌ ਸਾਲ ਇਤਿਹਾਸ ਵਿਚ ਅੱਖ ਫਰਕਣ ਵਾਂਗ ਹੁੰਦੇ ਹਨ - ਇਕੋ ਇਸ਼ਟ ਹੈ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ, ਫਿਰ ਅਜਿਹਾ ਕਿਉਂ ਹੈ ਕਿ ਅਸੀਂ ਹਮੇਸ਼ਾਂ ਬਿਖਰੇ ਰਹਿੰਦੇ ਹਾਂ। ਏਕਤਾ ਦੇ ਨਾਂ ਦੀ ਘਾਟ ਰਹਿੰਦੀ ਹੈ, ਬੜੀ ਅਜੀਬ ਹੈ ਦਾਸਤਾਨ ਸਾਡੀ। ਗੁਰੂਆਂ ਦੇ ਸਮੇਂ ਤੋਂ ਗੁਰੂ ਘਰ ਵਿਚ ਵੱਖਰੀਆਂ ਸੁਰਾਂ ਸੁਣਦੀਆਂ ਸਨ, ਗੁਰਗੱਦੀ ਸਮੇਂ ਕਈ ਭਰਾ ਨਾਰਾਜ਼ ਹੋਏ ਸਨ। ਉਸ ਮਗਰੋਂ ਬੰਦਾ ਬਹਾਦਰ ਗੁਰੂ ਦਾ ਥਾਪੜਾ ਲੈ ਕੇ ਪੰਜਾਬ ਆਇਆ ਸੀ, ਜਿਸ ਨੇ ਸਿਖਾਂ ਨੂੰ ਪਹਿਲਾਂ ਮੁਗਲਾਂ ਕੋਲੋਂ ਖੋਹ ਕੇ ਰਾਜ ਦਿੱਤਾ ਸੀ ਤੇ ਇਕ ਕ੍ਰਾਂਤੀਕਾਰੀ ਤਬਦੀਲੀ ਲਿਆ ਕੇ ਨਕਸ਼ਾ ਬਦਲ ਦਿੱਤਾ ਸੀ, ਉਦੋਂ ਇਸ ਰਾਜਭਾਗ ਨੂੰ ਖ਼ਤਮ ਕਰਨ ਲਈ ਸਿਖਾਂ ਦੀ ਫੁੱਟ ਜਿੰਮੇਵਾਰ ਸੀ।

ਇਹ ਕੌਣ ਸਨ, ਜੋ ਬੰਦਈ ਖਾਲਸਾ ਤੇ ਤੱਤ ਖਾਲਸਾ ਦੇ ਬਾਨੀ ਸਨ? ਉਨ੍ਹਾਂ ਨੇ ਵਿਵਾਦ ਕਿਉਂ ਕਰਵਾਇਆ ਸੀ ਕਿ ਉਹ ਵਧੀਆ ਕੱਪੜੇ ਪਹਿਨਦਾ ਹੈ, ਗੁਰੂਆਂ ਦੀ ਨਕਲ ਕਰਦਾ ਹੈ। ਇਹ ਲੋਕ ਪਹਿਲੇ ਸਿਖ ਰਾਜ ਨੂੰ ਖ਼ਤਮ ਕਰਵਾ ਕੇ ਹੀ ਘਰ ਆਏ ਸਨ। ਉਸ ਮਗਰੋਂ ਖਾਲਸੇ 'ਤੇ ਜ਼ੁਲਮਾਂ ਦਾ ਹੜ੍ਹ ਆ ਗਿਆ। ਮੁਸੀਬਤ ਸਮੇਂ ਅਸੀਂ ਇਕੱਠੇ ਰਹਿੰਦੇ ਹਾਂ, ਇਹ ਗੁਣ ਵੀ ਹੈ। ਫਿਰ ਉੱਠੇ ਤੇ ਮਿਸਲਾਂ ਬਣ ਗਈਆਂ, ਇਨ੍ਹਾਂ ਵਿਚ ਵੀ ਏਕਤਾ ਬੜੀ ਮੁਸ਼ਕਿਲ ਸੀ।

ਸੰਨ 1800 'ਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆ ਗਿਆ। ਖਾਲਸੇ ਦੀ ਸ਼ਾਨ ਹੋ ਗਈ। ਹਰ ਪਾਸੇ ਡੰਕੇ ਵੱਜ ਗਏ। ਉਦੋਂ ਪਟਿਆਲਾ ਆਦਿ ਰਿਆਸਤਾਂ ਵੱਖ ਹੋ ਗਈਆਂ। ਇਨ੍ਹਾਂ ਨੂੰ ਲੈ ਕੇ ਸਾਡੀ ਅੰਗਰੇਜ਼ਾਂ ਨਾਲ ਜੰਗ ਹੋਈ ਤਾਂ ਇਨ੍ਹਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ।

ਅਜ਼ਾਦ ਭਾਰਤ ਵਿਚ ਸਿਖ ਹੋਂਦ ਦੀ ਲੜਾਈ ਮਾਸਟਰ ਤਾਰਾ ਸਿੰਘ ਦੀ ਰਹਿਨੁਮਾਈ ਹੇਠ ਲੜੀ ਗਈ। ਉਦੋਂ ਐਸ. ਸੀ. ਸਿਖਾਂ ਨੂੰ ਰਿਜ਼ਰਵੇਸਨ ਇਸੇ ਲਈ ਹੀ ਮਿਲੀ ਸੀ। ਪੰਜਾਬੀ ਸੂਬਾ ਭਾਵ ਸਿਖ

ਬਹੁਗਿਣਤੀ ਦਾ ਇਲਾਕਾ ਇਸ ਜੰਗ ਵਿਚੋਂ ਹੀ ਨਿਕਲਿਆ ਸੀ। ਫਿਰ ਫੁੱਟ ਦਾ ਵੱਡਾ ਦੌਰ ਸ਼ੁਰੂ ਹੋ ਗਿਆ। ਸੰਤ ਫਤਹਿ ਸਿੰਘ ਨੂੰ ਲੀਡਰ ਬਣਾਉਣ ਲਈ ਹਰ ਸਾਜਿਸ਼ ਰਚੀ ਗਈ, ਮਾਸਟਰ ਤਾਰਾ ਸਿੰਘ ਨੂੰ ਪਿੱਛੇ ਕਰ ਦਿੱਤਾ ਗਿਆ, ਜੱਟ ਤੇ ਗ਼ੈਰ-ਜੱਟ ਦਾ ਵਖਰੇਵਾਂ ਸ਼ੁਰੂ ਕਰ ਦਿੱਤਾ ਗਿਆ। 1966 ਤੋਂ ਪੰਜਾਬੀ ਸੂਬਾ ਬਣਨ ਪਿੱਛੋਂ ਇਸ ਗੱਲ 'ਤੇ ਝਗੜਾ ਕਾਇਮ ਰਿਹਾ ਕਿ ਰਾਜ ਕੌਣ ਕਰੇ? ਅਕਾਲੀ ਸਰਕਾਰ ਵੇਲੇ ਅਕਾਲੀਆਂ ਵਿਚ ਫੁੱਟ ਹਰ ਪਾਸੇ ਨਜ਼ਰ ਆਉਂਦੀ ਸੀ। ਵੱਡੇ ਲੀਡਰ ਜਸਟਿਸ ਗੁਰਨਾਮ ਸਿੰਘ, ਲਛਮਣ ਸਿੰਘ ਗਿੱਲ, ਜੋ ਅਕਾਲੀ ਮੁੱਖ ਮੰਤਰੀ ਬਣੇ , ਬਾਗੀ ਹੋ ਕੇ ਵੱਖ ਹੋਏ ਸਨ। ਲੀਡਰ ਕਾਂਗਰਸ ਦੇ ਹੱਥਾਂ 'ਚ ਖੇਡਣ ਲੱਗ ਪਏ ਸਨ। ਇਹ ਆਰੰਭ ਸੀ ਸਿਖਾਂ ਦੀ ਆਪਸੀ ਫੁੱਟ ਦਾ, ਜੋ ਅਖੀਰ ਸਾਨੂੰ ਇਥੇ ਲੈ ਗਿਆ। ਕਦੇ ਸੋਚੋ ਕਿ ਜੋ 1984 ਦੇ ਦਹਾਕੇ ਵਿਚ ਵਾਪਰਿਆ, ਉਸ ਵਿਚ ਸਿਖ ਫੁੱਟ ਦਾ ਕਿੰਨਾ ਰੋਲ ਸੀ? ਸੰਤ ਹਰਚੰਦ ਸਿੰਘ ਲੌਂਗੋਵਾਲ ਤੇ ਜਰਨੈਲ ਸਿੰਘ ਭਿੰਡਰਾਂਵਾਲਾ ਆਪਸ 'ਚ ਬੋਲਦੇ ਵੀ ਨਹੀਂ ਸਨ। ਇਹ ਸਮਾਂ ਸਿਖਾਂ ਲਈ ਬੜਾ ਦੁਖਦਾਈ ਸੀ ਪਰ ਉਦੋਂ ਕਿੰਨਾ ਬਿਖਰਾਪਣ ਸੀ, ਇਸ 'ਤੇ ਅਸੀਂ ਧਿਆਨ ਨਹੀਂ ਦਿੱਤਾ।

ਅਕਾਲੀ ਪਾਰਟੀ 'ਚ ਫੁੱਟ ਹਮੇਸ਼ਾ ਰਹੀ ਹੈ, ਬਾਦਲ-ਟੌਹੜਾ ਝਗੜਾ ਤੇ ਉਸ ਦੇ ਸਿੱਟੇ ਵਜੋਂ ਸ਼੍ਰੋਮਣੀ ਕਮੇਟੀ ਵਿਚ ਫੁੱਟ ਦਾ ਵਰਣਨ ਇਕ ਕਿਤਾਬ ਰਾਹੀਂ ਹੋ ਸਕਦਾ ਹੈ। ਇਹ ਸਾਡੀ ਕੌਮ ਹੀ ਹੈ। ਸਭ ਤੋਂ ਉੱਚ ਧਾਰਮਿਕ ਸ਼ਕਤੀ ਜਥੇਦਾਰ ਅਕਾਲ ਤਖਤ ਨੂੰ ਪਦਵੀ ਤੋਂ ਵੱਖ ਕੀਤਾ ਜਾਂਦਾ ਹੈ, ਜਦਕਿ ਸਰਕਾਰ ਦਾ ਛੋਟਾ ਮੁਲਾਜਮ ਵੀ ਕੱਢਿਆ ਨਹੀਂ ਜਾ ਸਕਦਾ। ਅਕਾਲ ਤਖਤ ਤੋਂ ਤਨਖਾਹ ਤੇ ਪਦਵੀਆਂ ਸਿਆਸਤ ਦੀ ਖੇਡ ਹਨ। ਸਾਡੇ ਵਿਚ ਕੌਣ ਇਸ 'ਤੇ ਕਿੰਤੂ ਕਰ ਸਕਦਾ ਹੈ? ਤਖਤਾਂ ਦੇ ਜਥੇਦਾਰਾਂ ਦੇ ਹੁਕਮ ਨੂੰ ਕਿਵੇਂ ਮੰਨਵਾਇਆ ਜਾ ਸਕਦਾ ਹੈ। ਲੰਗਰ ਬੈਠ ਕੇ ਛਕੀਏ ਜਾਂ ਮੇਜ਼ 'ਤੇ ਰੱਖ ਕੇ, ਇਸ ਨੂੰ ਲੈ ਕੇ ਕੌਮ ਦੀ ਫੁੱਟ ਵਿਦੇਸ਼ਾਂ 'ਚ ਪਹੁੰਚ ਗਈ ਸੀ। ਗੁਰਦੁਆਰੇ ਜਾਤਾਂ ਦੇ ਨਾਂ 'ਤੇ ਹਰ ਪਾਸੇ ਬਣ ਰਹੇ ਹਨ। ਇਹ ਉਹ ਕੌਮ ਹੈ, ਜਿਸ ਵਿਚ ਜਾਤ-ਪਾਤ ਦੀ ਮਨਾਹੀ ਹੈ। ਕਦੇ ਜੱਥੇਦਾਰਾਂ ਨੇ ਇਸ 'ਤੇ ਟਿੱਪਣੀ ਕੀਤੀ ਹੈ। ਉਹ ਤਾਂ ਇਨ੍ਹਾਂ ਗੁਰਦੁਆਰਿਆਂ 'ਚ ਸਿਰੋਪੇ ਹੀ ਲੈਂਦੇ ਹਨ।

ਜਦ ਤੋਂ ਗੁਰਦੁਆਰਾ ਕਮੇਟੀ ਦੀ ਚੋਣ ਵੋਟਾਂ ਨਾਲ ਹੋਣ ਲੱਗੀ ਹੈ, ਸਿਖਾਂ ਵਿਚ ਸਦੀਵੀ ਫੁੱਟ ਦਾ ਬੀਜ ਦਿੱਤਾ ਗਿਆ ਹੈ। ਅਸੀਂ ਆਪਣੇ ਆਪ ਨੂੰ ਹਮੇਸ਼ਾਂ ਲਈ ਭਰਾ-ਮਾਰੂ ਜੰਗ 'ਚ ਜਕੜ ਲਿਆ ਹੈ। ਹਰ ਕੋਈ

ਪ੍ਰਧਾਨ ਬਣਨ ਲਈ ਹਰ ਹੀਲਾ ਵਰਤਦਾ ਹੈ। ਕੌਮ ਧੜਿਆਂ ਵਿਚ ਵੰਡੀ ਗਈ ਹੈ, ਇਸ ਤੋਂ ਹੁਣ ਅਸੀਂ ਛੁਟਕਾਰਾ ਪਾ ਹੀ ਨਹੀਂ ਸਕਦੇ। ਕੌਣ ਉਠੇਗਾ ਤੇ ਗੁਰਦੁਆਰਾ ਚੋਣ ਸਿਸਟਮ ਨੂੰ ਖਤਮ ਕਰੇਗਾ? ਦੁਨੀਆਂ ਦੇ ਹਰ ਸ਼ਹਿਰ ਵਿਚ ਗੁਰਦੁਆਰਾ ਚੋਣ ਸਾਡਾ ਜਲੂਸ ਕੱਢਦੀ ਹੈ, ਪੁਲਸ ਕਚਹਿਰੀ ਆ ਕੇ ਦਖਲ ਦੇ ਰਹੀ ਹੈ। ਸੇਵਾ ਭਾਵਨਾ ਦੀ ਥਾਂ ਚੌਧਰ ਦੀ ਭੁੱਖ ਕੌਮ ਵਿਚ ਫੁੱਟ ਦਾ ਕਾਰਨ ਹੈ।

ਅੱਜ ਸਭ ਤੋਂ ਵੱਧ ਫੁਟ ਅੰਧ-ਵਿਸ਼ਵਾਸੀ ਸਿਖਾਂ ਕਾਰਨ ਹੈ। ਅਜਿਹੇ ਸਿਖ ਗਰੁੱਪ ਬਣੇ ਹਨ, ਜੋ ਸਿਖੀ ਦੇ ਮੁਰੀਦ ਹਨ। ਮਰ ਮਿਟਣ ਲਈ ਵੀ ਤਿਆਰ ਹਨ ਪਰ ਉਹ ਆਪਣੇ ਜ਼ੋਰ ਨਾਲ ਹਰ ਕੱਚੇ-ਪਿੱਲੇ ਸਿਖ ਨੂੰ ਸਿਖੀ ਤੋਂ ਬਾਹਰ ਕੱਢ ਰਹੇ ਹਨ।

ਸਿੰਧੀ ਸਮਾਜ ਸਦੀਆਂ ਤੋਂ ਗੁਰੂ ਨਾਨਕ ਨਾਮਲੇਵਾ ਹੈ, ਉਨ੍ਹਾਂ ਨੂੰ ਗੁਰਦੁਆਰਾ ਨਹੀਂ ਬਣਾਉਣ ਦਿੰਦੇ। ਅਜਿਹੇ ਗਰੁੱਪ ਵੀ ਸਰਗਰਮ ਹਨ, ਜੋ ਘਰਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਚੁੱਕ ਕੇ ਲਿਜਾ ਰਹੇ ਹਨ। ਨਿਰਮਲਾ ਸਮਾਜ ਸਿਖ ਧਰਮ ਦਾ ਸਦੀਵੀ ਅੰਗ ਰਿਹਾ ਹੈ। ਉਨ੍ਹਾਂ 'ਤੇ ਕਿੰਤੂ-ਪ੍ਰੰਤੂ ਹੋ ਰਿਹਾ ਹੈ। ਨਾਮਧਾਰੀਆਂ ਨੂੰ ਦੂਰ ਕਰਨ ਦਾ ਜ਼ੋਰ ਲਾਇਆ ਜਾ ਰਿਹਾ ਹੈ। ਬਾਬਾ ਸ੍ਰੀਚੰਦ ਦੇ ਉਪਾਸਕ ਨੂੰ ਨੇੜੇ ਨਹੀਂ ਆਉਣ ਦੇਣਾ। ਬਜ਼ੁਰਗਾਂ ਤੇ ਅਪਾਹਜਾਂ ਲਈ ਗੁਰਦੁਆਰੇ 'ਚ ਅਸੀਂ ਬੈਠਣ ਦਾ ਇੰਤਜ਼ਾਮ ਨਹੀਂ ਕਰਾਂਗੇ, ਨੌਜਵਾਨ ਗੁਰਦੁਆਰੇ ਜਾਂਦੇ ਹੀ ਨਹੀਂ, ਬਜ਼ੁਰਗਾਂ ਨੂੰ ਸਹੂਲਤ ਨਹੀਂ, ਫਿਰ ਸਾਡਾ ਰੱਬ ਰਾਖਾ। ਬੜੀਆਂ ਮਿਸਾਲਾਂ ਹਨ। ਦਲਿਤ ਵੀ ਸਾਡੇ ਤੋਂ ਦੂਰ ਜਾ ਚੁੱਕੇ ਹਨ। ਜੋੜਨ ਵਾਲੇ ਚੁੱਪ ਹਨ। ਪਤਿਤ ਲਹਿਰ ਬਾਰੇ ਫਿਕਰ ਹੀ ਨਹੀਂ। ਸਿਖ ਸੂਰਤ ਹੀ ਨਾ ਰਹੀ, ਫਿਰ ਕਿਹੜੀਆਂ ਮੰਗਾਂ ਮੰਗਦੇ ਹੋ, ਪਗੜੀ ਗਾਇਬ ਹੋ ਰਹੀ ਹੈ, ਕੌਣ ਰੋਕੇਗਾ। ਏਕਤਾ ਲਈ ਨਿਯਮ ਬਣਾਓ, ਧਾਰਮਿਕ ਲੀਡਰਸ਼ਿਪ ਅੱਗੇ ਨਿੱਤਰੇ ਤੇ ਇਸ ਵੰਗਾਰ ਨੂੰ ਆਪ ਸੰਭਾਲੇ। ਗੁਰੂ ਦੀ ਆਈ ਬਖਸ਼ਿਸ਼ ਵਾਪਸ ਨਾ ਹੋ ਜਾਵੇ, ਇਸ ਨੂੰ ਕਾਇਮ ਰੱਖੋ - ਗੁਰੂ ਦੇ ਲੜ ਲੱਗ ਕੇ ਕੌਮ ਦੇ ਭਵਿੱਖ ਲਈ ਸੋਚੋ।



ਸ. ਤਰਲੋਚਨ ਸਿੰਘ ਕਿਸੇ ਜਾਣ-ਪਛਾਣ ਦਾ ਮੁਹਤਾਜ ਨਹੀਂ। ਇੱਕ ਸਫਲ ਪ੍ਰਸ਼ਾਸ਼ਕ, ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਪ੍ਰੱਤੀਬੱਧ, ਦ੍ਰਿੜ੍ਹ ਤੇ ਦੂਰ ਦ੍ਰਿਸ਼ਟੀ ਵਾਲੇ ਪਾਰਲੀਆਮੈਂਟੇਰੀਅਨ ਅਤੇ ਸਮੇਂ ਤੇ ਹਾਲਾਤ ਅਨੁਸਾਰ ਨਵੇਂ ਵਿਚਾਰਾਂ ਨੂੰ ਪੇਸ਼ ਕਰਨ ਵਾਲੇ ਨਿਧੱੜਕ ਲੇਖਕ, ਸਿੱਖ ਅਤੇ ਪੰਜਾਬੀ ਜਗਤ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਜਗਤ ਵਿਚ ਆਪਣੀ ਪੈਂਠ ਬਣਾਕੇ ਹੱਕ ਤੇ ਸੱਚ ਤੇ ਪਹਿਰਾ ਦੇਣ ਵਾਲੇ ਵਿਅਕਤੀ ਹਨ। ਉਹ ਗਾਹੇ ਬਗਾਹੇ ਸਿੱਖਾਂ ਨੂੰ ਦਰਪੇਸ਼ ਮਸਲਿਆਂ ਬਾਰੇ ਬੇਬਾਕ ਰਾਏ ਦਿੰਦੇ ਰਹਿੰਦੇ ਹਨ। ਸ. ਤਰਲੋਚਨ ਸਿੰਘ ਦਾ ਜੀਵਨ, ਸ਼ਖ਼ਸੀਅਤ ਅਤੇ ਕਿਰਦਾਰ ਪੰਥ ਪ੍ਰਸਤ ਹੈ ਪ੍ਰੰਤੂ ਇਸ ਪੰਥ ਪ੍ਰਸਤੀ ਵਿਚ ਬੇਲੋੜੀ ਰੂੜੀਵਾਦੀ ਸੋਚ ਨਹੀਂ, ਸਗੋਂ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਪ੍ਰਸਥਿਤੀਆਂ ਦੇ ਬਦਲਦੇ ਪਰਿਪੇਖ ਬਾਰੇ ਮੌਜੂਦਾ ਹਾਲਾਤ ਮੁਤਾਬਕ ਲਿਖਣ ਦੀ ਹਿੰਮਤ ਰੱਖਣ ਵਾਲਾ ਦਲੇਰ ਇਨਸਾਨ ਹੈ। ਸਿੱਖ ਭਾਈਚਾਰੇ, ਸਿੱਖ ਧਰਮ ਅਤੇ ਦੇਸ਼ ਵਿਦੇਸ਼ ਵਿਚ ਸਿੱਖ ਮਸਲਿਆਂ ਨੂੰ ਉਹ ਤਾਰਕਿਕ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦੇ ਸਮਰੱਥ ਹੈ।

ਨਿਰਸੰਦੇਹ ਸ. ਤਰਲੋਚਨ ਸਿੰਘ ਦਾ ਅਮਲੀ ਪੱਧਰ ਤੇ ਕੌਮ ਪ੍ਰਤੀ, ਬਚਨਵੱਧਤਾ ਅਤੇ ਇਸਨੂੰ ਵੱਖ-ਵੱਖ ਰੂਪਾਂ ਵਿਚ ਸੰਚਾਰਤ ਕਰਨ ਦੀ ਚੇਸ਼ਟਾ ਦੇ ਫਲਸਰੂਪ ਹੀ ਸਿੱਖ ਸਮਾਜ ਦੇ ਭਖ਼ਦੇ ਮਸਲੇ ਪੁਸਤਕ ਦਾ ਜਨਮ ਹੋਇਆ ਹੈ ਜੋ ਸਿੱਖ ਮਸਲਿਆਂ ਲਈ ਲਾਹੇਵੰਦ ਸਾਬਤ ਹੋਵੇਗਾ।

**ਸ.ਪ.ਸਿੰਘ**
ਸਾਬਕਾ ਉਪ-ਕੁਲਪਤੀ

Designed by : Baljinder Singh
Patiala. (Pb.) 092167-29598